26-NOV-PAGE-1.qxd 11/25/2025 9:15 PM Page 1

ਬੁੱਧਵਾਰ, 26 ਨਵੰਬਰ, 2025
11 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 176

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • WEDNESDAY, 26 NOVEMBER, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12






# ਗੁਰੂ ਤੇਗ ਬਹਾਦਰ ਦੇ ਨਾਂਅ ’ਤੇ ਯੂਨੀਵਰਸਿਟੀ ਬਣੇਗੀ : ਮਾਨ

## ਤਲਵੰਡੀ ਸਾਬੋ ਤੇ ਆਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਮੁਫ਼ਤ ਈ-ਰਿਕਸ਼ਾ ਜਾਂ ਮਿੰਨੀ ਬੱਸ ਸੇਵਾ ਸ਼ੁਰੂ ਹੋਵੇਗੀ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਇੱਥੇ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਮਾਨ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ ਨਾਂਅ ’ਤੇ ਸ੍ਰੀ ਆਨੰਦਪੁਰ ਸਾਹਿਬ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮਾਨ ਨੂੰ ਆਨੰਦਪੁਰ ਸਾਹਿਬ ਵਿੱਚ ਇੱਕ ਵਿਸ਼ਵ ਪੱਧਰੀ ਵਿੱਦਿਅਕ ਸੰਸਥਾ ਸਥਾਪਤ ਕਰਨ ਦਾ ਐਲਾਨ ਕਰਨ ਦੀ ਅਪੀਲ ਕੀਤੀ ਸੀ। ਮਾਨ ਨੇ ਅੱਗੇ ਐਲਾਨ ਕੀਤਾ ਕਿ ਅੰਮ੍ਰਿਤਸਰ, ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਅਤੇ ਰੂਪਨਗਰ ਜ਼ਿਲ੍ਹੇ ਦੇ ਆਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਲੋਕਾਂ ਲਈ ਮੁਫ਼ਤ ਈ-ਰਿਕਸ਼ਾ ਜਾਂ ਮਿੰਨੀ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ। ਮਾਨ ਨੇ ਅੱਗੇ ਕਿਹਾ ਕਿ ਮੁਫ਼ਤ ਈ-ਰਿਕਸ਼ਾ ਜਾਂ ਮਿੰਨੀ ਬੱਸ ਸੇਵਾ ’ਤੇ ਆਉਣ ਵਾਲਾ ਖਰਚਾ ਸੂਬਾ ਸਰਕਾਰ ਸਹਿਣ ਕਰੇਗੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਆਨੰਦਪੁਰ ਸਾਹਿਬ ਵਿੱਚ ਇੱਕ ਵਿਰਾਸਤੀ ਗਲੀ ਵੀ ਬਣਾਈ ਜਾਵੇਗੀ। ਇਹ ਤਾਜ਼ਾ ਐਲਾਨ ਪੰਜਾਬ ਵਿਧਾਨ ਸਭਾ ਵੱਲੋਂ ਆਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਅੰਮ੍ਰਿਤਸਰ ਵਿੱਚ ਗਲਿਆਰੇ ਨੂੰ ਸਰਬਸੰਮਤੀ ਨਾਲ ਪਵਿੱਤਰ ਸ਼ਹਿਰ ਐਲਾਨਣ ਦੇ ਇੱਕ ਦਿਨ ਬਾਅਦ ਆਏ ਹਨ। ਸੋਮਵਾਰ ਨੂੰ ਮਾਨ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਅੰਮ੍ਰਿਤਸਰ ਦੇ ਕੰਧ ਵਾਲੇ ਸ਼ਹਿਰ, ਤਲਵੰਡੀ ਸਾਬੋ ਅਤੇ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਵੇਗੀ। ਇਨ੍ਹਾਂ ਸ਼ਹਿਰਾਂ ਵਿੱਚ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ • ਬਾਕੀ ਸਫਾ 2 ’ਤੇ

## ਅੱਜ ਵਿਸ਼ੇਸ਼ ਵਿਦਿਆਰਥੀ ਸੈਸ਼ਨ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ 26 ਨਵੰਬਰ ਨੂੰ ਵਿਸ਼ੇਸ਼ ਵਿਦਿਆਰਥੀ ਸੈਸ਼ਨ ਕਰਵਾਇਆ ਜਾ ਰਿਹਾ ਹੈ। ਸੰਧਵਾਂ ਨੇ ਕਿਹਾ ਕਿ ਜਦੋਂ ਕੋਈ ਸਰਕਾਰ ਇਹ ਸੰਕਲਪ ਕਰਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿਰਫ਼ ਪੜ੍ਹਾਵਾਂਗੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਜਿਊਣਾ ਵੀ ਸਿਖਾਵਾਂਗੇ ਤਾਂ ਸਿੱਖਿਆ ਪਾਠ-ਪੁਸਤਕਾਂ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਇਕ ਇਨਕਲਾਬ ਦਾ ਰੂਪ ਧਾਰ ਲੈਂਦੀ ਹੈ। ਅੱਜ ਉਹੀ ਇਨਕਲਾਬ ਪੰਜਾਬ ਦੀ ਧਰਤੀ ’ਤੇ ਜਨਮ ਲੈ ਚੁੱਕਾ ਹੈ। ਇਸ ਇਤਿਹਾਸਕ ਮੋੜ ਦੇ ਤਹਿਤ, ਪਹਿਲੀ ਵਾਰ ਵਿਧਾਨ ਸਭਾ ਸ੍ਰੀ ਅਨੰਦਪੁਰ ਸਾਹਿਬ ’ਚ 26 ਨਵੰਬਰ, ਨੂੰ ਕੌਮੀ ਸੰਵਿਧਾਨ ਦਿਵਸ ਉੱਤੇ ਵਿਸ਼ੇਸ਼ ਵਿਦਿਆਰਥੀ ਸੈਸ਼ਨ ਆਯੋਜਿਤ ਕੀਤਾ ਜਾ ਰਿਹਾ ਹੈ।

# ਧਾਰਮਕ ਰਸਮਾਂ ’ਚ ਸ਼ਾਮਲ ਨਾ ਹੋਣ ਵਾਲੇ ਲੈਫਟੀਨੈਂਟ ਦੀ ਬਰਖਾਸਤਗੀ ਬਰਕਰਾਰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਪੰਜਾਬ ਦੇ ਇੱਕ ਕੈਂਟ ਖੇਤਰ ਵਿੱਚ ਰੈਜੀਮੈਂਟਲ ‘ਸਰਬ ਧਰਮ’ ਰਸਮ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਨ ’ਤੇ ਇੱਕ ਈਸਾਈ ਫੌਜੀ ਅਧਿਕਾਰੀ ਦੀ ਬਰਖਾਸਤਗੀ ਨੂੰ ਬਰਕਰਾਰ ਰੱਖਿਆ ਅਤੇ ਇਸ ਨੂੰ ਸਭ ਤੋਂ ਵੱਡੀ ਕਿਸਮ ਦੀ ਅਨੁਸ਼ਾਸਨਹੀਣਤਾ ਕਰਾਰ ਦਿੱਤਾ। ਲੈਫਟੀਨੈਂਟ ਸੈਮੂਅਲ ਕਮਲੇਸਨ - ਜੋ ਸਿੱਖ, ਜੱਟ ਅਤੇ ਰਾਜਪੂਤ ਜਵਾਨਾਂ ਦੀ ਕਮਾਂਡ ਕਰ ਰਹੇ ਸਨ, ਨੇ ਕਥਿਤ ਤੌਰ ’ਤੇ ‘ਸਰਬ ਧਰਮ ਸਥਲ’ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉੱਥੇ ਇੱਕ ਗੁਰਦੁਆਰਾ ਅਤੇ ਇੱਕ ਮੰਦਰ ਵੀ ਸੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਉਸ ਦੀ ਅਰਜ਼ੀ ਖਾਰਜ ਕਰਦੇ ਹੋਏ ਕਿਹਾ, “ਉਹ ਕਿਸ ਤਰ੍ਹਾਂ ਦਾ ਸੰਦੇਸ਼ ਦੇ ਰਿਹਾ ਹੈ... ਉਸ ਨੂੰ ਸਿਰਫ਼ ਇਸ ਲਈ ਹੀ ਕੱਢ ਦੇਣਾ ਚਾਹੀਦਾ ਸੀ... ਇੱਕ ਫੌਜੀ ਅਧਿਕਾਰੀ ਵੱਲੋਂ ਇਹ ਸਭ ਤੋਂ ਵੱਡੀ ਕਿਸਮ ਦੀ ਅਨੁਸ਼ਾਸਨਹੀਣਤਾ ਹੈ। ਬੈਂਚ ਨੇ ਨੋਟ ਕੀਤਾ ਕਿ ਉਸ ਨੇ ਇੱਕ ਪਾਦਰੀ ਵੱਲੋਂ ਸਲਾਹ ਦਿੱਤੇ ਜਾਣ ਤੋਂ ਬਾਅਦ ਵੀ ਸਰਬ ਧਰਮ ਰਸਮ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸੀ ਜੇ ਆਈ ਨੇ ਕਿਹਾ, ਜੇਕਰ ਇੱਕ ਫੌਜੀ ਅਧਿਕਾਰੀ ਦਾ ਇਹ ਰਵੱਈਆ ਹੈ, ਤਾਂ ਫਿਰ ਕੀ ਕਹੀਏ! ਲੈਫਟੀਨੈਂਟ ਕਮਲੇਸਨ - ਜੋ 2017 ਵਿੱਚ ਭਾਰਤੀ ਫੌਜ ਵਿੱਚ ਸ਼ਾਮਲ ਹੋਏ ਸਨ ਅਤੇ ਥਰਡ ਕੈਵਲਰੀ ਰੈਜੀਮੈਂਟ ਵਿੱਚ ਸੇਵਾ ਕਰ ਰਹੇ ਸਨ, ਨੇ ਗੁਰਦੁਆਰਾ/ਮੰਦਰ ਦੇ ਗਰਭਗ੍ਰਹਿ ਵਿੱਚ ਦਾਖਲ ਹੋ ਕੇ ਧਾਰਮਿਕ ਰਸਮ ਨਿਭਾਉਣ ਤੋਂ ਛੋਟ ਦੀ ਮੰਗ ਕੀਤੀ ਸੀ, ਇਹ ਦਲੀਲ ਦਿੰਦੇ ਹੋਏ ਕਿ ਇਹ ਉਸ ਦੇ ਪ੍ਰੋਟੈਸਟੈਂਟ ਈਸਾਈ ਵਿਸ਼ਵਾਸ ਦੇ ਵਿਰੁੱਧ ਸੀ। ਉਸ ਨੂੰ 2021 ਵਿੱਚ ਇਸ ਆਧਾਰ ’ਤੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਕਿ ਉਸ ਦੇ ਇਨਕਾਰ ਨੇ ਯੂਨਿਟ ਦੀ ਇਕਜੁੱਟਤਾ ਅਤੇ ਫੌਜੀਆਂ ਦੇ ਮਨੋਬਲ ਨੂੰ ਕਮਜ਼ੋਰ ਕੀਤਾ ਹੈ। ਦਿੱਲੀ ਹਾਈ ਕੋਰਟ ਨੇ ਇਸ ਸਾਲ 30 ਮਈ ਨੂੰ ਉਸ ਦੀ ਬਰਖਾਸਤਗੀ ਨੂੰ ਬਰਕਰਾਰ ਰੱਖਿਆ ਸੀ। ਪਟੀਸ਼ਨਰ ਅਧਿਕਾਰੀ ਵੱਲੋਂ ਸੀਨੀਅਰ ਵਕੀਲ ਗੋਪਾਲ ਸੰਕਰਨਾਰਾਇਣਨ ਨੇ ਦਲੀਲ ਦਿੱਤੀ ਕਿ ਉਹ ਗਰਭ ਗ੍ਰਹਿ ਵਿੱਚ ਦਾਖਲ ਹੋਣ ਲਈ ਤਿਆਰ ਸੀ, ਪਰ ਉਸ ’ਤੇ ਕੋਈ ਰਸਮ ਜ਼ਬਰਦਸਤੀ ਨਹੀਂ ਕੀਤੀ ਜਾਣੀ ਚਾਹੀਦੀ। ਉਸ ਨੇ ਦਲੀਲ ਦਿੱਤੀ, ਮੈਨੂੰ ਕਿਸੇ ਦੇਵਤੇ ਦੀ ਪੂਜਾ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਇੰਨੀ ਆਜ਼ਾਦੀ ਦੀ ਇਜਾਜ਼ਤ ਦਿੰਦਾ ਹੈ। ਇਹ ਦਲੀਲ ਦਿੰਦੇ ਹੋਏ ਕਿ ਇਹ ਮੁੱਦਾ ਸਿਰਫ਼ ਇੱਕ ਸੀਨੀਅਰ ਅਧਿਕਾਰੀ ਵੱਲੋਂ ਪੈਦਾ ਕੀਤਾ ਗਿਆ ਸੀ, ਸੀਨੀਅਰ ਵਕੀਲ ਨੇ ਕਿਹਾ, ਉਸ ਦੇ ਕਮਾਂਡੈਂਟ ਨੇ ਉਸ ਨੂੰ ਮਜਬੂਰ ਕੀਤਾ... ਉਸ ਨੇ ਜ਼ੋਰ ਪਾਇਆ। ਇਸ ਇੱਕ ਆਦਮੀ ਨੇ ਵਾਰ-ਵਾਰ ਜ਼ੋਰ ਪਾਇਆ... ਮੈਂ ਕਿਹਾ ਕਿ ਮੈਂ ਸਿਰਫ਼ ਉਦੋਂ ਹੀ ਦਾਖਲ ਨਹੀਂ ਹੋਵਾਂਗਾ ਜਦੋਂ ਅਜਿਹੀ ਧਾਰਮਿਕ ਰਸਮ ਹੁੰਦੀ ਹੈ। ਇਤਰਾਜ਼ਯੋਗ ਫੈਸਲਾ ਸੀਨੀਅਰ ਦੇ ਹੁਕਮ ਦੀ ਅਵੱਗਿਆ ਕਰਨ ਬਾਰੇ ਹੈ... (ਧਾਰਮਿਕ) ਰਸਮ ਨੂੰ ਮੇਰੇ ’ਤੇ ਜ਼ਬਰਦਸਤੀ ਲਾਗੂ ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਬੈਂਚ ਨੂੰ ਯਕੀਨ ਨਹੀਂ ਹੋਇਆ। ਬੈਂਚ ਨੇ ਕਿਹਾ, “ਗੁਰਦੁਆਰਾ ਸਭ ਤੋਂ ਵੱਧ ਧਰਮ ਨਿਰਪੱਖ ਸਥਾਨਾਂ ਵਿੱਚੋਂ ਇੱਕ ਹੈ। ਜਿਸ ਤਰੀਕੇ ਨਾਲ ਉਹ ਵਿਵਹਾਰ ਕਰ ਰਿਹਾ ਹੈ, ਕੀ ਉਹ ਦੂਜੇ ਧਰਮਾਂ ਦਾ ਅਪਮਾਨ ਨਹੀਂ ਕਰ ਰਿਹਾ? ਧਾਰਮਿਕ ਹਉਮੈ ਇੰਨੀ ਉੱਚੀ ਹੈ ਕਿ ਉਹ ਦੂਜਿਆਂ ਦੀ ਪਰਵਾਹ ਨਹੀਂ ਕਰਦਾ।

# ਕਾਰਪੋਰੇਟ ਘਰਾਣੇ ਆਰਥਕ ਵਸੀਲਿਆਂ ’ਤੇ ਕਾਬਜ਼ ਹੋਣ ਲਈ ਤਰਲੋਮੱਛੀ : ਅਰਸ਼ੀ/ਸੋਹਲ

## ਚੌਹਾਨ ਲਗਾਤਾਰ ਪੰਜਵੀਂ ਵਾਰ ਜ਼ਿਲ੍ਹਾ ਸਕੱਤਰ, ਐਡਵੋਕੇਟ ਉੱਡਤ ਤੇ ਵੇਦ ਪ੍ਰਕਾਸ਼ ਬਣੇ ਸਹਾਇਕ ਸਕੱਤਰ



**ਮਾਨਸਾ (ਆਤਮਾ ਸਿੰਘ ਪਮਾਰ)**

ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਦੀ 25 ਵੀਂ ਜ਼ਿਲ੍ਹਾ ਡੈਲੀਗੇਟ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਰੂਪ ਸਿੰਘ ਢਿੱਲੋਂ, ਸਾਧੂ ਸਿੰਘ ਰਾਮਾਨੰਦੀ ਤੇ ਅਰਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਸਫਲਤਾਪੂਰਵਕ ਸੰਪੰਨ ਹੋਈ। ਕਾਨਫਰੰਸ ਦੀ ਸ਼ੁਰੂਆਤ ’ਚ ਵਿਛੜੇ ਸਾਥੀਆਂ ਦੀ ਯਾਦ ਵਿੱਚ ਸ਼ੋਕ ਮਤਾ ਰੱਖ ਕੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਕਾਨਫਰੰਸ ਦਾ ਉਦਘਾਟਨ ਕਰਦਿਆ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਨਰਿੰਦਰ ਕੌਰ ਸੋਹਲ ਨੇ ਕਿਹਾ ਕਿ ਫਾਸ਼ੀਵਾਦੀ ਤਾਕਤਾਂ ਲੋਕਤੰਤਰੀ ਪ੍ਰਣਾਲੀ ਨੂੰ ਮਲੀਆਮੇਟ ਕਰਕੇ ਭਾਰਤੀ ਸੰਵਿਧਾਨ ਨੂੰ ਹਟਾ ਕੇ ਮਨੂੰ ਸਿਮਰਤੀ ਅਧਾਰਤ ਸਮਾਜ ਸਿਰਜਣ ਲਈ ਉਤਾਵਾਲੀਆਂ ਹਨ ਤੇ ਸੰਵਿਧਾਨਕ • ਬਾਕੀ ਸਫਾ 2 ’ਤੇ

## ਰੁਗ ਗਏ ਗੰਢੇ

**ਇੰਦੌਰ** : ਮੱਧ ਪ੍ਰਦੇਸ਼ ਦੇ ਮਾਲਵਾ-ਨਿਮਾਰ ਖੇਤਰ ਦੀਆਂ ਮੰਡੀਆਂ ’ਚ ਪਿਆਜ਼ 1 ਤੋਂ 10 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ, ਜਦੋਂ ਕਿ ਇਸ ਦੇ ਉਤਪਾਦਨ ਦੀ ਲਾਗਤ 10-12 ਰੁਪਏ ਹੈ। ਇਸ ਤੋਂ ਨਿਰਾਸ਼ ਹੋ ਕੇ ਕਿਸਾਨਾਂ ਨੇ ਆਪਣੀ ਫ਼ਸਲ ਦਾ ‘ਅੰਤਿਮ ਸੰਸਕਾਰ’ ਕਰ ਦਿੱਤਾ। ਪ੍ਰਤੱਖ ਤੌਰ ’ਤੇ ਨਾਰਾਜ਼ ਦੇਵੀ ਲਾਲ ਵਿਸ਼ਵਕਰਮਾ ਨੇ ਕਿਹਾ, “ਪਿਆਜ਼ ਸਾਡੇ ਬੱਚਿਆਂ ਵਾਂਗ ਹਨ, ਸਰਕਾਰ ਸਾਡੀ ਲਾਗਤ ਵੀ ਨਹੀਂ ਦੇ ਰਹੀ।” ਇਹ ਸਭ 25 ਫੀਸਦੀ ਨਿਰਯਾਤ ਡਿਊਟੀ ਕਾਰਨ ਪੈਦਾ ਹੋਇਆ ਹੈ, ਜੋ ਭਾਰਤੀ ਪਿਆਜ਼ਾਂ ਨੂੰ ਵਿਸ਼ਵ ਪੱਧਰ ’ਤੇ ਗੈਰ-ਪ੍ਰਤੀਯੋਗੀ ਬਣਾਉਂਦਾ ਹੈ। ਇਸ ਕਾਰਨ ਨਿਰਯਾਤ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ ਸਟਾਕ ਭਰ ਚੁੱਕੇ ਹਨ ਅਤੇ ਕੀਮਤਾਂ ਹੇਠਾਂ ਆ ਗਈਆਂ ਹਨ। ਵਿਰੋਧ ਕਰ ਰਹੇ ਕਿਸਾਨ ਬਦਰੀ ਲਾਲ ਧਾਕੜ ਨੇ ਚੇਤਾਵਨੀ ਦਿੱਤੀ, “ਅਸੀਂ ਸਿਰਫ ਪੈਸਾ ਹੀ ਨਹੀਂ ਗੁਆ ਰਹੇ, ਅਸੀਂ ਆਪਣਾ ਭਵਿੱਖ ਗੁਆ ਰਹੇ ਹਾਂ।” ਉਨ੍ਹਾਂ ਦਾ ਦਾਅਵਾ ਹੈ ਕਿ ਵਾਰ-ਵਾਰ ਅਪੀਲਾਂ ਦੇ ਬਾਵਜੂਦ ਕੇਂਦਰ ਨੇ ਨਿਰਯਾਤ ਡਿਊਟੀ ਘੱਟ ਨਹੀਂ ਕੀਤੀ ਹੈ। ਮੰਦਸੌਰ ਦੇ ਕਿਸਾਨਾਂ ਨੇ ਚੇਤਾਵਨੀ ਦਿੱਤੀ ਕਿ ‘ਅੰਤਿਮ ਯਾਤਰਾ’ ਸਿਰਫ ਸ਼ੁਰੂਆਤ ਹੈ।

# ਮੋਦੀ ਵੱਲੋਂ ਵਿਸ਼ੇਸ਼ ਸਿੱਕਾ ਤੇ ਯਾਦਗਾਰੀ ਡਾਕ ਟਿਕਟ ਜਾਰੀ



**ਕੁਰੂਕਸ਼ੇਤਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਮੰਗਲਵਾਰ ਨੂੰ ਵਿਸ਼ੇਸ਼ ਸਿੱਕਾ ਅਤੇ ਯਾਦਗਾਰੀ ਡਾਕ ਟਿਕਟ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਸੱਚ, ਨਿਆਂ, ਵਿਸ਼ਵਾਸ ਦੀ ਰੱਖਿਆ ਨੂੰ ਆਪਣਾ ਧਰਮ ਮੰਨਿਆ ਤੇ ਇਸ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਮੋਦੀ ਹਰਿਆਣਾ ਦੇ ਕੁਰੂਕਸ਼ੇਤਰ ਪੁੱਜੇ ਜਿਥੇ ਉਨ੍ਹਾਂ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਵਸ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ ’ਤੇ ਚੱਲਣ ਲਈ ਪ੍ਰੇਰਿਆ।

# ਕੁਲਵੰਤ ਸਿੰਘ ਮੌਲਵੀਵਾਲਾ ਸਰਬ-ਸੰਮਤੀ ਨਾਲ ਜ਼ਿਲ੍ਹਾ ਪਟਿਆਲਾ ਦੇ ਸਕੱਤਰ ਬਣੇ

## ਧਾਲੀਵਾਲ ਤੇ ਨਿਹਾਲਗੜ੍ਹ ਵੱਲੋਂ ਅਜਲਾਸ ’ਚ ਅਬਜ਼ਰਵਰ ਵਜੋਂ ਸ਼ਿਰਕਤ



**ਪਟਿਆਲਾ** : ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਕੌਂਸਲ ਪਟਿਆਲਾ ਦਾ ਜਨਰਲ ਇਜਲਾਸ ਕਾਮਰੇਡ ਭਗਵਾਨ ਸਿੰਘ ਅਣਖੀ ਭਵਨ ਪਟਿਆਲਾ ਵਿਖੇ ਰਜਿੰਦਰ ਸਿੰਘ ਰਾਜਪੁਰਾ, ਉੱਤਮ ਸਿੰਘ ਬਾਗੜੀ ਅਤੇ ਰਾਮ ਚੰਦ ਚੁਨਾਗਰਾ ਦੀ ਪ੍ਰਧਾਨਗੀ ਹੇਠ ਹੋਇਆ। ਇਸ ਜਨਰਲ ਇਜਲਾਸ ਦੌਰਾਨ ਸੂਬਾ ਕਮੇਟੀ ਵੱਲੋਂ ਅਬਜ਼ਰਬਰਾਂ ਵਜੋਂ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਅਤੇ ਕਾਮਰੇਡ ਬਲਦੇਵ ਸਿੰਘ ਨਿਹਾਲਗੜ੍ਹ ਨੇ ਸ਼ਿਰਕਤ ਕੀਤੀ। ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਨੇ ਅਦਾ ਕਰਕੇ ਡੈਲੀਗੇਟ ਇਜਲਾਸ ਦੀ ਰਸਮੀ ਸ਼ੁਰੂਆਤ ਕੀਤੀ। ਇਜਲਾਸ ਦੌਰਾਨ ਜ਼ਿਲ੍ਹੇ ਨਾਲ ਸੰਬੰਧਤ ਵੱਖ-ਵੱਖ ਬਲਾਕਾਂ ਵੱਲੋਂ 70 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲੈਂਦਿਆਂ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੂੰ ਸਰਬ-ਸੰਮਤੀ ਨਾਲ ਜ਼ਿਲ੍ਹਾ ਪਟਿਆਲਾ ਦਾ ਸਕੱਤਰ ਚੁਣਿਆ।

ਜਨਰਲ ਇਜਲਾਸ ਨੂੰ ਸੰਬੋਧਨ ਕਰਦਿਆਂ ਕਾਮਰੇਡ • ਬਾਕੀ ਸਫਾ 2 ’ਤੇ

## ਅੱਜ-ਨਾਮਾ

ਫੁੱਟਿਆ ਲਾਵਾ ਹੈ ਦੂਰ ਦੇ ਮੁਲਕ ਅੰਦਰ,
ਉਹਦੀ ਰਾਖ ਪਹੁੰਚੀ ਦਿੱਲੀ ਆਣ ਮੀਆਂ।
ਦਿੱਲੀ ਪਹਿਲਾਂ ਪਰਦੂਸ਼ਣ ਦੇ ਵਿੱਚ ਫਾਥੀ,
ਕਰੇਗਾ ਹੋਰ ਦਿੱਸੇ ਇਹ ਵੀ ਘਾਣ ਮੀਆਂ।
ਕੀਤੜੀ ਸਾਇੰਸ ਤਰੱਕੀ ਤਾਂ ਬੜੀ ਬੇਸ਼ੱਕ,
ਕਰਦੇ ਲੋਕ ਇਸ ਦਾ ਬਹੁਤ ਮਾਣ ਮੀਆਂ।
ਅਗੇਤਾ ਪਤਾ ਵੀ ਇਹਦਾ ਨਾ ਕਦੀ ਲੱਗਾ,
ਲਾ ਕੇ ਵੇਖ ਲਿਆ ਸਾਰਾ ਹੈ ਤਾਣ ਮੀਆਂ।
ਕਰਦੇ ਦਾਅਵੇ ਤਾਂ ਨਿੱਤ ਆ ਮਾਹਰ ਭਾਵੇਂ,
ਮਿਲਦੇ ਨੇ ਪੜ੍ਹਨ ਨੂੰ ਜਿਵੇਂ ਹਮੇਸ਼ ਮੀਆਂ।
ਸੱਚੀ ਗੱਲ ਕਿ ਲਾਇਆ ਈ ਤਾਣ ਬੇਸ਼ੱਕ,
ਮੂਹਰੇ ਕੁਦਰਤ ਦੇ ਜਾਂਦੀ ਨਾ ਪੇਸ਼ ਮੀਆਂ।

-ਤੀਸ ਮਾਰ ਖਾਂ

# ਕਸਤੂਰੀ ਮਿਰਗ ਦੇ ਸੱਤ ਦਹਾਕਿਆਂ ਬਾਅਦ ਦਰਸ਼ਨ



**ਕੋਲਕਾਤਾ** : ਵਿਗਿਆਨੀਆਂ ਨੇ ਪੱਛਮੀ ਬੰਗਾਲ ਦੇ ਨਿਓਰਾ ਵੈਲੀ ਨੈਸ਼ਨਲ ਪਾਰਕ ਵਿੱਚ ਕਸਤੂਰੀ ਮਿਰਗ ਪਾਏ ਜਾਣ ਦੀਆਂ ਤਸਵੀਰਾਂ ਪੇਸ਼ ਕੀਤੀਆਂ ਹਨ। ਕਰੀਬ ਸੱਤ ਦਹਾਕਿਆਂ ਤੋਂ ਇਹ ਵਿਸ਼ਵਾਸ ਕੀਤਾ ਜਾ ਰਿਹਾ ਸੀ ਕਿ ਇਹ ਮਿਰਗ ਖਤਮ ਹੋ ਗਏ ਹਨ। ਕੈਂਬ੍ਰਿਜ ਯੂਨੀਵਰਸਿਟੀ ਪ੍ਰੈੱਸ ਇੰਡੀਆ ਜਰਨਲ ਵਿੱਚ ਪ੍ਰਕਾਸ਼ਤ ਅਧਿਐਨ ਵਿੱਚ ਇਸ ਦੀ ਪੁਸ਼ਟੀ ਕੀਤੀ ਗਈ ਹੈ। ਮਿਰਗ ਦੀਆਂ ਇਹ ਤਸਵੀਰਾਂ 17 ਦਸੰਬਰ 2024 ਵਿੱਚ ਲਈਆਂ ਗਈਆਂ ਸਨ। ਇਲਾਕੇ ਵਿੱਚ ਕਈ ਥਾਈਂ ਕੈਮਰੇ ਲਾ ਕੇ ਇਨ੍ਹਾਂ ਦਾ ਪਤਾ ਲਾਇਆ ਗਿਆ। ਖੋਜੀਆਂ ਦਾ ਕਹਿਣਾ ਹੈ ਕਿ ਤਸਵੀਰਾਂ ਇਸ ਕਰਕੇ ਬਹੁਤੀਆਂ ਸਾਫ ਨਹੀਂ ਆਈਆਂ, ਕਿਉਂਕਿ ਇਹ ਮਿਰਗ ਰਾਤ ਨੂੰ ਨਜ਼ਰ ਆਏ।

## ਭਾਰਤ ਦੀ ਬੈਲਜੀਅਮ ਹੱਥੋਂ ਹਾਰ

**ਇਪੋਹ** : ਭਾਰਤ ਮੰਗਲਵਾਰ ਇੱਥੇ ਮੀਂਹ ਨਾਲ ਪ੍ਰਭਾਵਤ ਸੁਲਤਾਨ ਅਜ਼ਲਾਨ ਸ਼ਾਹ ਕੱਪ ਹਾਕੀ ਟੂਰਨਾਮੈਂਟ ਦੇ ਆਪਣੇ ਦੂਜੇ ਮੈਚ ਵਿੱਚ ਬੈਲਜੀਅਮ ਹੱਥੋਂ 2 ਦੇ ਮੁਕਾਬਲੇ 3 ਗੋਲਾਂ ਨਾਲ ਹਾਰ ਗਿਆ। ਭਾਰਤ ਲਈ ਅਭਿਸ਼ੇਕ (33ਵੇਂ ਮਿੰਟ) ਅਤੇ ਸ਼ਿਲਾਨੰਦ ਲਾਕੜਾ (57ਵੇਂ) ਨੇ ਗੋਲ ਕੀਤੇ, ਜਦੋਂ ਕਿ ਬੈਲਜੀਅਮ ਲਈ ਰੋਮਨ ਡੁਵੇਕੋਟ (17ਵੇਂ ਅਤੇ 46ਵੇਂ) ਅਤੇ ਨਿਕੋਲਸ ਡੀ ਕੇਰਪੇਲ (45ਵੇਂ) ਨੇ ਗੋਲ ਕੀਤੇ। ਛੇ ਟੀਮਾਂ ਦੇ ਟੂਰਨਾਮੈਂਟ ਵਿੱਚ ਭਾਰਤ ਨੇ ਪਹਿਲੇ ਮੈਚ ਵਿੱਚ ਤਿੰਨ ਵਾਰ ਦੇ ਚੈਂਪੀਅਨ ਦੱਖਣੀ ਕੋਰੀਆ ਨੂੰ 1-0 ਨਾਲ ਹਰਾਇਆ ਸੀ। ਭਾਰਤ ਦਾ ਅਗਲਾ ਮੁਕਾਬਲਾ ਬੁੱਧਵਾਰ ਨੂੰ ਮਲੇਸ਼ੀਆ ਨਾਲ ਹੋਵੇਗਾ।


TRIDENT HUMANITY FOUNDATION

ਸੀ.ਐਮ.ਸੀ. ਲੁਧਿਆਣਾ ਦੇ ਸਹਿਯੋਗ ਨਾਲ ਆਯੋਜਿਤ
ਫ੍ਰੀ ਮੇਗਾ ਮੈਡੀਕਲ ਕੈਂਪ 2025
ਟ੍ਰਾਈਡੈਂਟ ਗਰੁੱਪ ਦੀ ਸੀ.ਐਸ.ਆਰ. ਪਹਿਲ

29, 30, 31 ਅਕਤੂਬਰ 2025 | 06, 07, 08 ਨਵੰਬਰ 2025 | 12, 13, 14 ਨਵੰਬਰ 2025 | 19, 20, 21 ਨਵੰਬਰ 2025 | 26,27,28 ਨਵੰਬਰ 2025 | 03,04,05 ਦਸੰਬਰ 2025



ਸੀ.ਐਮ.ਸੀ. ਲੁਧਿਆਣਾ ਦੇ ਮਾਹਿਰ ਡਾਕਟਰਾਂ ਵੱਲੋਂ ਪੂਰੀ ਸਿਹਤ ਜਾਂਚ

ਕਾਰਡੀਓਲੋਜੀ ਅਤੇ ਕਾਰਡੀਓਥੋਰੈਸਿਕ ਵੈਸਕੁਲਰ ਸਰਜਰੀ | ਡੈਂਟਲ ਸਕੇਲਿੰਗ, ਫਿਲਿੰਗ ਅਤੇ ਐਕਸਟ੍ਰੈਕਸ਼ਨ
ਫ੍ਰੀ ਡਾਇਗਨੋਸਟਿਕ ਟੈਸਟਸ - ਐਕਸ-ਰੇ, ਈ.ਸੀ.ਜੀ. | ਡਾਇਟ ਐਡਵਾਈਸ ਅਤੇ ਕਾਉਂਸਲਿੰਗ
ਈ.ਐਨ.ਟੀ. | ਆਮ ਸਿਹਤ ਜਾਂਚ ਅਤੇ ਸਪੈਸ਼ਲਿਸਟ ਕਨਸਲਟੇਸ਼ਨ | ਫ੍ਰੀ ਮੈਡਿਸਿਨਜ਼ | ਨੇਫਰੋਲੋਜੀ
ਜਨਰਲ ਸਰਜਰੀ | ਨਿਊਰੋਲੋਜੀ - ਸਟ੍ਰੋਕ ਅਤੇ ਨਿਊਰੋਮਸਕਿਊਲਰ ਕਲਿਨਿਕ | ਆਰਥੋਪੀਡਿਕਸ
ਆਈ - ਸਕ੍ਰੀਨਿੰਗ, ਓਪਟੀਕਲ ਡਿਸਪੈਂਸਿੰਗ, ਕੈਟਰੇਕਟ ਸਰਜਰੀ ਅਤੇ ਫ੍ਰੀ ਆਈਗਲਾਸਿਜ਼

ਸਥਾਨ: ਕਲਚਰਲ ਸੈਂਟਰ, ਟਰਾਈਡੈਂਟ ਕੰਪਲੈਕਸ ਦੇ ਸਾਹਮਣੇ, ਰਾਏਕੋਟ ਰੋਡ, ਸੰਘੇੜਾ, ਬਰਨਾਲਾ, ਪੰਜਾਬ | 08:00 AM
ਸੰਪਰਕ: ਪਵਨ ਸਿੰਗਲਾ - 9878997255 ਰੁਪਿੰਦਰ ਕੌਰ - 9878997983 ਸਾਹਿਲ ਗੁਲਾਟੀ - 9878997200

ਆਓ, ਇੱਕ ਸਿਹਤਮੰਦ ਸਮਾਜ ਵੱਲ ਸਾਡੀ ਕੋਸ਼ਿਸ਼ ਵਿੱਚ ਭਾਗੀਦਾਰ ਬਣੋ।

TRIDENTGROUP®
Being different is normal

26-NOV-PAGE-1.qxd 11/25/2025 9:16 PM Page 2



## ਪਾਥਵੇਜ਼ ਗਲੋਬਲ ਸਕੂਲ ਨੇ ਮਨਾਇਆ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ।ਇਸ ਦਿਨ ਨਾਲ ਸੰਬੰਧਤ ਪਾਥਵੇਜ਼ ਦੇ ਅਧਿਆਪਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਤ ਇਤਿਹਾਸ ਬਾਰੇ ਬੱਚਿਆਂ ਨੂੰ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ।ਬੱਚਿਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਤੋਂ ਲੈ ਕੇ ਪੂਰੇ ਜੀਵਨ ਦਾ ਇਤਿਹਾਸ ਕਵਿੱਜ਼ ਮੁਕਾਬਲੇ ਦੁਆਰਾ ਬਾਕੀ ਬੱਚਿਆਂ ਤੱਕ ਪਹੁੰਚਾਇਆ।ਪ੍ਰਿੰਸੀਪਲ ਅਰਵਿੰਦ ਸ਼ਰਮਾ ਨੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੁਗਲਾਂ ਨੇ ਬਹੁਤ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਸੀ, ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਕੁਰਬਾਨੀ ਕੀਤੀ, ਜਿਸ ਦੇ ਸਿੱਟੇ ਵਜੋਂ ਪੂਰੀ ਦੁਨੀਆ ਵਿੱਚ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ।ਇਸ ਦੌਰਾਨ ਪਾਥਵੇਜ਼ ਦੇ ਬੱਚਿਆਂ ਨੇ ਕਵੀਸ਼ਰੀ ਗਾਇਨ, ਸ਼ਬਦ ਤੇ ਭਾਸ਼ਣ ਰਾਹੀਂ ਇਸ ਦਿਨ ਦੀ ਯਾਦ ਨੂੰ ਤਾਜ਼ਾ ਕੀਤਾ।ਇਸ ਮੌਕੇ ਸਕੂਲ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੋਢ, ਚਾਰਟ ਕੰਬੋਜ, ਸਤਨਾਮ ਸਿੰਘ ਸੋਢ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਪ੍ਰਿੰਸੀਪਲ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਸਾਰੇ ਹੀ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਸੇਧ ਲੈਂਦੇ ਹੋਏ ਸੱਚਾਈ ਤੇ ਇਮਾਨਦਾਰੀ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

## ਪੀ ਜੀ ਆਈ 'ਚ ਦੋ ਰੋਜ਼ਾ ਸੋਸਾਇਟੀ ਫਾਰ ਕੋਰੋਨਰੀ ਇਮੇਜਿੰਗ ਡੈਲੀਗੇਟ ਸੰਪੰਨ



**ਸਮਰਾਲਾ (ਸੁਰਜੀਤ ਸਿੰਘ)**- ਪੀਜੀਆਈ ਚੰਡੀਗੜ੍ਹ ਵਿੱਚ ਸੋਸਾਇਟੀ ਫਾਰ ਕੋਰੋਨਰੀ ਇਮੇਜਿੰਗ ਐਂਡ ਫ਼ਿਜ਼ਿਓਲੋਜੀ ਦਾ ਦੋ ਰੋਜ਼ਾ ਸਾਲਾਨਾ ਰਾਸ਼ਟਰੀ ਸੰਮੇਲਨ ਸਫਲਤਾਪੂਰਵਕ ਸੰਪੰਨ ਹੋਇਆ।ਇਮੇਜਿੰਗ-ਗਾਈਡਿਡ ਕੋਰੋਨਰੀ ਐਂਜੀਓਪਲਾਸਟੀ ਦੀ ਸਮਝ ਤੇ ਅਭਿਆਸ ਨੂੰ ਅੱਗੇ ਵਧਾਉਣ ਲਈ ਦੇਸ਼ ਦੇ ਪ੍ਰਮੁੱਖ ਹਿਰਦੇ ਰੋਗ ਤੇ ਮੈਡੀਕਲ ਮਾਹਰਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਂਦਾ।ਇਸ ਸੰਮੇਲਨ ਵਿੱਚ ਦੇਸ਼ ਵਿਦੇਸ਼ ਤੋਂ ਕਰੀਬ 250 ਡੈਲੀਗੇਟਾਂ ਨੇ ਹਿੱਸਾ ਲਿਆ।ਇਸ ਮੌਕੇ ਪ੍ਰੋ. ਡਾ. ਰਾਜੇਸ਼ ਵਿਜੇਵਰਗੀਆ 'ਸਕਿੱਪ ਇੰਡੀਆ' ਦੇ ਆਯੋਜਨ ਸਕੱਤਰ ਨੇ ਕਿਹਾ ਕਿ ਇਹ ਸੰਮੇਲਨ ਕਲੀਨਿਕਲ ਗਿਆਨ ਤੇ ਹੁਨਰ ਵਿਕਾਸ ਨੂੰ ਮਜ਼ਬੂਤ ਕਰਨ ਲਈ ਬਹੁਤ ਮਹੱਤਵਪੂਰਣ ਹੈ।ਉਨ੍ਹਾਂ ਦੱਸਿਆ ਕਿ ਤਕਨੀਕੀ ਵਿਚਾਰ ਵਟਾਂਦਰਾ, ਆਧੁਨਿਕ ਇਮੇਜਿੰਗ ਤਕਨਾਲੋਜੀਆਂ, ਬਦਲਦੇ ਇਲਾਜੀ ਪੱਧਰਾਂ ਤੇ ਕੇਸ-ਅਧਾਰਤ ਡਿਸਕਸ਼ਨਾਂ ਰਾਹੀਂ ਡਾਕਟਰਾਂ ਨੂੰ ਵਧੇਰੇ ਸੁਰੱਖਿਅਤ ਕੋਰੋਨਰੀ ਇੰਟਰਵੈਂਸ਼ਨਾਂ ਕਰਨ ਵਿੱਚ ਵੱਡੀ ਮਦਦ ਮਿਲੇਗੀ। ਸੰਮੇਲਨ ਦਾ ਰਸਮੀ ਉਦਘਾਟਨ ਪ੍ਰੋ. ਡਾ. ਵਿਵੇਕ ਲਾਲ, ਡਾਇਰੈਕਟਰ ਪੀਜੀਆਈ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸੰਤੁਲਿਤ ਖੁਰਾਕ, ਨਿਯਮਿਤ ਕਸਰਤ ਤੋਂ ਇਲਾਵਾ ਸ਼ਰਾਬ, ਤੰਬਾਕੂਨੋਸ਼ੀ ਤੋਂ ਪਰਹੇਜ਼, ਤਣਾਅ ਤੋਂ ਬਚਾਅ ਤੇ ਸਮੇਂ-ਸਿਰ ਮੈਡੀਕਲ ਸਲਾਹ, ਦਿਲ ਦੇ ਦੌਰਿਆਂ ਤੋਂ ਸੁਰੱਖਿਆ ਤੇ ਦੇਸ਼ ਵਿੱਚ ਹਿਰਦੇ ਰੋਗਾਂ ਦੇ ਬੋਝ ਨੂੰ ਘਟਾਉਣ ਲਈ ਬਹੁਤ ਲਾਜ਼ਮੀ ਹਨ।ਸੰਮੇਲਨ ਵਿੱਚ ਵਿੰਗ ਕਮਾਂਡਰ ਡਾ. ਨਵਜੋਤ ਕੌਰ ਕਮਾਂਡ ਹਸਪਤਾਲ ਏਅਰ ਫੋਰਸ ਬੈਂਗਲੋਰ ਤੇ ਡਾ. ਸਾਥਵੀ ਕ੍ਰਿਸ਼ਨ ਮੀਨਾਕਸ਼ੀ ਹਸਪਤਾਲ ਤੰਜਾਵੁਰ, ਤਾਮਿਲਨਾਡੂ ਦੋਵੇਂ ਪੀਜੀਆਈ ਐਲੂਮਨੀ ਨੂੰ ਬੈਸਟ ਕੇਸ ਪ੍ਰਜ਼ੈਂਟੇਸ਼ਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

## ਪ੍ਰੋ. ਭੁਪਿੰਦਰ ਸਿੰਘ ਦੀ ਅਗਵਾਈ 'ਚ ਵਫਦ ਵੱਲੋਂ ਰੱਖਿਆ ਮੰਤਰੀ ਨਾਲ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਦੇਸ਼ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਜੀ ਨਾਲ ਸ. ਅਵਤਾਰ ਸਿੰਘ ਗਰੇਵਾਲ ਚੇਅਰਮੈਨ ਸ਼ਹੀਦ ਕਰਤਾਰ ਸਿੰਘ ਸਰਾਭਾ ਚੈਰੀਟੇਬਲ ਟਰੱਸਟ ਤੇ ਕਰਨਲ ਰਣਧੀਰ ਸਿੰਘ ਗੁਰੂਸਰ ਸੁਧਾਰ ਨਾਲ ਪ੍ਰੋ. ਭੁਪਿੰਦਰ ਸਿੰਘ ਚੀਮਾ ਦੀ ਅਗਵਾਈ ਵਿੱਚ ਇੱਕ ਬਹੁਤ ਭਾਵਭਿੰਨੀ ਮੀਟਿੰਗ ਕੀਤੀ। ਉਨ੍ਹਾਂ ਵੱਲੋਂ ਮਨੁੱਖਤਾ ਦੀ ਸੇਵਾ ਲਈ, ਜੋ ਕਾਰਜ ਸ. ਅਵਤਾਰ ਸਿੰਘ ਗਰੇਵਾਲ ਵੱਲੋਂ ਆਪਣੀ ਸਾਰੀ ਟੀਮ ਨਾਲ ਕੀਤੇ ਜਾ ਰਹੇ ਹਨ ਅਤੇ ਟਰੱਸਟ ਵੱਲੋਂ ਜੋ ਡੈਂਟਲ ਕਾਲਜ, ਨਰਸਿੰਗ ਕਾਲਜ ਤੇ ਆਯੁਰਵੈਦਿਕ ਕਾਲਜ ਨੋ ਪ੍ਰਾਫਿਟ ਤੇ ਨੋ ਲੌਸ 'ਤੇ ਚੱਲ ਰਹੇ ਹਨ ਅਤੇ ਆਸੇ ਦੁਆਲੇ ਦੇ ਹਜ਼ਾਰਾਂ ਪਿੰਡਾਂ ਨੂੰ ਬਹੁਤ ਘੱਟ ਰੇਟ 'ਤੇ ਸਿਹਤ ਸਹੂਲਤਾਂ ਤੇ ਐਜੂਕੇਸ਼ਨ ਦਿੱਤੀ ਜਾ ਰਹੀ ਹੈ, ਉਸ ਬਾਰੇ ਸ੍ਰੀ ਰਾਜਨਾਥ ਸਿੰਘ ਜੀ ਨੂੰ ਪੂਰੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰੋ. ਚੀਮਾ ਨੇ ਸ੍ਰੀ ਰਾਜਨਾਥ ਜੀ ਨਾਲ ਪੰਜਾਬ ਦੇ ਸਭ ਮਸਲਿਆਂ 'ਤੇ ਗੰਭੀਰ ਚਰਚਾ ਕੀਤੀ ਅਤੇ ਚੰਡੀਗੜ੍ਹ ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਮੁੱਦੇ 'ਤੇ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਇਸ ਸਭ ਵਿੱਚ ਪੰਜਾਬ ਨੂੰ ਪੰਜਾਬ ਦੇ ਹੱਕ ਬਰਕਰਾਰ ਰੱਖਣ ਦੀ ਗੱਲ ਵੀ ਕੀਤੀ। ਇਸ ਮੌਕੇ ਸ੍ਰੀ ਰਾਜਨਾਥ ਸਿੰਘ ਨੇ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਕਦੇ ਵੀ ਪੰਜਾਬ ਖਿਲਾਫ ਨਹੀਂ ਜਾ ਸਕਦੀ ਤੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਨਾਲ ਗੱਲ ਕਰਨਗੇ। ਇਸ ਮੌਕੇ ਅਵਤਾਰ ਸਿੰਘ ਗਰੇਵਾਲ, ਕਰਨਲ ਰਣਧੀਰ ਸਿੰਘ ਤੇ ਕੁਲਜੀਤ ਸਿੰਘ ਕਾਕਾ ਹਾਜ਼ਰ ਸਨ।

## ਸਟੈੱਪਿੰਗ ਸਟੋਨਜ਼ ਸਕੂਲ 'ਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ




**ਦੋਰਾਹਾ (ਹਰਮਿੰਦਰ ਸੇਠ)**-ਸਟੈੱਪਿੰਗ ਸਟੋਨਜ਼ ਸਕੂਲ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ, ਜਿਸ ਵਿੱਚ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੇ ਜੀਵਨ, ਉਪਦੇਸ਼ਾਂ ਤੇ ਬਲਿਦਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਨਿਸ਼ਕਾਮ ਸੇਵਾ, ਮਨੁੱਖਤਾ ਦੀ ਰੱਖਿਆ ਲਈ ਉਨ੍ਹਾਂ ਦੇ ਅਟੱਲ ਸਿਧਾਂਤ ਤੇ ਧਰਮ ਦੀ ਆਜ਼ਾਦੀ ਲਈ ਦਿੱਤੀ ਬੇਮਿਸਾਲ ਸ਼ਹੀਦੀ ਬਾਰੇ ਗਹਿਰਾਈ ਨਾਲ ਚਾਨਣ ਪਾਇਆ।ਅਧਿਆਪਕਾਂ ਨੇ ਬੱਚਿਆਂ ਨੂੰ ਸਮਝਾਇਆ ਕਿ ਗੁਰੂ ਤੇਗ ਬਹਾਦਰ ਜੀ ਨੇ ਸੱਚ, ਧਰਮ ਦੀ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਇਤਿਹਾਸਕ ਬਲਿਦਾਨ ਦਿੱਤਾ, ਜੋ ਸੰਸਾਰ ਲਈ ਪ੍ਰੇਰਣਾ ਦਾ ਸਰੋਤ ਹੈ।ਮੈਨੇਜਿੰਗ ਡਾਇਰੈਕਟਰ ਸਮਦੀਸ਼ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਜੋਤੀ ਸ਼ਰਮਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਨੂੰ ਆਪਣੇ ਇਤਿਹਾਸ, ਸੰਸਕਾਰਾਂ ਤੇ ਗੁਰਮਤਿ ਮੁੱਲਾਂ ਨਾਲ ਜੋੜਦੀਆਂ ਹਨ ਅਤੇ ਉਨ੍ਹਾਂ ਵਿੱਚ ਚਰਿੱਤਰ ਨਿਰਮਾਣ ਦੀ ਸੋਚ ਮਜ਼ਬੂਤ ਕਰਦੀਆਂ ਹਨ।

## ਪੈਨਸ਼ਨਰਜ਼ ਦਿਹਾੜਾ 17 ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ : ਆਗੂ



**ਧੂਰੀ (ਬਿੰਨੀ ਗਰਗ/ਰਵੀ ਟਿੱਬਾ)**-ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸਬ ਡਵੀਜ਼ਨ ਧੂਰੀ ਦੀ ਵਿਸ਼ੇਸ਼ ਮੀਟਿੰਗ ਸ੍ਰੀ ਜੈ ਦੇਵ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 17 ਦਸੰਬਰ ਦੇ ਪੈਨਸ਼ਨਰ ਦਿਹਾੜੇ ਨੂੰ ਮਨਾਉਣ ਵਾਸਤੇ ਵੱਖ ਵੱਖ ਕੰਮਾਂ ਲਈ ਡਿਊਟੀਆਂ ਲਾਈਆਂ ਗਈਆਂ।ਮੀਟਿੰਗ ਦੌਰਾਨ ਪੈਨਸ਼ਨਰਜ਼ ਨੇ ਪੂਰੇ ਉਤਸ਼ਾਹ ਨਾਲ ਵੱਧ ਚੜ੍ਹ ਕੇ ਆਪਣੀਆਂ ਡਿਊਟੀਆਂ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ।ਮੀਟਿੰਗ ਦੀ ਕਾਰਵਾਈ ਜਸਵਿੰਦਰ ਸਿੰਘ ਮੂਲੋਵਾਲ ਨੇ ਨਿਭਾਈ।ਹਾਜ਼ਰ ਪੈਨਸ਼ਨਰਜ਼ ਨੂੰ ਚੇਅਰਮੈਨ ਕੁਲਵੰਤ ਸਿੰਘ, ਸੂਬਾ ਮੀਤ ਪ੍ਰਧਾਨ ਹਰਦੇਵ ਸਿੰਘ, ਜਵੰਦਾ ਸਿੰਘ, ਹਰਿੰਦਰ ਸਿੰਘ ਪਲਾਸੌਰ, ਜਗਤਾਰ ਸਿੰਘ ਹਸਨਪੁਰ, ਕਰਮ ਸਿੰਘ ਮਾਨ, ਹਰਬੰਸ ਸਿੰਘ ਸੋਢੀ, ਰਾਮ ਗੋਪਾਲ ਸ਼ਰਮਾ, ਜੰਗ ਸਿੰਘ ਬਾਦਸ਼ਾਹਪੁਰ, ਜਸਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਪੈਨਸ਼ਨ ਦਿਹਾੜੇ ਦੀ ਮਹੱਤਤਾ ਦੱਸਦੇ ਹੋਏ ਇਸ ਨੂੰ ਮਨਾਉਣ ਲਈ ਆਪਣੇ ਆਪਣੇ ਸੁਝਾਅ ਦਿੱਤੇ ਅਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਮਕ ਰਹੀਆਂ ਮੁੱਖ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ।ਐਸੋਸੀਏਸ਼ਨ ਦੀ ਰਵਾਇਤ ਅਨੁਸਾਰ 75 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ।ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੂੰ ਜਾਣਕਾਰੀ ਦਿੱਤੀ ਕਿ ਹੜ੍ਹ ਪੀੜਤਾਂ ਲਈ ਇਕੱਠੀ ਹੋਈ ਰਕਮ 27 ਦਸੰਬਰ ਨੂੰ ਲੋੜਵੰਦਾਂ ਵਿੱਚ ਤਕਸੀਮ ਕਰਨ ਲਈ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਆਪਣੀ ਟੀਮ ਨਾਲ ਆ ਰਹੇ ਹਨ, ਜੋ ਕਿ ਮੂਨਕ ਇਲਾਕੇ ਵਿੱਚ ਘੱਗਰ ਵੱਲੋਂ ਆਏ ਹੜ੍ਹਾਂ ਕਾਰਨ ਨੁਕਸਾਨੇ ਘਰਾਂ ਵਾਲੇ ਪਰਵਾਰਾਂ ਵਿੱਚ ਤਕਸੀਮ ਕੀਤੀ ਜਾਵੇਗੀ।ਮੀਟਿੰਗ ਵਿੱਚ ਸੁਖਦੇਵ ਸਿੰਘ ਖੰਗੂੜਾ, ਸਾਧੂ ਸਿੰਘ ਮੀਰਹੇੜੀ, ਰਾਮ ਗੋਪਾਲ ਸ਼ਰਮਾ, ਬਚਿੱਤਰ ਸਿੰਘ, ਗਿਰਧਾਰੀ ਲਾਲ, ਰਣਜੀਤ ਸਿੰਘ ਢੀਂਡਸਾ, ਹਰਚਰਨ ਸਿੰਘ ਲਹਿਰੀ, ਸਾਧੂ ਸਿੰਘ ਪੇਧਨੀ, ਗੁਰਚਰਨ ਸਿੰਘ ਫੌਜੀ ਮੂਲੋਵਾਲ, ਕਰਮ ਸਿੰਘ ਮਾਨ, ਦਿਆਲ ਸਿੰਘ ਧੂਰਾ, ਭਰਭੂਰ ਸਿੰਘ ਭੋਜੋਵਾਲੀ ਤੇ ਨੰਬਰਦਾਰ ਗੁਰਦਿਆਲ ਸਿੰਘ ਮੀਰਹੇੜੀ ਆਦਿ ਸਾਥੀ ਹਾਜ਼ਰ ਸਨ।ਅੰਤ ਵਿੱਚ ਜਸਵਿੰਦਰ ਸਿੰਘ ਮੂਲੋਵਾਲ ਜਨਰਲ ਸਕੱਤਰ ਨੇ ਸੂਚਿਤ ਕੀਤਾ ਕਿ ਅਗਲੀ ਮੀਟਿੰਗ 6 ਦਸੰਬਰ ਦਫ਼ਤਰ ਵਿੱਚ ਹੀ ਹੋਵੇਗੀ।

# ਵਿਚਾਰ ਪ੍ਰਗਟਾਵੇ ਤੇ ਧਰਮ ਦੀ ਅਜ਼ਾਦੀ ਦੀ ਉੱਘੜਵੀਂ ਮਿਸਾਲ ਹੈ ਗੁਰੂ ਜੀ ਦੀ ਕੁਰਬਾਨੀ : ਵਿਰਕ

## ਸਰਕਾਰੀ ਕਾਲਜ ਕਾਲਾਂਵਾਲੀ ਵਿਖੇ ਗੁਰੂ ਤੇਗ ਬਹਾਦਰ ਦੇ ਜੀਵਨ ਤੇ ਸ਼ਹਾਦਤ 'ਤੇ ਸੈਮੀਨਾਰ



**ਸਿਰਸਾ (ਸੁਰਿੰਦਰ ਪਾਲ ਸਿੰਘ)**- ਸਰਕਾਰੀ ਕਾਲਜ ਕਾਲਾਂਵਾਲੀ ਵਿਖੇ ਉੱਚ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਹੇਠ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹਾਦਤ 'ਤੇ ਰਾਜ ਪੱਧਰੀ ਸੈਮੀਨਾਰ ਪ੍ਰਿੰਸੀਪਲ ਦਿਲਰਾਜ ਸਿੰਘ ਧਾਲੀਵਾਲ ਦੀ ਨਿਰਦੇਸ਼ਨਾਂ ਹੇਠ ਅਯੋਜਿਤ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਪ੍ਰਮੁੱਖ ਬੁੱਧੀਜੀਵੀ ਕਾ: ਸਵਰਨ ਸਿੰਘ ਵਿਰਕ, ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੇ ਡਾ. ਗੁਰਸਾਹਿਬ ਸਿੰਘ ਤੇ ਡਾ. ਬੀਰਬਲ ਸਿੰਘ ਸਨ। ਕਾਲਜ ਦੇ ਮੰਚ ਸੰਚਾਲਕ ਪ੍ਰੋਫੈਸਰ ਜਸਪਾਲ ਸਿੰਘ ਤੇ ਪ੍ਰੋਫੈਸਰ ਰਾਮ ਲਾਲ ਬਲਜੋਤ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਸਰਕਾਰੀ ਮਹਿਲਾ ਕਾਲਜ ਰੱਤੀਆ ਦੇ ਪ੍ਰੋਫੈਸਰ ਸਰਵਜੀਤ ਸਿੰਘ ਤੇ ਸਰਕਾਰੀ ਕਾਲਜ ਭੋਡੀਆ ਖੇੜਾ ਦੇ ਪ੍ਰੋਫੈਸਰ ਰੋਹਿਤ ਕੁਮਾਰ ਵੱਲੋਂ ਗੁਰੂ ਜੀ ਦੀ ਸ਼ਹਾਦਤ ਸਬੰਧੀ ਖੋਜ ਪੱਤਰ ਪੜ੍ਹੇ ਗਏ। ਮੁੱਖ ਬੁਲਾਰੇ ਸਵਰਨ ਸਿੰਘ ਵਿਰਕ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ ਫਲਸਫੇ ਸਬੰਧੀ ਲੰਮੀ ਵਿਚਾਰ ਚਰਚਾ ਦੌਰਾਨ ਕਿਹਾ ਕਿ ਗੁਰੂ ਜੀ ਦੀ ਕੁਰਬਾਨੀ ਧਰਮ ਦੀ ਅਜ਼ਾਦੀ ਦੀ ਅਜਿਹੀ ਉਘੜਵੀ ਮਿਸਾਲ ਹੈ, ਜੋ ਸੰਸਾਰ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਮੁੱਖ ਮਹਿਮਾਨ ਡਾ: ਗੁਰਸਾਹਿਬ ਸਿੰਘ ਦਾ ਕਹਿਣਾ ਸੀ ਗੁਰੂ ਜੀ ਦੀ ਮਨੁੱਖੀ ਅਧਿਕਾਰਾਂ ਪ੍ਰਤੀ ਦਿੱਤੀ ਗਈ ਸ਼ਹਾਦਤ ਨੂੰ ਅੱਜ ਸਾਰਾ ਦੇਸ਼ ਯਾਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਾਬਰਾਂ ਤੇ ਬਾਬਰਾਂ ਵੱਲੋਂ ਲੋਕਾਈ 'ਤੇ ਕੀਤੇ ਜ਼ੁਲਮਾਂ ਨੂੰ ਲੋਕ ਹਮੇਸ਼ਾ ਯਾਦ ਰੱਖਦੇ ਹਨ। ਕਾਲਜ ਪ੍ਰਿੰਸੀਪਲ ਦਿਲਰਾਜ ਸਿੰਘ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫਲਸਫੇ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਮਾਨਵਤਾਵਾਦੀ ਧਰਮ ਲਈ ਸੀ, ਜਿਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਇਸ ਮੌਕੇ ਮਾ: ਸੁਰਿੰਦਰ ਪਾਲ ਸਿੰਘ ਨੇ ਸੰਸਾਰ ਪੱਧਰ 'ਤੇ ਹੋ ਰਹੇ ਜਮਹੂਰੀਅਤ ਦੇ ਘਾਣ 'ਤੇ ਵਿਚਾਰ ਰੱਖਦਿਆਂ ਕਿਹਾ ਕਿ ਸਾਨੂੰ ਭਾਰਤੀ ਸਵਿਧਾਨ ਨੂੰ ਉੱਚਾ ਚੁੱਕਣ ਲਈ ਗੰਭੀਰ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਲਈ ਸਾਡੇ ਰਹਿਬਰਾਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਲੈਕਚਰਾਰ ਕੁਲਵਿੰਦਰ ਸਿੰਘ ਸੰਧੂ ਵੱਲੋਂ ਗੁਰੂ ਜੀ ਦੇ ਜੀਵਨ 'ਤੇ ਰਚਾਨਾ ਪੇਸ਼ ਕੀਤੀ ਗਈ। ਇਸ ਸਮਾਗਮ ਦੇ ਅੰਤ ਵਿੱਚ ਪੁੱਜੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਪ੍ਰੋ: ਇੰਦਰਜੀਤ ਸਿੰਘ, ਡਾ. ਦੀਪਕ ਰਾਜ, ਪ੍ਰੋ. ਰਾਜੇਸ਼, ਪ੍ਰੋ. ਜਤਿੰਦਰ, ਪ੍ਰੋ. ਸੁਸ਼ਮਾ ਦੇਵੀ, ਡਾ. ਹਰਜੀਤ ਕੌਰ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਸੰਜੀਵ ਕੁਮਾਰ, ਕਾ: ਹਰਦੇਵ ਸਿੰਘ ਸੰਧੂ, ਕਾ: ਜਰਨੈਲ ਸਿੰਘ ਸਮੇਤ ਕਾਲਜ ਦੇ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।

## ਭਾਰਤੀਯ ਅੰਬੇਡਕਰ ਮਿਸ਼ਨ ਨੇ ਡੀ ਸੀ, ਪ੍ਰਧਾਨ ਤੇ ਸਮੂਹ ਕੌਂਸਲਰਾਂ ਨੂੰ ਦਿੱਤੇ ਮੰਗ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ, ਭਗਵਾਨ ਵਾਲਮੀਕਿ ਰਾਮਾਇਣ ਭਵਨ ਸਰੋਵਰ ਆਸ਼ਰਮ ਦੇ ਪ੍ਰਧਾਨ ਸ੍ਰੀ ਰਵੀ ਚਾਵਲਾ ਸਣੇ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਨੇ ਸ਼ਹਿਰ ਦੇ ਪਟਿਆਲਾ ਗੇਟ ਦਾ ਨਾਂਅ ਭਗਵਾਨ ਵਾਲਮੀਕਿ ਜੀ ਦੇ ਨਾਮ 'ਤੇ ਰੱਖਣ ਤੇ ਜਨਤਾ ਪੈਟ੍ਰੋਲ ਪੰਪ ਦੇ ਸਾਹਮਣੇ ਮਹਿਲਾ ਰੋਡ ਚੌਂਕ ਦਾ ਨਾਂਅ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਨਾਮ 'ਤੇ ਰੱਖਣ ਲਈ ਡਿਪਟੀ ਕਮਿਸ਼ਨਰ ਸੰਗਰੂਰ, ਪ੍ਰਧਾਨ ਨਗਰ ਕੌਂਸਲ ਸੰਗਰੂਰ, ਕਾਰਜ ਸਾਧਕ ਅਫਸਰ ਸੰਗਰੂਰ ਤੇ ਸ਼ਹਿਰ ਦੇ ਸਮੂਹ ਕੌਂਸਲਰਾਂ ਨੂੰ ਮੰਗ ਪੱਤਰ ਦਿੱਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਦਰਸ਼ਨ ਕਾਂਗੜਾ ਤੇ ਸ੍ਰੀ ਰਵੀ ਚਾਵਲਾ ਨੇ ਕਿਹਾ ਕਿ ਪ੍ਰਾਚੀਨ ਸਮੇਂ ਨੂੰ ਤਾਜ਼ਾ ਰੱਖਣ ਲਈ ਯਾਦਗਾਰ ਬਣਾਉਂਦਿਆਂ ਪਿਛਲੀ ਸਰਕਾਰ ਸਮੇਂ ਸੰਗਰੂਰ ਸ਼ਹਿਰ ਦੇ ਚਾਰੇ ਪਾਸੇ ਸਵਾਗਤੀ ਗੇਟ (ਚਾਰ ਗੇਟ) ਪਟਿਆਲਾ ਗੇਟ, ਸੁਨਾਮੀ ਗੇਟ, ਧੂਰੀ ਗੇਟ ਤੇ ਨਾਭਾ ਗੇਟ ਬਣਾਉਣ ਲਈ ਫੰਡ ਜਾਰੀ ਕਰਕੇ ਕੰਮ ਸ਼ੁਰੂ ਕਰਵਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਤਿੰਨ ਗੇਟ ਹੁਣ ਬਣ ਕੇ ਬਿਲਕੁਲ ਤਿਆਰ ਹੋ ਗਏ ਹਨ।ਉਨ੍ਹਾਂ ਕਿਹਾ ਕਿ ਜੋ ਪਟਿਆਲਾ ਗੇਟ ਬਣਾਇਆ ਗਿਆ ਹੈ, ਉਹ ਬਿਲਕੁਲ ਹੀ ਭਗਵਾਨ ਵਾਲਮੀਕਿ ਰਾਮਾਇਣ ਭਵਨ ਸਰੋਵਰ ਆਸ਼ਰਮ ਸੰਗਰੂਰ ਦੇ ਸਾਹਮਣੇ ਬਣਾਇਆ ਗਿਆ ਹੈ।ਇਸ ਲਈ ਇਸ ਦਰਵਾਜ਼ੇ ਦਾ ਨਾਮ ਰਮਾਇਣ ਰਚੇਤਾ ਭਗਵਾਨ ਵਾਲਮੀਕਿ ਜੀ ਦੇ ਨਾਮ 'ਤੇ ਰੱਖਣ ਤੇ ਜਨਤਾ ਪੈਟ੍ਰੋਲ ਪੰਪ ਦੇ ਸਾਹਮਣੇ ਮਹਿਲਾ ਰੋਡ ਚੌਂਕ ਦਾ ਨਾਮ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਨਾਮ 'ਤੇ ਰੱਖਣ ਦੀ ਮੰਗ ਕਰਦੇ ਹਾਂ।ਉਕਤ ਆਗੂਆਂ ਨੇ ਕਿਹਾ ਕਿ ਕਲਮ ਦੇ ਧਨੀ ਭਗਵਾਨ ਵਾਲਮੀਕਿ ਜੀ ਦੀ ਸਾਡੇ ਸਮਾਜ ਤੇ ਕਲਮ ਦੇ ਬਾਦਸ਼ਾਹ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਸਾਡੇ ਦੇਸ਼ ਨੂੰ ਬਹੁਤ ਵੱਡੀ ਦੇਣ ਹੈ।ਅਜਿਹੇ ਮਹਾਨ ਮਹਾਂਪੁਰਖਾਂ ਦੀ ਯਾਦਗਾਰ ਬਣਾਉਣ ਨਾਲ ਇੱਕ ਚੰਗਾ ਸੁਨੇਹਾ ਜਾਵੇਗਾ। ਇਸ ਮੌਕੇ ਸ੍ਰੀ ਸ਼ਸ਼ੀ ਚਾਵਰੀਆ ਪ੍ਰਧਾਨ ਵਾਲਮੀਕਿ ਸਭਾ ਡਾ. ਅੰਬੇਡਕਰ ਨਗਰ, ਸ੍ਰੀ ਅਜੇ ਬੇਦੀ ਪ੍ਰਧਾਨ ਸਫ਼ਾਈ ਸੇਵਕ ਯੂਨੀਅਨ ਨਗਰ ਕੌਂਸਲ ਸੰਗਰੂਰ, ਪਦਮ ਕੁਮਾਰ ਪਿੰਟਾ, ਬਲਵੀਰ ਸਿੰਘ ਜੱਸੀ, ਗੁਰਪ੍ਰੀਤ ਸਿੰਘ ਸਾਜਨ ਆਦਿ ਹਾਜ਼ਰ ਸਨ।

## ਮੁੱਖ ਜੱਜ ਸੂਰੀਆਕਾਂਤ ਦੇ ਸਹੁੰ ਚੁੱਕ ਸਮਾਗਮ ਮੌਕੇ ਲਵਾਈ ਸੰਦੀਪ ਅਰੋੜਾ ਨੇ ਹਾਜ਼ਰੀ



**ਬੱਧਨੀ ਕਲਾਂ (ਲਵਲੀ ਕੁਮਾਰ)**-ਨਿਹਾਲ ਸਿੰਘ ਵਾਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਅਰੋੜਾ ਨੇ ਭਾਰਤ ਦੇ ਮੁੱਖ ਜੱਜ ਸ੍ਰੀ ਸੂਰਿਆ ਕਾਂਤ ਜੀ ਦੇ ਸਹੁੰ ਸਮਾਗਮ ਵਿੱਚ ਸ਼ਿਰਕਤ ਕਰਕੇ ਖੇਤਰ ਦਾ ਮਾਣ ਵਧਾਇਆ।ਸੰਦੀਪ ਅਰੋੜਾ ਨੂੰ ਬਾਰ ਐਸੋਸੀਏਸ਼ਨ ਦੀ ਨੁਮਾਇੰਦਗੀ ਲਈ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਸੀ, ਨੇ ਇਸ ਮਹੱਤਵਪੂਰਨ ਰਾਸ਼ਟਰੀ ਸਮਾਗਮ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਈ। ਅਰੋੜਾ ਨੇ ਮੁੱਖ ਜੱਜ ਬਣਨ 'ਤੇ ਸ਼੍ਰੀ ਸੂਰਿਆ ਕਾਂਤ ਨੂੰ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਵੱਲੋਂ ਮੁਬਾਰਕਬਾਦ ਪੇਸ਼ ਕੀਤੀ ਅਤੇ ਉਨ੍ਹਾਂ ਦੇ ਨਵੇਂ ਦਾਇਤਵਾਂ ਲਈ ਸੁਭ ਕਾਮਨਾਵਾਂ ਦਿੱਤੀਆਂ।ਉਨ੍ਹਾਂ ਨੇ ਕਿਹਾ ਕਿ ਮੁੱਖ ਜੱਜ ਦੇ ਤੌਰ 'ਤੇ ਸ਼੍ਰੀ ਸੂਰਿਆ ਕਾਂਤ ਜੀ ਦੀ ਨਿਯੁਕਤੀ ਨਾ ਸਿਰਫ਼ ਨਿਆਂ ਪ੍ਰਣਾਲੀ ਲਈ ਇੱਕ ਮਹੱਤਵਪੂਰਨ ਕਦਮ ਹੈ, ਸਗੋਂ ਪੰਜਾਬ ਲਈ ਵੀ ਇੱਕ ਗੌਰਵ ਦਾ ਵਿਸ਼ਾ ਹੈ। ਇਸ ਮੌਕੇ ਸਮੂਹ ਬਾਰ ਐਸੋਸੀਏਸ਼ਨ ਪੰਜਾਬ ਵੱਲੋਂ ਮਾਨਯੋਗ ਚੀਫ ਜਸਟਿਸ ਨੂੰ ਮੋਮੈਂਟੋ ਭੇਟ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸਹੁੰ ਚੁੱਕ ਸਮਾਗਮ ਦੌਰਾਨ ਕਈ ਉੱਚ ਅਧਿਕਾਰੀ, ਨਿਆਂਪਤੀ, ਕਾਨੂੰਨੀ ਵਿਦਵਾਨ ਤੇ ਦੇਸ਼ ਭਰ ਦੀਆਂ ਬਾਰ ਕੌਂਸਲਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ।

## ਐਸੋਸੀਏਸ਼ਨ ਵੱਲੋਂ ਪੈਨਸ਼ਨਰ ਦਿਹਾੜੇ ਸੰਬੰਧੀ ਮੀਟਿੰਗ

### ਤਿਆਰੀਆਂ ਦਾ ਜਾਇਜ਼ਾ ਲਿਆ, ਧੂਰੀ ਰੈਲੀ ਦਾ ਕੀਤਾ ਰੀਵਿਊ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਜਥੇਬੰਦੀ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ. 1180) ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਦੀ ਅਗਵਾਈ ਹੇਠ ਸਥਾਨਕ ਪੈਨਸ਼ਨਰ ਦਫ਼ਤਰ ਸੰਗਰੂਰ ਵਾਲੀ ਕੋਠੀ ਵਿਖੇ ਹੋਈ।ਮੀਟਿੰਗ ਦੌਰਾਨ ਸਰਪ੍ਰਸਤ ਹੇਮ ਰਾਜ ਸ਼ਰਮਾ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਡਾਕਟਰ ਅਮਰਜੀਤ ਸਿੰਘ ਸਕੱਤਰ, ਚਰਨਜੀਤ ਸਿੰਘ ਕੈਂਥ, ਰਮੇਸ਼ ਸ਼ਰਮਾ, ਗੁਰਦਾਸ ਬਾਂਸਲ, ਸਤੀਸ਼ ਕੁਮਾਰ ਸ਼ਰਮਾ ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸਨ। ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ ਤੇ ਉਨ੍ਹਾਂ ਦੇ ਨਜ਼ਦੀਕੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਪਿਛਲੇ ਦਿਨੀਂ ਧੂਰੀ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਕੀਤੀ ਗਈ ਇਤਿਹਾਸਕ ਰੈਲੀ ਦਾ ਰੀਵਿਊ ਕੀਤਾ ਗਿਆ।ਰੈਲੀ ਦੌਰਾਨ ਲੱਗੀਆਂ ਡਿਊਟੀਆਂ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੈਨਸ਼ਨਰ ਸਾਥੀਆਂ ਦਾ ਉਚੇਚਾ ਧੰਨਵਾਦ ਕੀਤਾ ਗਿਆ ਅਤੇ ਰੈਲੀ ਦੌਰਾਨ ਸ਼ਾਮਲ ਹੋਏ ਕੋਟੇ ਤੋਂ ਵੀ ਵੱਧ ਪੈਨਸ਼ਨਰਾਂ ਦੀ ਵੱਡੀ ਗਿਣਤੀ ਲਈ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਉਪਰੰਤ 17 ਦਸੰਬਰ ਨੂੰ ਮੰਗਲਾ ਆਸ਼ਰਮ (ਗਊਸ਼ਾਲਾ) ਵਿਖੇ ਮਨਾਏ ਜਾਣ ਵਾਲੇ ਸਾਲਾਨਾ ਪੈਨਸ਼ਨਰ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ 75 ਸਾਲਾ ਸਨਮਾਨਤ ਹੋਣ ਵਾਲੇ ਪੈਨਸ਼ਨਰਾਂ ਤੱਕ ਪਹੁੰਚ ਯਕੀਨੀ ਬਣਾਉਣ ਲਈ ਯਤਨ ਤੇਜ਼ ਕਰਨ ਲਈ ਕਿਹਾ ਗਿਆ।ਫੰਡ ਇਕੱਤਰ ਕਰਨ ਲਈ ਹੋਰ ਟੀਮਾਂ ਦੇ ਗਠਨ ਬਾਰੇ ਸਹਿਮਤੀ ਬਣੀ।ਇਹ ਵੀ ਸਹਿਮਤੀ ਬਣੀ ਕਿ ਹਰ ਪੈਨਸ਼ਨਰ ਤੱਕ ਪਹੁੰਚ ਕੀਤੀ ਜਾਵੇ ਤੇ ਉਸ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਰਤਨ ਸਿੰਘ ਭੰਡਾਰੀ, ਮਨਜੀਤ ਸਿੰਘ ਬਖ਼ਸ਼ੀ, ਗੁਰਚਰਨ ਸਿੰਘ ਧਾਂਦਰਾ, ਕਰਮ ਸਿੰਘ ਸੋਢੀ, ਓਂਕਾਰ ਸ਼ਾਸਤਰੀ, ਮੁਰਾਰੀ ਲਾਲ, ਸਤੀਸ਼ ਕੁਮਾਰ, ਮੁਖਤਿਆਰ ਸਿੰਘ, ਹਰਜਿੰਦਰ ਸਿੰਘ ਢੀਂਡਸਾ, ਬਹਾਦਰ ਸਿੰਘ ਮਾਨਾਂ, ਗੁਰਮੇਲ ਸਿੰਘ, ਆਤਮਾ ਸਿੰਘ ਘਨੌਰ, ਕਰਮਜੀਤ ਸਿੰਘ, ਡਾਕਟਰ ਹਰਦਿਆਲ ਸਿੰਘ, ਸਰਬਜੀਤ ਸਿੰਘ ਮੀਮਸਾ, ਚਰਨਜੀਤ ਸਿੰਘ, ਸੁਰਜੀਤ ਸਿੰਘ ਘਨੌਰੀ, ਫ਼ਕੀਰ ਸਿੰਘ ਲੈਕਚਰਾਰ, ਕਰਮ ਸਿੰਘ ਢੀਂਡਸਾ, ਮੱਘਰ ਸਿੰਘ, ਤੇਜ ਸਿੰਘ, ਇੰਦਰਜੀਤ ਸ਼ਰਮਾ, ਜਾਗਰ ਸਿੰਘ, ਨਿਰਮਲ ਸਿੰਘ ,ਜ਼ੋਰਾ ਸਿੰਘ, ਹਰਚਰਨ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

## ਨਾਬਾਲਗ ਦੇ ਕਤਲ ਮਾਮਲੇ 'ਚ ਮੁਲਜ਼ਮ ਦਾ 9 ਦਿਨਾ ਰਿਮਾਂਡ

**ਜਲੰਧਰ** : ਪੁਲਸ ਨੇ ਪਾਰਸ ਅਸਟੇਟ, ਜਲੰਧਰ ਵਿਚ 13 ਸਾਲਾ ਨਾਬਾਲਗ ਲੜਕੀ ਦੇ ਕਤਲ ਦੇ ਮੁਲਜ਼ਮ ਹਰਮਿੰਦਰ ਸਿੰਘ ਉਰਫ਼ ਰਿੰਪੀ ਨੂੰ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਉਸ ਦਾ 9 ਦਿਨਾਂ ਦਾ ਪੁਲਸ ਰਿਮਾਂਡ ਦਿੱਤਾ। ਏ ਡੀ ਸੀ ਪੀ ਹਰਿੰਦਰ ਸਿੰਘ ਗਿੱਲ ਤੇ ਵਕੀਲ ਪੰਕਜ ਸ਼ਰਮਾ ਨੇ ਮਾਮਲੇ ਬਾਰੇ ਮੀਡੀਆ ਨੂੰ ਜਾਣਕਾਰੀ ਦਿੱਤੀ। ਹਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਨੇ 10 ਦਿਨਾਂ ਦੇ ਪੁਲਸ ਰਿਮਾਂਡ ਦੀ ਬੇਨਤੀ ਕੀਤੀ ਸੀ। ਉਨ੍ਹਾ ਕਿਹਾ ਕਿ ਮੁਲਜ਼ਮ ਵਿਰੁੱਧ ਪੋਕਸੋ ਐਕਟ ਦੀਆਂ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਕਰਾਏ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਸਮਾਗਮ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ, ਜਿਸਦਾ ਉਚਾਰਨ ਪਿੰਡ ਡਕਾਲਾ ਦੀਆਂ ਭੈਣਾਂ ਵੱਲੋਂ ਕੀਤਾ ਗਿਆ।ਇਸ ਆਤਮਿਕ ਮਾਹੌਲ ਨੇ ਸਾਰੇ ਇਲਾਕੇ ਨੂੰ ਧਾਰਮਿਕ ਰੰਗ ਵਿੱਚ ਰੰਗ ਦਿੱਤਾ।ਸਮਾਗਮ ਦੌਰਾਨ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਅਟੱਲ ਆਸਥਾ ਤੇ ਜਾਨ ਨਿਛਾਵਰ ਕਰਨ ਵਾਲੀ ਕੁਰਬਾਨੀ ਨੂੰ ਵੀ ਯਾਦ ਕੀਤਾ ਗਿਆ।ਡਕਾਲਾ ਮਾਰਕੀਟ ਵਾਸੀਆਂ ਵੱਲੋਂ ਵਿਸ਼ੇਸ਼ ਸਤਿਕਾਰ ਦੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਉੱਤੇ ਫੁੱਲਾਂ ਦੀ ਵਰਖਾ ਕੀਤੀ ਗਈ।ਇਸ ਮੌਕੇ ਭਾਜਪਾ ਦੇ ਕਈ ਆਗੂ ਵੀ ਹਾਜ਼ਰ ਰਹੇ।ਸੁਰਿੰਦਰ ਸਿੰਘ ਖੇੜਕੀ ਤੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਨੇ ਸਮਾਗਮ ਵਿੱਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਲਾਮ ਕੀਤਾ।ਮੰਡਲ ਪ੍ਰਧਾਨ ਰਣਜੀਤ ਬੱਬੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰਕੇ ਨਵਾਂ ਇਤਿਹਾਸ ਰਚਿਆ। ਉਨ੍ਹਾਂ ਦੀ ਕੁਰਬਾਨੀ ਸਿਰਫ਼ ਸਿੱਖ ਕੌਮ ਲਈ ਨਹੀਂ, ਸਗੋਂ ਪੂਰੇ ਭਾਰਤ ਲਈ ਪ੍ਰੇਰਨਾਦਾਇਕ ਹੈ।ਬਹਾਦੁਰ ਖਾਨ ਨੇ ਵੀ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਜ਼ੁਲਮ ਦੇ ਖ਼ਿਲਾਫ ਗੁਰੂ ਤੇਗ਼ ਬਹਾਦਰ ਜੀ ਦੀ ਅਡੋਲ ਸ਼ਹਾਦਤ ਨੂੰ ਸਾਰਾ ਦੇਸ਼ ਸਤਿਕਾਰ ਨਾਲ ਯਾਦ ਕਰਦਾ ਹੈ।ਉਹਨਾਂ ਦੀ ਕੁਰਬਾਨੀ ਮਨੁੱਖਤਾ ਦੀ ਰੱਖਿਆ ਦਾ ਸਦੀਵੀ ਪ੍ਰਤੀਕ ਹੈ।

## ਸਫਾ 1 ਦੇ ਬਾਕੀ...

### ਗੁਰੂ ਤੇਗ ਬਹਾਦਰ...

ਵਰਤੋਂ 'ਤੇ ਪਾਬੰਦੀ ਲਗਾਈ ਜਾਵੇਗੀ। ਇਸ ਤੋਂ ਪਹਿਲਾਂ ਮਾਨ ਅਤੇ ਕੇਜਰੀਵਾਲ ਨੇ ਸੂਬੇ ਦੀ ਤਰੱਕੀ ਅਤੇ ਪੰਜਾਬੀਆਂ ਦੀ ਖ਼ੁਸ਼ਹਾਲੀ ਲਈ ਅਰਦਾਸ ਕਰਨ ਲਈ ਇੱਥੇ ਵੱਡੇ ਇਕੱਠ ਵਿੱਚ ਸ਼ਿਰਕਤ ਕੀਤੀ।

ਦੋਵਾਂ ਆਗੂਆਂ ਨੇ ਗੁਰਦੁਆਰਾ ਬਾਬਾ ਬੁੱਢਾ ਦਲ ਛਾਉਣੀ ਵਿਖੇ ਗੁਰੂ ਤੇਗ ਬਹਾਦਰ ਜੀ ਅਤੇ ਮਹਾਨ ਸਿੱਖ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤੀ ਗਈ ਅਰਦਾਸ ਵਿੱਚ ਹਿੱਸਾ ਲਿਆ। ਇਸ ਮੌਕੇ ਮੁੱਖ ਮੰਤਰੀ ਅਤੇ ਪਾਰਟੀ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸਿੱਖ ਧਰਮ ਨੇ ਦੁਨੀਆ ਵਿੱਚ ਬਰਾਬਰੀ ਅਤੇ ਧਰਮ ਨਿਰਪੱਖਤਾ ਦਾ ਪ੍ਰਚਾਰ ਕੀਤਾ। ਉਨ੍ਹਾ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਮਨੁੱਖ ਲਈ ਭਾਈਚਾਰੇ, ਧਰਮ ਨਿਰਪੱਖਤਾ ਅਤੇ ਸਮਾਜਵਾਦ ਦਾ ਚਾਨਣ-ਮੁਨਾਰਾ ਹਨ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਨੂੰ ਖਾਸ ਕਰਕੇ ਸਿੱਖਾਂ ਨੂੰ ਮਹਾਨ ਸਿੱਖ ਗੁਰੂਆਂ ਤੋਂ ਕੁਰਬਾਨੀ ਅਤੇ ਬਹਾਦਰੀ ਦਾ ਜਜ਼ਬਾ ਵਿਰਾਸਤ ਵਿੱਚ ਮਿਲਿਆ ਹੈ, ਜਿਨ੍ਹਾਂ ਨੇ ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨਾ ਸਿਖਾਇਆ। ਉਨ੍ਹਾ ਕਿਹਾ ਕਿ ਇਹ ਸੂਬਾ ਸਰਕਾਰ ਦਾ ਫ਼ਰਜ਼ ਹੈ ਕਿ ਉਹ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਵੀ ਤੌਰ 'ਤੇ ਸੰਭਾਲੇ।

### ਕਾਰਪੋਰੇਟ ਘਰਾਣੇ ਦੇਸ਼...

ਸੰਸਥਾਵਾਂ 'ਤੇ ਪੂਰੀ ਤਰ੍ਹਾਂ ਫਾਸ਼ੀਵਾਦੀ ਤਾਕਤਾਂ ਦਾ ਕਬਜ਼ਾ ਹੋ ਚੁੱਕਿਆ ਹੈ। ਉਹਨਾ ਕਿਹਾ ਕਿ ਬਿਹਾਰ ਚੋਣਾਂ ਨੇ ਦੱਸ ਦਿੱਤਾ ਹੈ ਕਿ ਚੋਣ ਕਮਿਸ਼ਨ ਪੂਰੀ ਤਰ੍ਹਾਂ ਭਾਜਪਾ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਹੈ। ਇਸੇ ਦੌਰਾਨ ਪਿਛਲੇ ਸਮੇਂ ਦੀਆਂ ਸਰਗਰਮੀਆਂ ਦੀ ਰਿਪੋਰਟ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਪੇਸ਼ ਕੀਤੀ, ਜਿਸ ਨੂੰ ਹਾਊਸ ਨੇ ਬਹਿਸ ਉਪਰੰਤ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਕਾਨਫਰੰਸ ਨੂੰ ਸੰਬੋਧਨ ਕਰਦਿਆ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਕਾਰਪੋਰੇਟ ਘਰਾਣੇ ਦੇਸ਼ ਦੇ ਸਾਰੇ ਆਰਥਕ ਵਸੀਲਿਆ 'ਤੇ ਕਾਬਜ਼ ਹੋਣਾ ਚਾਹੁੰਦੇ ਹਨ ਤੇ ਮੋਦੀ ਹਕੂਮਤ ਲਗਾਤਾਰ ਦੇਸ਼ ਦੇ ਖਣਿਜ ਪਦਾਰਥਾਂ, ਕੁਦਰਤੀ ਸੋਮਿਆਂ ਤੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਾਰਪੋਰੇਟ ਘਰਾਨਿਆਂ ਦਾ ਕਬਜ਼ਾ ਕਰਵਾਉਣ ਲਈ ਨੀਤੀਆਂ ਘੜ ਰਹੀ ਹੈ। ਚਾਰ ਲੇਬਰ ਕੋਡਾਂ ਨੂੰ ਮੋਦੀ ਸਰਕਾਰ ਵੱਲੋਂ ਪਿਛਲੀ 21 ਨਵੰਬਰ ਨੂੰ ਨੋਟੀਫਾਈ ਕਰਕੇ ਮਜ਼ਦੂਰਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਰੱਖ ਦਿੱਤਾ ਹੈ। ਇਸ ਮੌਕੇ ਕ੍ਰਿਸ਼ਨ ਚੌਹਾਨ ਨੇ 37 ਮੈਂਬਰੀ ਜ਼ਿਲ੍ਹਾ ਕੌਂਸਲ ਦਾ ਪੈਨਲ ਹਾਊਸ 'ਚ ਰੱਖਿਆ, ਜਿਸ ਨੂੰ ਹਾਊਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।ਨਵੀਂ ਚੁਣੀ ਜ਼ਿਲ੍ਹਾ ਕੌਂਸਲ ਨੇ ਸਰਬਸੰਮਤੀ ਨਾਲ ਕ੍ਰਿਸਨ ਚੌਹਾਨ ਨੂੰ ਜ਼ਿਲ੍ਹਾ ਸਕੱਤਰ, ਐਡਵੋਕੇਟ ਕੁਲਵਿੰਦਰ ਉਡਤ ਤੇ ਵੇਦ ਪ੍ਰਕਾਸ਼ ਨੂੰ ਜਿਲ੍ਹਾ ਸਹਾਇਕ ਸਕੱਤਰ ਚੁਣ ਲਿਆ। ਇਸ ਮੌਕੇ ਸੀਤਾ ਰਾਮ ਗੋਬਿੰਦਪੁਰਾ, ਮਲਕੀਤ ਮੰਦਰਾਂ, ਜਗਸੀਰ ਸਿੰਘ ਰਾਏਕੇ, ਰਤਨ ਭੋਲਾ, ਦਲਜੀਤ ਸਿੰਘ ਮਾਨਸ਼ਾਹੀਆ, ਬਲਦੇਵ ਸਿੰਘ ਬਾਜੇਵਾਲਾ, ਗੁਰਪਿਆਰ ਸਿੰਘ ਫੱਤਾ, ਪੂਰਨ ਸਿੰਘ ਸਰਦੂਲਗੜ੍ਹ, ਬੂਟਾ ਸਿੰਘ ਬਰਨਾਲਾ, ਮਨਪ੍ਰੀਤ ਸਿੰਘ ਫਰੀਦਕੇ, ਗੋਰਾ ਸਿੰਘ ਟਾਹਲੀਆ, ਕਰਨੈਲ ਸਿੰਘ ਦਾਤੇਵਾਸ, ਮਲਕੀਤ ਸਿੰਘ ਬਖਸ਼ੀਵਾਲਾ, ਜਗਤਾਰ ਕਾਲਾ, ਚਿਮਨ ਲਾਲ ਕਾਕਾ, ਹਰਕੇਸ਼ ਮੰਡੇਰ, ਹਰਪਾਲ ਬੱਪੀਆਣਾ, ਗੁਰਦਿਆਲ ਦਲੇਲ ਸਿੰਘ ਵਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ। ਕਾਨਫਰੰਸ ਦੇ ਅਖੀਰ ਵਿੱਚ ਪ੍ਰਧਾਨਗੀ ਮੰਡਲ ਵੱਲੋਂ ਰੂਪ ਸਿੰਘ ਢਿੱਲੋਂ ਨੇ ਸਮੁੱਚੇ ਹਾਜ਼ਰੀਨ ਦਾ ਧੰਨਵਾਦ ਕੀਤਾ।

### ਕੁਲਵੰਤ ਸਿੰਘ ਮੌਲਵੀਵਾਲਾ...

ਧਾਲੀਵਾਲ ਨੇ ਕਿਹਾ ਕਿ ਇਸ ਸਮੇਂ ਦੇਸ਼ ਗੰਭੀਰ ਰਾਜਨੀਤਕ ਅਤੇ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇੱਕ ਪਾਸੇ ਜਿੱਥੇ ਅਮਰੀਕਾ ਦੇ ਇਸ਼ਾਰਿਆਂ ਉੱਤੇ ਚੱਲਦਿਆਂ ਪੂੰਜੀਪਤੀਆਂ ਦਾ ਪੱਖ ਪੂਰ ਰਹੀ ਹੈ, ਉੱਥੇ ਦੂਜੇ ਪਾਸੇ ਧਰਮ 'ਤੇ ਅਧਾਰਤ ਰਾਜਨੀਤੀ ਕਰਕੇ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਬਰਤਾਨਵੀ ਹਕੂਮਤ ਤੋਂ ਵੀ ਵੱਧ ਪਾੜੋ ਅਤੇ ਰਾਜ ਕਰੋ ਦੀ ਨੀਤੀ ਉੱਤੇ ਚੱਲ ਰਹੀ ਹੈ। ਘੱਟ-ਗਿਣਤੀਆਂ ਨੂੰ ਲਤਾੜਿਆ ਜਾ ਰਿਹਾ ਅਤੇ ਨਿਰੋਲ ਫਾਸ਼ੀਵਾਦ ਤਾਕਤਾਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ।ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਕਿਸਾਨ ਘੋਲ ਦੌਰਾਨ ਵਾਪਸ ਲਏ ਬਿਜਲੀ ਬਿੱਲ 2020 ਨੂੰ ਹੁਣ ਬਿਜਲੀ ਬਿੱਲ 2025 ਦੇ ਨਾਂਅ ਉੱਤੇ ਮੁੜ ਲੋਕਾਂ 'ਤੇ ਥੋਪਣ ਦੀ ਚਾਲ ਚੱਲੀ ਜਾ ਰਹੀ ਹੈ। ਇਸ ਤੋਂ ਇਲਾਵਾ ਖੇਤੀ ਸੈਕਟਰ ਨੂੰ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦੀ ਪ੍ਰਤੱਖ ਮਿਸਾਲ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਅਮਰੀਕਾ ਤੋਂ ਦਰਾਮਦ ਕਰਨ ਵਾਲੇ ਰੂੰਅ ਨੂੰ ਟੈਕਸ ਫਰੀ ਕਰਨਾ ਹੈ। ਉਹਨਾਂ ਕਿਹਾ ਕਿ ਕੇਂਦਰ ਦੇ ਅਜਿਹੇ ਫੈਸਲੇ ਕਿਸਾਨ ਮਾਰੂ ਸਾਬਤ ਹੋਣਗੇ। ਇਸ ਲਈ ਜਿੱਥੇ ਖੱਬੀਆਂ ਪਾਰਟੀਆਂ ਮੈਦਾਨ ਵਿੱਚ ਡਟੀਆਂ ਹੋਈਆਂ ਹਨ, ਉੱਥੇ ਕਿਸਾਨ ਜਥੇਬੰਦੀਆਂ ਦਾ ਸਾਥ ਦੇ ਕੇ ਹਰ ਕਿਸਾਨ-ਮਜ਼ਦੂਰ ਵਪਾਰੀ ਨੂੰ ਕਿਸਾਨ ਹਿੱਤਾਂ ਦੀ ਰਾਖੀ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਡੈਲੀਗੇਟ ਇਜਲਾਸ ਦੌਰਾਨ 37 ਮੈਂਬਰੀ ਜ਼ਿਲ੍ਹਾ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵੱਲੋਂ ਸਰਬ-ਸੰਮਤੀ ਨਾਲ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੂੰ ਜ਼ਿਲ੍ਹਾ ਸਕੱਤਰ, ਬਿਰਜ ਲਾਲ ਬਿਠਾਉਣੀਆਂ ਅਤੇ ਸੁਖਦੇਵ ਸੁੱਖੀ ਨੂੰ ਮੀਤ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਅੱਠ ਡੈਲੀਗੇਟਾਂ ਦੀ 15-16 ਦਸੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਸੂਬਾ ਕਾਨਫਰੰਸ ਲਈ ਚੋਣ ਕੀਤੀ ਗਈ।

## ਘਰੋਂ ਭੱਜੇ ਪਾਕਿਸਤਾਨੀ ਪ੍ਰੇਮੀ-ਪ੍ਰੇਮਿਕਾ ਭਾਰਤ 'ਚ ਦਾਖਲ

**ਕੱਛ** : ਇੱਕ ਪਾਕਿਸਤਾਨੀ ਨੌਜਵਾਨ ਅਤੇ ਉਸ ਦੀ ਪ੍ਰੇਮਿਕਾ ਆਪਣੇ ਘਰੋਂ ਭੱਜ ਕੇ ਗੁਜਰਾਤ ਦੇ ਕੱਛ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਤੱਕ ਪੈਦਲ ਹੀ ਪਹੁੰਚ ਗਏ। ਇਸ ਦੌਰਾਨ ਸੁਰੱਖਿਆ ਬਲਾਂ ਦੁਆਰਾ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਸ ਅਨੁਸਾਰ ਬਾਰਡਰ ਸੁਰੱਖਿਆ ਬਲ ਦੇ ਜਵਾਨਾਂ ਨੇ ਸੋਮਵਾਰ ਨੂੰ ਪੋਪਟ (24) ਅਤੇ ਗੌਰੀ (20) ਨੂੰ ਅੰਤਰਰਾਸ਼ਟਰੀ ਸਰਹੱਦ ਪਾਰ ਕਰਨ ਤੋਂ ਬਾਅਦ ਹਿਰਾਸਤ ਵਿੱਚ ਲਿਆ। ਬਾਲਾਸਰ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪੋਪਟ ਅਤੇ ਗੌਰੀ ਐਤਵਾਰ ਰਾਤ ਨੂੰ ਪਾਕਿਸਤਾਨ ਵਿੱਚ ਆਪਣੇ ਪਿੰਡ ਤੋਂ ਭੱਜ ਗਏ ਸਨ, ਜੋ ਕੌਮਾਂਤਰੀ ਸਰਹੱਦ ਤੋਂ 8 ਕਿਲੋਮੀਟਰ ਦੂਰ ਹੈ। ਉਨ੍ਹਾ ਦੱਸਿਆ ਕਿ ਪਿੱਲਰ ਨੰਬਰ 1016 ਦੇ ਨੇੜੇ ਗਸ਼ਤ ਕਰ ਰਹੇ ਬੀ ਐੱਸ ਐੱਫ ਦੇ ਜਵਾਨਾਂ ਨੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਜੋੜੇ ਨੇ ਖੁਲਾਸਾ ਕੀਤਾ ਕਿ ਉਹ ਭੱਜ ਆਏ ਹਨ, ਕਿਉਂਕਿ ਉਨ੍ਹਾਂ ਦੇ ਪਰਵਾਰ ਉਨ੍ਹਾਂ ਦੇ ਵਿਆਹ ਦੇ ਖਿਲਾਫ਼ ਹਨ। ਉਨ੍ਹਾਂ ਕਿਹਾ ਕਿ ਸੰਬੰਧਤ ਏਜੰਸੀਆਂ ਅਗਲੇਰੀ ਜਾਂਚ ਕਰਨਗੀਆਂ ਅਤੇ ਅਜੇ ਤੱਕ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ।

## ਗੋਬਿੰਦਪੁਰਾ ਸਕੂਲ ਦੇ ਵਿਦਿਆਰਥੀਆਂ ਦਾ ਜੈਪੁਰ ਵਿੱਦਿਅਕ ਟੂਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਪ੍ਰੋਜੈਕਟ ਇਨੋਵੇਸ਼ਨ ਅਧੀਨ ਜਾਰੀ ਹੁਕਮਾਂ ਦੇ ਤਹਿਤ ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਦੇ ਛੇਵੀਂ ਤੋਂ ਬਾਰਵੀਂ ਤੱਕ ਦੇ ਅਕਾਦਮਿਕ ਤੇ ਸਹਿ-ਅਕਾਦਮਿਕ ਖੇਤਰਾਂ ਵਿੱਚੋਂ ਚੁਣੇ ਹੋਏ 52 ਹੋਣਹਾਰ ਵਿਦਿਆਰਥੀਆਂ ਲਈ 14 ਤੋਂ 20 ਨਵੰਬਰ 2025 ਤੱਕ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਖੇ ਪੰਜ ਰੋਜ਼ਾ ਸਿੱਖਿਆਦਾਇਕ ਯਾਤਰਾ ਕੀਤੀ ਗਈ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਦੱਸਿਆ ਕਿ ਇਸ ਯਾਤਰਾ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਕਿਤਾਬਾਂ ਤੋਂ ਇਲਾਵਾ ਅਨੁਭਵ-ਅਧਾਰਿਤ ਸਿੱਖਣ ਦੇ ਮੌਕੇ ਪ੍ਰਦਾਨ ਕਰਨਾ ਸੀ ਤਾਂ ਜੋ ਉਹ ਇਤਿਹਾਸ, ਵਿਗਿਆਨ, ਕਲਾ ਤੇ ਸੱਭਿਆਚਾਰ ਨੂੰ ਪ੍ਰਤੱਖ ਤੌਰ 'ਤੇ ਵੇਖ ਕੇ ਸਮਝ ਸਕਣ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਜਗਿਆਸਾ ਤੇ ਖੋਜ-ਰੁਚੀ ਦਾ ਵਿਕਾਸ ਪੈਦਾ ਹੋਵੇ। ਯਾਤਰਾ ਸਮੇਂ ਵਿਦਿਆਰਥੀਆਂ ਨੇ ਹਵਾ ਮਹਿਲ, ਜੰਤਰ-ਮੰਤਰ, ਸਿਟੀ ਪੈਲੇਸ, ਨਾਹਰਗੜ੍ਹ ਕਿਲ੍ਹਾ, ਜੈਗੜ੍ਹ ਕਿਲ੍ਹਾ, ਆਮੇਰ ਕਿਲ੍ਹਾ, ਨਾਹਰਗੜ੍ਹ ਜਿਓਲੌਜੀਕਲ ਤੇ ਤਕਨੀਕੀ ਪਾਰਕ, ਐਲਬਰਟ ਹਾਲ, ਜਲ ਮਹਿਲ, ਬਿਰਲਾ ਮੰਦਰ, ਪਲੇਨਿਟੇਰੀਅਮ, ਖੇਤਰੀ ਵਿਗਿਆਨ ਕੇਂਦਰ ਤੇ ਚੋਖੀ ਢਾਣੀ ਵਰਗੇ ਇਤਿਹਾਸਕ, ਧਾਰਮਿਕ, ਵਿਗਿਆਨਕ ਤੇ ਸੱਭਿਆਚਾਰਕ ਮਹੱਤਤਾ ਵਾਲੇ ਸਥਾਨਾਂ ਦਾ ਅਧਿਐਨ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦੇ ਗਿਆਨ ਵਿੱਚ ਭਰਪੂਰ ਵਾਧਾ ਕੀਤਾ। ਇਸ ਦੇ ਨਾਲ ਵਿਦਿਆਰਥੀਆਂ ਨੂੰ ਅਜਮੇਰ ਤੇ ਪੁਸ਼ਕਰ ਦੇ ਪ੍ਰਸਿੱਧ ਧਾਰਮਿਕ ਸਥਾਨਾਂ 'ਤੇ ਵੀ ਘੁੰਮਾਇਆ ਗਿਆ, ਜਿਸ ਨਾਲ ਉਨ੍ਹਾਂ ਅੰਦਰ ਰਾਜਸਥਾਨ ਦੀ ਧਾਰਮਿਕ ਤੇ ਸੱਭਿਆਚਾਰਕ ਵਿਭਿੰਨਤਾ ਬਾਰੇ ਸਮਝ ਪੈਦਾ ਕੀਤੀ ਗਈ। ਵਿਦਿਆਰਥੀਆਂ ਦੀ ਰਿਹਾਇਸ਼ ਤੇ ਭੋਜਨ ਦੀਆਂ ਵਧੀਆ ਸਹੂਲਤਾਂ ਦਾ ਪ੍ਰਬੰਧ ਇੱਕ ਉੱਤਮ ਹੋਟਲ ਵਿੱਚ ਕੀਤਾ ਗਿਆ ਸੀ ਅਤੇ ਪੂਰੀ ਯਾਤਰਾ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਵਿੱਚ ਅਧਿਆਪਕਾਵਾਂ ਰੂਬੀ ਮਹਿਤਾ, ਅਨੀਤਾ ਰਾਣੀ (ਵਿਸ਼ਾ ਸਾਇੰਸ) ਤੇ ਅਧਿਆਪਕ ਜਗਜੀਤ ਸਿੰਘ (ਵਿਸ਼ਾ ਗਣਿਤ) ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਸੰਪੰਨ ਹੋਈ।

## ਗੁਰਸ਼ਰਨ ਸਿੰਘ ਤੇ ਸੁਰਿੰਦਰ ਸਿੰਘ ਬਾਬਾ ਨਾਮਦੇਵ ਵੈੱਲਫੇਅਰ ਸਭਾ ਦੇ ਪ੍ਰਧਾਨ ਤੇ ਜਨਰਲ ਸਕੱਤਰ ਚੁਣੇ



**ਧੂਰੀ (ਸੁਖਦੇਵ ਧੂਰੀ)**-ਬੀਤੇ ਦਿਨੀਂ ਬਾਬਾ ਨਾਮਦੇਵ ਵੈੱਲਫੇਅਰ ਸਭਾ (ਰਜਿ) ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਕੁਲਵੰਤ ਸਿੰਘ ਵਰਨ ਚੇਅਰਮੈਨ, ਕਰਮ ਸਿੰਘ ਮਾਨ, ਸਵਰਨ ਸਿੰਘ ਸ਼ਿਮਲੇ ਵਾਲੇ, ਸੁਰਿੰਦਰ ਸਿੰਘ ਕੈਂਥ, ਗੁਰਸ਼ਰਨ ਸਿੰਘ ਅਕਾਲ ਕਿੰਗ ਇੰਡਸਟਰੀ ਵਾਲੇ, ਜਸਪਾਲ ਸਿੰਘ ਪਾਲ ਬੁੱਕ ਡੀਪੂ ਵਾਲੇ, ਚਰਨਜੀਤ ਸਿੰਘ, ਜਸਪਾਲ ਸਿੰਘ ਜੱਗੀ ਤੇ ਅਮਰਜੀਤ ਸਿੰਘ ਮੋਹਲ ਸ਼ਾਮਲ ਹੋਏ।ਵਿਚਾਰ ਵਟਾਂਦਰਾ ਕਰਨ ਉਪਰੰਤ ਸਰਬ-ਸੰਮਤੀ ਨਾਲ ਗੁਰਸ਼ਰਨ ਸਿੰਘ ਅਕਾਲ ਕਿੰਗ ਇੰਡਸਟਰੀ ਵਾਲਿਆਂ ਨੂੰ ਪ੍ਰਧਾਨ, ਸੁਰਿੰਦਰ ਸਿੰਘ ਕੈਂਥ ਨੂੰ ਜਨਰਲ ਸਕੱਤਰ ਤੇ ਮਾਸਟਰ ਗੁਰਮੀਤ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ।ਇਸ ਕਮੇਟੀ ਦਾ ਕਾਰਜਕਾਲ ਦੋ ਸਾਲ ਦਾ ਹੋਵੇਗਾ।ਇਸ ਮੌਕੇ ਪ੍ਰਧਾਨ ਗੁਰਸ਼ਰਨ ਸਿੰਘ ਨੇ ਕਿਹਾ ਕਿ ਜੋ ਸੇਵਾ ਮੈਨੂੰ ਸੌਂਪੀ ਗਈ ਹੈ, ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ।ਇਸ ਮੌਕੇ ਉਨ੍ਹਾਂ ਸਮੁੱਚੇ ਭਾਈਚਾਰੇ ਦੀ ਭਲਾਈ ਲਈ ਉਚੇਚੇ ਯਤਨ ਕਰਨ ਦਾ ਐਲਾਨ ਵੀ ਕੀਤਾ।

## ਲਾਰੈਂਸ ਸਕੂਲ 'ਚ 350ਵਾਂ ਸ਼ਹੀਦੀ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਜੀਨਮ ਤੇ ਮਨੋਜ ਕੁਮਾਰ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ 350ਵੇਂ ਸ਼ਹੀਦੀ ਦਿਵਸ ਨੂੰ ਬੜੇ ਹੀ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਗੁਰੂ ਦੀ ਬਾਣੀ ਦੇ 'ਸ੍ਰੀ ਜਪਜੀ ਸਾਹਿਬ' ਦੇ ਪਾਠ ਤੇ ਸਲੋਕ ਨਾਲ ਹੋਈ, ਜਿਸ ਨਾਲ ਪੂਰਾ ਸਕੂਲ ਪਵਿੱਤਰਤਾ ਤੇ ਸ਼ਾਂਤੀ ਦੇ ਮਾਹੌਲ ਨਾਲ ਗੂੰਜ ਉੱਠਿਆ।ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਅਤੁੱਲ ਬਲੀਦਾਨ ਰੂਹ ਨੂੰ ਯਾਦ ਕੀਤਾ ਤੇ ਧਰਮ ਤੇ ਮਨੁੱਖਤਾ ਲਈ ਉਨ੍ਹਾਂ ਦੇ ਕੀਤੇ ਮਹਾਨ ਕੰਮ ਨੂੰ ਨਮਨ ਕੀਤਾ।ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਉਨ੍ਹਾਂ ਦੇ ਸ਼ਹੀਦੀਆਂ ਨੂੰ ਸਮਰਪਤ ਭਾਸ਼ਣ, ਕਵਿਤਾਵਾਂ ਦੇ ਰੂਪ 'ਚ ਆਪਣੀ ਭਾਵਨਾਵਾਂ ਪ੍ਰਗਟ ਕੀਤੀਆਂ।ਕੁਝ ਵਿਦਿਆਰਥੀਆਂ ਨੇ ਗੁਰੂ ਜੀ ਦੇ ਜੀਵਨ ਸੰਘਰਸ਼ ਉਨ੍ਹਾਂ ਦੇ ਆਦਰਸ਼ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੀਤੇ ਉਪਰਾਲਿਆਂ 'ਤੇ ਅਧਾਰਤ ਸ਼ਬਦ ਵੀ ਪੇਸ਼ ਕੀਤੇ।ਅਧਿਆਪਕਾਂ ਵੱਲੋਂ ਗੁਰੂ ਸਾਹਿਬ ਦੀ ਜੀਵਨੀ ਦੇ ਮਹੱਤਵਪੂਰਨ ਪੱਖਾਂ ਨੂੰ ਰੌਸ਼ਨ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਸਾਰੇ ਸਕੂਲ ਪਰਵਾਰ ਵੱਲੋਂ ਅਰਦਾਸ ਕੀਤੀ ਗਈ, ਜਿਸ ਵਿੱਚ ਸ਼ਾਂਤੀ, ਸਾਂਝ, ਸਹਿਯੋਗ ਤੇ ਸਭ ਦੇ ਚੜ੍ਹਦੀ ਕਲਾ ਦੀ ਪ੍ਰਾਰਥਨਾ ਕੀਤੀ ਗਈ।

## ਪਟਿਆਲਾ ਤੋਂ ਡਕਾਲਾ ਰੋਡ ਦਾ ਨਾਂਅ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਰੱਖਿਆ ਜਾਵੇ : ਰਾਜਿੰਦਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਸਮਾਣਾ ਰਾਜਿੰਦਰ ਸਿੰਘ ਨੇ ਕਿਹਾ ਕਿ ਪਟਿਆਲਾ ਤੋਂ ਡਕਾਲਾ ਰੋਡ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਰਗ ਰੱਖਿਆ ਜਾਵੇ ਉਨ੍ਹਾਂ ਦੱਸਿਆ ਕਿ ਸ਼ਹੀਦੀ ਦੇਣ ਤੋਂ ਪਹਿਲਾਂ ਸ੍ਰੀ ਗੁਰੂ ਬਹਾਦਰ ਸਾਹਿਬ ਜੀ ਨੇ ਸਮੁੱਚੇ ਪੰਜਾਬ ਦਾ ਦੌਰਾ ਕੀਤਾ ਤੇ ਆਪਣਾ ਸੰਦੇਸ਼ ਘਰ-ਘਰ ਤੱਕ ਪੁਚਾਇਆ।ਇਸ ਤੋਂ ਬਾਅਦ ਜਦੋਂ ਧਰਮ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਗਏ ਤਾਂ ਪਹਿਲਾਂ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਠਹਿਰੇ ਸਨ।ਇਸ ਮਾਰਗ ਰਾਹੀਂ ਪਿੰਡ ਖੇੜਾ ਜੱਟਾਂ ਪਹੁੰਚੇ ਤੇ ਇਸ ਤੋਂ ਬਾਅਦ ਕਰਹਾਲੀ ਸਾਹਿਬ ਵਿਖੇ ਪਹੁੰਚੇ।ਇਹ ਮਾਰਗ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ।ਇਸ ਲਈ ਇਸ ਮਾਰਗ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਰੱਖਿਆ ਜਾਣਾ। ਚਾਹੀਦਾ ਹੈ ।ਰਾਜਿੰਦਰ ਸਿੰਘ ਕਿਹਾ ਕਿ 350 ਸਾਲਾ ਸ਼ਹੀਦੀ ਸਮਾਗਮ ਮੌਕੇ ਇਸ ਮਾਰਗ ਦਾ ਨਾਂਅ ਗੁਰੂ ਸਾਹਿਬ ਦੇ ਨਾਂ 'ਤੇ ਰੱਖਣਾ ਹੀ ਉਨ੍ਹਾਂ ਸੱਚੀ ਸ਼ਰਧਾਂਜਲੀ ਹੋਵੇਗੀ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਸ਼ਰਧਾ ਨਾਲ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਬੜੇ ਆਦਰ ਤੇ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪੰਜ ਪਿਆਰਿਆਂ ਵੱਲੋਂ ਮੂਲ ਮੰਤਰ ਨਾਲ ਹੋਈ। ਸ੍ਰੀ ਜਪੁਜੀ ਸਾਹਿਬ ਜੀ ਦਾ ਦਾ ਪਾਠ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ ਤੇ ਗੁਰੂ ਸਾਹਿਬ ਦੀ ਬਾਣੀ ਦੇ ਸ਼ਲੋਕ ਪੜ੍ਹੇ ਗਏ। ਮੈਡਮ ਕੁਲਵੰਤ ਕੌਰ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਲਿਦਾਨ ਤੇ ਸਾਰੇ ਸੰਸਾਰ ਲਈ ਉਨ੍ਹਾਂ ਦੇ ਅਨਮੋਲ ਉਪਦੇਸ਼ਾਂ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਬੱਚਿਆਂ ਵੱਲੋਂ ਕਵਿਤਾ, ਪਾਠ, ਭਾਸ਼ਣ ਤੇ ਧਾਰਮਿਕ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਐਮ. ਡੀ ਪ੍ਰੋਫੈਸਰ ਐਮ. ਐਲ. ਅਰੋੜਾ, ਡਾਇਰੈਕਟਰ ਡਾ. ਨੰਦੀਤਾ ਗਰੋਵਰ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਗੁਰੂ ਸਾਹਿਬ ਦੀ ਸਿੱਖਿਆ ਸੱਚ, ਹਿੰਮਤ ਤੇ ਮਨੁੱਖਤਾ ਦੀ ਰਾਖੀ ਨੂੰ ਜੀਵਨ 'ਚ ਅਪਨਾਉਣ ਦਾ ਸੰਦੇਸ਼ ਦਿੱਤਾ। ਅਰਦਾਸ ਕਰਨ ਉਪਰੰਤ ਸਮਾਗਮ ਦਾ ਸਮਾਪਤੀ 'ਤੇ ਪ੍ਰਸ਼ਾਦ ਵੰਡਿਆ ਗਿਆ।

## ਕੁਇਜ਼ ਮੁਕਾਬਲੇ ਦੇ ਜੇਤੂ ਬੱਚਿਆਂ ਦਾ ਸਨਮਾਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**- ਸਰਕਾਰੀ ਪ੍ਰਾਇਮਰੀ ਸਕੂਲ ਭਾਗੀਕੇ 'ਚ ਰਣਜੀਤ ਸਿੰਘ ਤਖਤੂਪੁਰਾ ਰਿਟਾਇਰਡ ਅਧਿਆਪਕ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੁਇਜ਼ ਮੁਕਾਬਲੇ ਕਰਾਏ ਤੇ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ। ਇਸ ਸ਼ੁਭ ਕੰਮ ਲਈ ਮੁੱਖ ਅਧਿਆਪਕ ਸ੍ਰੀਮਤੀ ਅਮਰਜੀਤ ਕੌਰ ਤੇ ਸਮੂਹ ਸਟਾਫ਼ ਵੱਲੋਂ ਰਣਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫਲਸਫਾ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅੱਜ ਵੀ ਪ੍ਰਸੰਗਿਕ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਨੌਂਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਤੇ ਖਾਲਸਾ ਪੰਥ ਦੀ ਸਾਜਨਾ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਕਾਰ ਵੱਲੋਂ ਕਰਵਾਏ ਗਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕੀਤਾ ਅਤੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਫਲਸਫਾ ਤੇ ਸਿੱਖਿਆਵਾਂ ਅੱਜ ਵੀ ਸਮੁੱਚੀ ਮਨੁੱਖਤਾ ਲਈ ਬਰਾਬਰ ਪ੍ਰਸੰਗਕ ਹਨ। ਸ. ਧਾਲੀਵਾਲ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਯਾਦਗਾਰੀ ਹਾਲ ਵਿਖੇ ਹੋਏ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਸੰਬੋਧਨ ਕਰਦਿਆਂ ਸੈਸ਼ਨ 'ਚ ਮੌਜੂਦ ਮੁੱਖ ਮੰਤਰੀ ਪੰਜਾਬ ਸਮੇਤ ਸਮੂਹ ਕੈਬਨਿਟ ਮੰਤਰੀਆਂ, ਸਮੂਹ ਵਿਧਾਇਕਾਂ ਅਤੇ ਦਰਸ਼ਕ ਗੈਲਰੀ 'ਚ ਮੌਜੂਦ ਮੁੱਖ ਸ਼ਖਸ਼ੀਅਤਾਂ ਸਮੇਤ ਦਰਸ਼ਕਾਂ ਨਾਲ ਇਹ ਵੀ ਜਾਣਕਾਰੀ ਸਾਂਝੀ ਕੀਤੀ ਕਿ ਉਨ੍ਹਾਂ (ਸ. ਧਾਲੀਵਾਲ) ਦੇ ਵਿਧਾਨ ਸਭਾ ਹਲਕੇ 'ਚ ਪੈਂਦੇ ਇਤਿਹਾਸਕ ਪਿੰਡ ਘੁੱਕੇਵਾਲੀ (ਗੁਰੂ ਕਾ ਬਾਗ) ਵਿਖੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਤੇ ਹੱਕ ਸੱਚ ਦੀ ਰਾਖੀ ਲਈ ਲਾਮਿਸਾਲ ਅਦੁੱਤੀ ਕੁਰਬਾਨੀ ਦੇਣ ਵਾਲੇ ਸ੍ਰੀ ਗੁਰੂ



● ਮੁੱਖ ਮੰਤਰੀ ਮਾਨ ਵੱਲੋਂ ਪਿੰਡ ਘੁੱਕੇਵਾਲੀ (ਗੁਰੂ ਕਾ ਬਾਗ) ਦੇ ਵਿਕਾਸ ਲਈ 50 ਲੱਖ ਰੁਪਏ ਜਾਰੀ

ਤੇਗ ਬਹਾਦਰ ਸਾਹਿਬ ਜੀ ਨੇ 9 ਮਹੀਨੇ 9 ਦਿਨ ਤੇ 9 ਘੜੀਆਂ ਨਿਰੰਤਰ ਨਿਵਾਸ ਰੱਖਿਆ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਆਪਣੇ ਹੱਥੀਂ ਪਿੱਪਲਾਂ ਦੇ ਦਰੱਖਤਾਂ ਸਮੇਤ ਹੋਰ ਵੱਖ-ਵੱਖ ਕਿਸਮ ਦੇ ਰੁੱਖਾਂ ਦਾ ਬਾਗ ਲਗਾਇਆ।ਉਨ੍ਹਾਂ ਕਿਹਾ ਕਿ ਆਪਣੇ ਨਿਵਾਸ ਦੌਰਾਨ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੁੱਚੇ ਫਲਸਫੇ ਨਾਲ ਜੋੜਣ, ਉਸ ਸਮੇਂ ਦੇ ਹਾਕਮਾਂ ਵੱਲੋਂ ਕਿਸਾਨਾਂ ਦੀ ਉਪਜ ਦੇ ਅੱਧਾ ਹਿੱਸੇ ਨੂੰ ਜਬਰੀ ਟੈਕਸ ਵਸੂਲੇ ਜਾਂਦੇ ਵਰਤਾਰੇ, ਮਨੁੱਖੀ ਅਧਿਕਾਰਾਂ ਦੇ ਘਾਣ ਤੇ ਔਰੰਗਜ਼ੇਬ ਦੇ ਜਬਰ , ਜ਼ੁਲਮ, ਵਿਰੁੱਧ ਤੇ ਧਾਰਮਿਕ ਆਜ਼ਾਦੀ ਲਈ ਜਾਗਰੂਕ ਕੀਤਾ।ਜਦੋਂਕਿ ਸਿੱਖ ਇਤਿਹਾਸ ਦੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਜਨਮ ਸਥਾਨ ਅਜਨਾਲਾ ਹਲਕੇ ਦੇ ਇਤਿਹਾਸਕ ਪਿੰਡ ਗੱਗੋਮਾਹਲ 'ਚ ਹੈ।ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਅਜਨਾਲਾ ਹਲਕੇ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕਾ ਬਾਗ ਦੇ ਬਹੁਪੱਖੀ ਵਿਕਾਸ ਲਈ 50 ਲੱਖ ਰੁਪਏ ਰਾਸ਼ੀ ਮਨਜ਼ੂਰ ਕੀਤੇ ਜਾਣ ਹਿੱਤ ਉਚੇਚਾ ਧੰਨਵਾਦ ਕੀਤਾ।ਸ. ਧਾਲੀਵਾਲ ਨੇ ਵਿਸ਼ੇਸ਼ ਸੈਸ਼ਨ 'ਚ ਆਪਣੇ ਸੰਬੋਧਨ ਨੂੰ ਜਾਰੀ ਰੱਖਦਿਆਂ ਕਿਹਾ ਕਿ ਖਾਲਸਾ ਪੰਥ ਦੀ ਸਾਜਨਾ ਧਰਤੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੋਂ ਸਮੂਹ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਧਰਤੀ ਦੇ ਕਿਸੇ ਕੋਨੇ 'ਚ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਤੇ ਜਬਰ ਜ਼ੁਲਮ ਦਾ ਮੰਦਭਾਗਾ ਵਰਤਾਰਾ ਵਾਪਰ ਰਿਹਾ ਹੋਵੇ, ਉਥੇ ਡੱਟ ਕੇ ਵਿਰੋਧ ਲਈ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਕਈ ਤਰ੍ਹਾਂ ਦੇ ਵਿਤਕਰਿਆਂ ਸਮੇਤ ਜਬਰ ਦਾ ਮੁਕਾਬਲਾ ਕਰ ਰਿਹਾ ਹੈ।

# ਸੇਂਟ ਸੋਲਜਰ ਸਕੂਲ ਵੱਲੋਂ ਸ਼ਹੀਦ ਗਹਿਲ ਸਿੰਘ ਯਾਦਗਾਰੀ ਮੇਲੇ ਦੀ ਓਵਰਆਲ ਟਰਾਫੀ ਉੱਤੇ ਕਬਜ਼ਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸ਼ਹੀਦ ਗਹਿਲ ਸਿੰਘ ਯਾਦਗਾਰੀ ਟਰਸਟ ਵੱਲੋਂ ਪਿੰਡ ਛੱਜਲਵੱਡੀ ਦੀ ਗਰਾਊਂਡ ਵਿੱਚ ਸ਼ਹੀਦ ਗਹਿਲ ਸਿੰਘ ਯਾਦਗਾਰੀ ਮੇਲਾ



ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਦੇ ਭਾਸ਼ਣ ਕਵਿਤਾ, ਗੀਤ, ਪੇਂਟਿੰਗ ਕੈਲੀਗ੍ਰਾਫੀ ਅਤੇ ਕੋਰੀਓਗਰਾਫੀਆਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਸ ਮੇਲੇ ਦੀ ਓਵਰਆਲ ਟਰਾਫੀ 'ਤੇ ਕਬਜ਼ਾ ਕੀਤਾ।ਇਸੇ ਤਹਿਤ ਭਾਸ਼ਣ ਵਿੱਚ ਹਰਸਿਮਰਤ ਕੌਰ ਨੇ ਪਹਿਲਾ ਇਨਾਮ, ਕਵਿਤਾ ਵਿੱਚ ਗੁਰਲੀਨ ਕੌਰ ਨੇ ਪਹਿਲਾ ਇਨਾਮ, ਗੀਤ ਗਾਇਨ ਗੁਰਨੂਰ ਸਿੰਘ ਪਹਿਲਾ ਇਨਾਮ, ਪੇਂਟਿੰਗ ਜੂਨੀਅਰ ਪਰਨੀਤ ਕੌਰ ਪਹਿਲਾ ਇਨਾਮ, ਪੇਂਟਿੰਗ ਸਬ ਜੂਨੀਅਰ ਸੀਰਤ ਕੌਰ ਪਹਿਲਾ ਇਨਾਮ, ਅਤੇ ਸਮਾਇਰਾ ਸ਼ਰਮਾ ਨੇ ਤੀਸਰਾ ਇਨਾਮ ਅਤੇ ਪੇਂਟਿੰਗ ਸੀਨੀਅਰ ਵਿੱਚ ਗੁਰਸ਼ਰਨ ਸਿੰਘ ਨੇ ਤੀਸਰਾ ਇਨਾਮ ਹਾਸਿਲ ਕੀਤਾ। ਸਕੂਲ ਵੱਲੋਂ ਪੇਸ਼ ਕੀਤੀ ਗਈ ਕੋਰੀਓਗ੍ਰਾਫੀ ਨੂੰ ਵੀ ਖੂਬ ਸਰਾਹਿਆ ਗਿਆ ਅਤੇ ਕੋਰੀਓਗ੍ਰਾਫੀ ਵਿੱਚ ਵੀ ਪਹਿਲਾ ਇਨਾਮ ਹਾਸਲ ਕੀਤਾ।ਮੇਲੇ ਵਿੱਚ ਸਕੂਲ ਦੇ ਵਿਦਿਆਰਥੀ ਗੁਰਨੂਰ ਸਿੰਘ ਦੇ ਗਾਏ ਗੀਤ ਵੀ ਖੂਬ ਸਰਾਹਨਾ ਕੀਤੀ ਗਈ। ਸਕੂਲ ਪਹੁੰਚਣ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਨੇ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਇਨਾਮ ਦਿੱਤੇ ਤੇ ਸ਼ਾਬਾਸ਼ੀ ਅਤੇ ਵਧਾਈ ਦਿੱਤੀ। ਇਸ ਦੇ ਨਾਲ ਹੀ ਸਬੰਧਤ ਅਧਿਆਪਕਾਂ ਗੁਰਵਿੰਦਰ ਸਿੰਘ, ਅਜੇ ਕੁਮਾਰ, ਸੁਸ਼ੀਲ ਕੁਮਾਰ, ਸੌਰਵ ਕੁਮਾਰ, ਜਗਰੂਪ ਕੌਰ, ਰਮਨਦੀਪ ਕੌਰ ਅਤੇ ਕਲਚਰਲ ਐਕਟੀਵਿਟੀ ਦੇ ਇੰਚਾਰਜ ਸ: ਜਸਬੀਰ ਸਿੰਘ ਦੀ ਮਿਹਨਤ ਨੂੰ ਵੀ ਖੂਬ ਸਰਾਇਆ ਅਤੇ ਸ਼ਾਬਾਸ਼ੀ ਦਿੱਤੀ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ, ਕੁਆਡੀਨੇਟਰ, ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।

# ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਮਾਰੋਹ 30 ਨੂੰ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਰਜਿ. ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ 30 ਨਵੰਬਰ ਦਿਨ ਐਤਵਾਰ ਨੂੰ ਰਾਮ ਸਿੰਘ ਦੱਤ ਦੇਸ਼ ਭਗਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਾ. ਲੇਖ ਰਾਜ ਪ੍ਰਧਾਨ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਨੇ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕੇ ਸੁਲੱਖਣ ਸਰਹੱਦੀ ਸੀਨੀਅਰ ਮੀਤ ਪ੍ਰਧਾਨ, ਮੰਗਤ ਚੰਚਲ ਜਨਰਲ ਸਕੱਤਰ, ਮੱਖਣ ਕੁਹਾੜ ਸੰਯੋਜਨ, ਸੀਤਲ ਸਿੰਘ ਗੁੰਨੋਪੁਰੀ ਸੀ. ਮੀਤ ਪ੍ਰਧਾਨ, ਸੁਸ਼ੀਲ ਦੁਸਾਂਝ ਜਨਰਲ ਸਕੱਤਰ, ਡਾ. ਰਜਵਿੰਦਰ ਕੌਰ ਨਾਗਰਾ ਮੀਤ ਪ੍ਰਧਾਨ ਹਾਜ਼ਰ ਸਨ।

# ਅਕੈਡਮਿਕ ਹਾਈਟਸ ਪਬਲਿਕ ਸਕੂਲ ਅਜਨਾਲਾ ਨੇ ਮਾਰੀਆਂ ਮੱਲਾਂ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਵਿੱਦਿਅਕ ਖੇਤਰ ਨਾਲ ਜੁੜੀ ਸੰਸਥਾ ਰਾਸਾ (ਯੂ ਕੇ) ਵੱਲੋਂ ਸਕੂਲ ਦੇ ਐੱਮਡੀ ਸੰਤੋਸ਼ ਬਜਾਜ, ਪ੍ਰਿੰਸੀਪਲ ਮੋਨਿਕਾ ਖੋਖਰ ਤੇ ਅਧਿਆਪਕਾ ਨਵਰਾਜ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ।ਇਹ ਸਨਮਾਨ ਰਾਸਾ (ਯੂ ਕੇ) ਵੱਲੋਂ ਚੇਅਰਮੈਨ ਹਰਪਾਲ ਸਿੰਘ ਯੂ ਕੇ ਦੀ ਅਗਵਾਈ ਤੇ ਸੂਬਾ ਪ੍ਰਧਾਨ ਰਵੀ ਸ਼ਰਮਾ ਦੀ ਨਿਗਰਾਨੀ ਹੇਠ ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਮਾਨਾਂਵਾਲਾ ਵਿਖੇ ਕਰਵਾਏ ਗਏ ਪ੍ਰਭਾਵਸ਼ਾਲੀ ਪ੍ਰੋਗਰਾਮ ਪੈਗ਼ਾਮ-ਏ-ਮੁਬਾਰਕ 2025 ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵਲੋਂ ਦਿੱਤੇ ਗਏ ।ਅਗਲੇ ਦਿਨ ਹੋਟਲ ਗੋਲਡਨ ਸਰੋਵਰ ਪੋਰਟੀਕੋ ਵਿਖੇ ਐੱਮਐੱਲਏ ਅਤੇ ਪ੍ਰਧਾਨ ਸੀਕੇਡੀ ਡਾਕਟਰ ਇੰਦਰਬੀਰ ਸਿੰਘ ਨਿੱਝਰ ਵੱਲੋਂ ਅਕੈਡਮਿਕ ਹਾਈਟਸ ਪਬਲਿਕ ਸਕੂਲ ਦੀ ਨੁਮਾਇੰਦਗੀ ਕਰਦਿਆਂ ਮਿਸਿਜ਼ ਨਵਰਾਜ ਕੌਰ ਨੇ ਸਨਮਾਨ ਪ੍ਰਾਪਤ ਕੀਤਾ ।ਇਸ ਖੁਸ਼ੀ ਮੌਕੇ ਸੰਤੋਸ਼ ਬਜਾਜ, ਅੰਸ਼ ਬਜਾਜ ਤੇ ਮੋਨਿਕਾ ਖੋਖਰ ਨੇ ਆਪਣੇ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਸਬਜ਼ੀ ਮੰਡੀ 'ਚੋਂ ਕੂੜੇ ਦੇ ਡੰਪ ਨੂੰ ਸ਼ਿਫਟ ਕਰਨ ਲਈ ਲੋਕਾਂ ਈਓ ਕਾਦੀਆਂ ਨੂੰ ਦਿੱਤਾ ਮੰਗ ਪੱਤਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਟੇਟ ਬੈਂਕ ਕਾਦੀਆਂ ਦੇ ਪਿਛਲੇ ਪਾਸੇ ਸਰਕਾਰੀ ਛੱਪੜ ਵਿੱਚ ਸਬਜ਼ੀ ਮੰਡੀ ਅਨਾਜ ਮੰਡੀ ਅਤੇ ਨਗਰ ਕੌਂਸਲ ਵੱਲੋਂ ਸ਼ਹਿਰ ਦਾ ਕੂੜਾ ਡੰਪ ਕੀਤਾ ਜਾਂਦਾ ਹੈ। ਇਹ ਡੰਪ ਰਿਹਾਇਸ਼ੀ ਅਤੇ ਕਮਰਸ਼ੀਅਲ ਸਥਾਨਾਂ ਦੇ ਨਜ਼ਦੀਕ ਹੈ ਜਿਸ ਨਾਲ ਬਦਬੂ ਅਤੇ ਗੰਦਗੀ ਤਾਂ ਫੈਲ ਰਹੀ ਹੈ ਪਰ ਇਸ ਕੂੜੇ ਦੇ ਢੇਰਾਂ ਤੇ ਆਏ ਦਿਨ ਕੋਈ ਸ਼ਰਾਰਤੀ ਅਨਸਰ ਅੱਗ ਲਗਾ ਦਿੰਦਾ ਹੈ ਜੋ ਕਿ ਨਗਰ ਨਿਵਾਸੀਆਂ ਦੇ ਲਈ ਸਿਰ ਦਰਦ ਬਣਿਆ ਹੋਇਆ ਹੈ। ਧੂੰਆਂ, ਬਦਬੂ ਅਤੇ ਪ੍ਰਦੂਸ਼ਣ ਫੈਲਣ ਨਾਲ ਇੱਥੋਂ ਦੇ ਨਾਗਰਿਕ ਬਿਮਾਰ ਹੋ ਰਹੇ ਹਨ। ਸਮਾਧਾਨ ਲਈ ਮਾਰਕੀਟ ਅਤੇ ਮੁਹੱਲਾ ਨਿਵਾਸੀਆਂ ਨੇ ਨਗਰ ਕੌਂਸਲ ਨੂੰ ਕਈ ਵਾਰ ਲਿਖਤੀ ਸ਼ਿਕਾਇਤ ਕੀਤੀ ਪਰ ਕੋਈ ਸਮਾਧਾਨ ਨਹੀਂ ਨਿਕਲਿਆ। ਜ਼ਹਿਰੀਲੇ ਧੂੰਏਂ ਨਾਲ ਪਰੇਸ਼ਾਨ ਹੋ ਕੇ ਗੁਸਾਏ ਲੋਕਾਂ ਨੇ ਬੀਤੇ ਦਿਨ ਦੇਰ ਰਾਤ ਕਾਦੀਆਂ ਬਟਾਲਾ ਮਾਰਗ ਜਾਮ ਕਰਕੇ ਨਗਰ ਕੌਂਸਲ ਦੇ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਅਤੇ ਦੋਸ਼ੀਆਂ ਦੇ ਵਿਰੁੱਧ ਕੜੀ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਇਸ 'ਤੇ ਸਥਾਨਕ ਪੁਲਸ ਨੇ ਸੋਮਵਾਰ ਨੂੰ ਇਲਾਕਾ ਨਿਵਾਸੀਆਂ, ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਨਗਰ ਕੌਂਸਲ ਦੇ ਦਫਤਰ ਵਿੱਚ ਮੀਟਿੰਗ ਕਰਕੇ ਹੱਲ ਕੱਢਣ ਲਈ ਮੀਟਿੰਗ ਬੁਲਾਈ। ਇਸ ਮੌਕੇ ਸ਼ਹਿਰ ਨਿਵਾਸੀਆਂ ਨੇ ਫਿਰ ਈਓ ਕਾਦੀਆਂ ਨੂੰ ਇੱਕ ਮੰਗ ਪੱਤਰ ਦਿੱਤਾ ਜਿਸ ਵਿੱਚ ਮੰਗ ਰੱਖੀ ਗਈ ਕਿ ਨਗਰ ਕੌਂਸਲ ਦੀ ਲਾਪਰਵਾਹੀ ਕਾਰਨ ਸ਼ਹਿਰ ਨਿਵਾਸੀ ਪਰੇਸ਼ਾਨ ਹੋ ਰਹੇ ਹਨ।ਕਾਦੀਆਂ ਬਟਾਲਾ ਰੋਡ 'ਤੇ ਸਥਿਤ ਰਿਹਾਇਸ਼ੀ ਆਬਾਦੀ ਇਸ ਦਾ ਖਮਿਆਜ਼ਾ ਭੁਗਤ ਰਹੀ ਹੈ।ਸਕੂਲ, ਬੈਂਕ, ਮੰਡੀ ਅਤੇ ਮਾਰਕੀਟ ਵਿੱਚ ਆਉਣ ਵਾਲੇ ਲੋਕ ਇਸ ਨਾਲ ਪ੍ਰਭਾਵਿਤ ਹੋ ਰਹੇ ਹਨ ਜਿਸ 'ਤੇ ਈਓ ਕਾਦੀਆਂ ਕਿਰਨ ਮਹਾਜਨ ਨੇ ਕਿਹਾ ਕਿ ਜਿੱਥੇ ਕੂੜਾ ਸੁੱਟਿਆ ਜਾ ਰਿਹਾ ਹੈ ਇਸ ਨੂੰ ਡੰਪ ਨਹੀਂ ਬਣਨ ਦਿੱਤਾ ਜਾਵੇਗਾ ਬਲਕਿ ਕੂੜਾ ਚੁੱਕਣ ਦਾ ਪ੍ਰਬੰਧ ਕੀਤਾ ਜਾ ਰਿਹਾ। ਕੂੜੇ ਨੂੰ ਅੱਗ ਲਗਾਉਣ ਵਾਲੇ ਲੋਕਾਂ ਨੂੰ ਫੜਨ ਦੇ ਲਈ ਕੌਂਸਲ ਵੱਲੋਂ ਸੀਸੀਟੀਵੀ ਕੈਮਰੇ ਲਗਾਏ ਜਾ ਰਹੇ ਹਨ।ਇਸੇ ਤਰ੍ਹਾਂ ਪ੍ਰਸ਼ਾਸਨ ਸਮੱਸਿਆ ਨਾਲ ਨਿਪਟਣ ਲਈ ਲੋਕਾਂ ਨੂੰ ਜਾਗਰੂਕ ਕਰੇਗਾ। ਇਸ ਮੌਕੇ ਸਮਾਜ ਸੇਵਕ ਅਸ਼ਵਨੀ ਵਰਮਾ, ਸੁੱਚਾ ਸਿੰਘ ਜੌਹਲ, ਸਾਬਕਾ ਭਾਜਪਾ ਪ੍ਰਧਾਨ ਵਰਿੰਦਰ ਖੋਸਲਾ, ਨਰੇਸ਼, ਮਨ ਮੋਹਨ ਸਿੰਘ, ਗੁਲਸ਼ਨ ਵਰਮਾ ਪ੍ਰਧਾਨ ਭਾਜਪਾ ਮੰਡਲ ਕਾਦੀਆਂ, ਸਕੱਤਰ ਸਿੰਘ, ਸਤਨਾਮ ਸਿੰਘ, ਬਾਊ ਰਣਜੀਤ ਸਿੰਘ, ਕਿਰਨ ਮਹਾਜਨ ਅਤੇ ਬਾਊ ਨੋਨੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



# ਮਾਤਾ ਦਲਜੀਤ ਕੌਰ ਰੰਧਾਵਾ ਨੂੰ ਧਾਰਮਿਕ ਤੇ ਸਿਆਸੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪਿੰਡ ਜੌੜੀਆਂ ਕਲਾਂ ਦੇ ਰਹਿਣ ਵਾਲੇ ਸਾਬਕਾ ਕੋਆਪਰੇਟਿਵ ਸੋਸਾਇਟੀ ਸੈਕਟਰੀ ਮੱਖਣ ਸਿੰਘ ਰੰਧਾਵਾ ਦੀ ਧਰਮ ਸੁਪਤਨੀ ਅਤੇ ਗੁਰਇਕਬਾਲ ਸਿੰਘ ਗੋਪੀ ਵੀਡੀਓ (ਪੰਚਾਇਤ ਵਿਭਾਗ) ਦੇ ਮਾਤਾ ਦਲਜੀਤ ਕੌਰ ਰੰਧਾਵਾ (70) ਸਾਬਕਾ ਸਰਪੰਚ ਜੌੜੀਆਂ ਕਲਾਂ ਹਾਲ ਵਾਸੀ ਡੇਰਾ ਬਾਬਾ ਨਾਨਕ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਮੁਹੱਲਾ ਬਾਜ਼ੀ ਵਾਰਡ ਨੰਬਰ 3 ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਸਥਾਨਕ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਕਰਵਾਇਆ ਗਿਆ ।ਇਸ ਮੌਕੇ ਭਾਈ ਮਨਜਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਟਿਊਬਵੈਲ ਕਾਰਪੋਰੇਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਅਤੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਰਵੀਕਰਨ ਸਿੰਘ ਕਾਹਲੋਂ, ਸੁੱਚਾ ਸਿੰਘ ਛੋਟੇਪੁਰ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸਾਬਕਾ ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਸਾਬਕਾ ਪਟਵਾਰੀ ਜਸਵੰਤ ਸਿੰਘ ਰੰਧਾਵਾ, ਮਾਸਟਰ ਪਲਵਿੰਦਰ ਸਿੰਘ ਰੰਧਾਵਾ ਸਮੇਤ ਵੱਖ-ਵੱਖ ਬੁਲਾਰਿਆਂ ਨੇ ਸਰਦਾਰਨੀ ਦਲਜੀਤ ਕੌਰ ਰੰਧਾਵਾ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਕਿਹਾ ਕਿ ਮਾਤਾ ਦਲਜੀਤ ਕੌਰ ਰੰਧਾਵਾ ਨੇ ਆਪਣੇ ਪਤੀ ਮੱਖਣ ਸਿੰਘ ਰੰਧਾਵਾ ਨੂੰ ਸਰਕਾਰੀ ਨੌਕਰੀ ਕਰਦਿਆਂ ਉਨ੍ਹਾਂ ਨਾਲ-ਨਾਲ ਸਿਆਸਤ ਵਿੱਚ ਬਹੁਤ ਵੱਡਾ ਸਾਥ ਦਿੱਤਾ, ਜਿਸ ਸਦਕਾ ਉਹ ਸਾਡੇ ਲਈ ਇੱਕ ਰੋਲ ਮਾਡਲ ਔਰਤ ਸਨ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਨਗਰ ਕੌਂਸਲ ਪ੍ਰਧਾਨ ਦੇ ਪਤੀ ਰਾਜੇਸ਼ ਕੁਮਾਰ ਗੁਪਤਾ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਬੀਡੀਪੀਓ ਅਮਨਦੀਪ ਕੌਰ, ਬੀਡੀਪੀਓ ਸੁਰਜੀਤ ਸਿੰਘ ਬਰਾੜ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਵਿਨੋਦ ਕੁਮਾਰ ਮੱਤਰੀ, ਪ੍ਰਧਾਨ ਰਾਮ ਲਾਲ ਸ਼ਰਮਾ, ਜਥੇਦਾਰ ਰਜਿੰਦਰ ਸਿੰਘ ਬਾਜਵਾ, ਸਰਪੰਚ ਸੁਖਵਿੰਦਰ ਸਿੰਘ, ਕੌਂਸਲਰ ਹਰਿੰਦਰ ਸਿੰਘ, ਕੌਂਸਲਰ ਬਲਕਾਰ ਸਿੰਘ ਫੌਜੀ, ਕੌਂਸਲਰ ਬਲਦੇਵ ਰਾਜ ਡਾਇਮੰਡ, ਕੌਂਸਲਰ ਸਤਪਾਲ ਸ਼ੌਂਕੀ, ਲੱਕੀ ਢਿੱਲੋਂ, ਇਲਾਕੇ ਦੇ ਪੰਚ, ਸਰਪੰਚ ਤੇ ਵੱਖ-ਵੱਖ ਮਹਿਕਮਿਆਂ ਦੇ ਕਰਮਚਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਛੇ ਜਨਵਰੀ ਨੂੰ ਗੁਰਦਾਸਪੁਰ ਜ਼ਿਲ੍ਹਾ ਹੈੱਡਕੁਆਰਟਰ 'ਤੇ ਦੇਣਗੀਆਂ ਰੋਸ ਧਰਨਾ

**ਗੁਰਦਾਸਪੁਰ (ਜਨਕ ਮਹਾਜਨ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਨੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ ਅਤੇ ਚਿਰਾਂ ਤੋਂ ਲਟਕਦੀਆਂ ਮਜ਼ਦੂਰ ਮੰਗਾਂ ਮਨਵਾਉਣ ਲਈ ਸੂਬਾ ਪੱਧਰ ਤੇ ਸੰਘਰਸ਼ ਦੇ ਸੱਦੇ ਤਹਿਤ ਗੁਰੂ ਨਾਨਕ ਪਾਰਕ ਗੁਰਦਾਸਪੁਰ ਮੀਟਿੰਗ ਕਰਕੇ 6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ ਵਿਸ਼ਾਲ ਧਰਨਾ ਦੇਣ ਦਾ ਫੈਸਲਾ ਕੀਤਾ ਹੈ। ਮੋਰਚੇ ਵਿਚ ਸ਼ਾਮਿਲ ਜਥੇਬੰਦੀਆਂ ਮਜ਼ਦੂਰ ਮੁਕਤੀ ਮੋਰਚਾ, ਪੇਂਡੂ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਮੀਟਿੰਗ ਵਿੱਚ ਹਾਜ਼ਰ ਆਗੂਆਂ ਕਾਮਰੇਡ ਵਿਜੇ ਕੁਮਾਰ ਸੋਹਲ, ਰਾਜ ਕੁਮਾਰ ਪੰਡੋਰੀ, ਧਿਆਨ ਸਿੰਘ ਠਾਕੁਰ, ਸੁਭਾਸ਼ ਕੈਰੇ, ਤਰਲੋਕ ਸਿੰਘ, ਸੋਮ ਰਾਜ ਅਤੇ ਸੁਖਵੰਤ ਸਿੰਘ ਹਜ਼ਾਰਾ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ 6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ 'ਤੇ ਇਕ ਦਿਨਾ ਧਰਨੇ ਲਾਉਣ ਤੋਂ ਬਾਅਦ ਮਾਰਚ ਦੇ ਪਹਿਲੇ ਹਫਤੇ ਚੰਡੀਗੜ੍ਹ ਵਿਖੇ ਮਜ਼ਦੂਰ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਪੰਜਾਬ ਅੰਦਰ ਹੜ੍ਹਾਂ/ਬਾਰਸ਼ਾਂ ਨਾਲ ਹੋਰਨਾਂ ਤਬਕਿਆਂ ਦੇ ਨਾਲ-ਨਾਲ ਬੇਜ਼ਮੀਨੇ ਮਜ਼ਦੂਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਪਰ ਸਰਕਾਰ ਨੇ ਫੋਕੇ ਲਾਰਿਆਂ ਦੇ ਬਿਨਾਂ ਮਜ਼ਦੂਰਾਂ ਦੇ ਕੁਝ ਵੀ ਪੱਲੇ ਨਹੀ ਪਾਇਆ। ਆਗੂਆਂ ਨੇ ਦੱਸਿਆ ਕਿ ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਨੂੰ ਫਾਇਦੇ ਪਹੁੰਚਾਉਣ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਲਗਾਤਾਰ ਲਾਗੂ ਕਰਕੇ, ਮਜ਼ਦੂਰਾਂ ਕੋਲੋਂ ਸਿਹਤ, ਸਿੱਖਿਆ, ਬਿਜਲੀ ਵਰਗੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚਿੱਪ ਵਾਲੇ ਮੀਟਰ ਲਗਾ ਕੇ ਹੁਣ ਮਜ਼ਦੂਰਾਂ ਦੇ ਘਰਾਂ 'ਚ ਹਨੇਰਾ ਕਰਨ ਦੀ ਤਿਆਰੀ ਹੈ। ਮਜਦੂਰ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ, ਤੀਜੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣਾ ਯਕੀਨੀ ਕੀਤਾ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਫੌਰੀ ਲਾਗੂ ਕੀਤਾ ਜਾਵੇ, ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ, ਔਰਤਾਂ ਦੇ ਖਾਤੇ ਵਿੱਚ 1100 ਰੁਪਏ ਹਰ ਮਹੀਨੇ ਪਾਉਣ ਸਮੇਤ ਸਾਰੀਆਂ ਚੋਣ ਗਰੰਟੀਆਂ ਲਾਗੂ ਕੀਤੀਆਂ ਜਾਣਾ, ਮਜ਼ਦੂਰ ਮੋਰਚੇ ਦੇ ਆਗੂਆ ਨੇ ਕਿਹਾ ਕਿ ਪੂਰੇ ਪੰਜਾਬ ਅੰਦਰ ਮੀਟਿੰਗਾਂ-ਰੈਲੀਆਂ ਕਰਕੇ ਵੱਡੇ ਪੱਧਰ 'ਤੇ ਚੇਤਨਾ ਮੁਹਿਮ ਚਲਾ ਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ।



# ਜੀ ਆਰ ਡੀ ਸਕੂਲ ਲਈ ਯਾਦਗਾਰੀ ਹੋ ਨਿੱਬੜਿਆ ਪਿਛਲਾ ਹਫ਼ਤਾ

## ਸਕੂਲ ਦੇ ਪ੍ਰਬੰਧਕ, ਪ੍ਰਿੰਸੀਪਲ ਤੇ ਅਧਿਆਪਕਾਂ ਸਣੇ ਨੌਂ ਵਿਦਿਆਰਥੀ ਸਨਮਾਨਿਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪਿਛਲੇ ਹਫ਼ਤੇ ਵਿੱਦਿਅਕ ਖੇਤਰ ਨਾਲ ਜੁੜੀ ਸੰਸਥਾ ਰਾਸਾ (ਯੂ ਕੇ) ਵੱਲੋਂ ਸਕੂਲ ਦੇ ਐੱਮਡੀ ਗੁਰਦਰਸ਼ਨ ਲਾਲ ਬਜਾਜ, ਪ੍ਰਿੰਸੀਪਲ ਸੰਤੋਸ਼ ਬਜਾਜ, ਅਧਿਆਪਕ ਰੇਨੂੰ ਸ਼ਰਮਾ, ਦਿਲਪ੍ਰੀਤ ਕੌਰ, ਗੁਰਜਿੰਦਰ ਸਿੰਘ ਪ੍ਰੋਗਰਾਮ ਪੈਗ਼ਾਮ-ਏ-ਮੁਬਾਰਕ 2025 ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵਲੋਂ ਦਿੱਤੇ ਗਏ ।ਅਗਲੇ ਦਿਨ ਹੋਟਲ ਗੋਲਡਨ ਸਰੋਵਰ ਪੋਰਟੀਕੋ ਵਿਖੇ ਐੱਮਐੱਲਏ ਅਤੇ ਪ੍ਰਧਾਨ ਸੀ ਕੇ ਡੀ ਡਾਕਟਰ ਇੰਦਰਬੀਰ ਸਿੰਘ ਨਿੱਝਰ ਵੱਲੋਂ ਜੀ. ਆਰ. ਡੀ. ਦੀ ਨੁਮਾਇੰਦਗੀ ਕਰਦਿਆ ਮਿਸਿਜ਼ ਰਜਿੰਦਰ ਕੌਰ ਨੇ ਸਨਮਾਨ ਪ੍ਰਾਪਤ ਕੀਤਾ ।ਉਸੇ ਸ਼ਾਮ ਪ੍ਰੋਗਰਾਮ ਸ਼ਾਨ-ਏ-ਅੰਮ੍ਰਿਤਸਰ ਦੌਰਾਨ ਗੁਰੂਨਗਰੀ ਅੰਮ੍ਰਿਤਸਰ ਵਿਖੇ ਸਪੀਕਰ ਕੁਲਤਾਰ ਸਿੰਘ ਸੰਧਵਾ ਵੱਲੋਂ ਜੀਆਰਡੀ ਸਕੂਲ ਦੇ ਐੱਮਡੀ ਗੁਰਦਰਸ਼ਨ ਲਾਲ ਬਜਾਜ ਤੇ ਅੰਸ਼ ਬਜਾਜ ਨੂੰ ਸਨਮਾਨਿਤ ਕੀਤਾ ਗਿਆ ।ਇਸ ਖੁਸ਼ੀ ਮੌਕੇ ਗੁਰਦਰਸ਼ਨ ਬਜਾਜ ਨੇ ਆਪਣੇ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਤੇ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



ਨਾਲ ਸਕੂਲ ਦੇ ਹੋਣਹਾਰ ਨੌਂ ਵਿਦਿਆਰਥੀਆਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹ ਸਨਮਾਨ ਰਾਸਾ (ਯੂ ਕੇ) ਵੱਲੋਂ ਚੇਅਰਮੈਨ ਹਰਪਾਲ ਸਿੰਘ ਯੂ ਕੇ ਦੀ ਅਗਵਾਈ ਤੇ ਸੂਬਾ ਪ੍ਰਧਾਨ ਰਵੀ ਸ਼ਰਮਾ ਦੀ ਨਿਗਰਾਨੀ ਹੇਠ ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਮਾਨਾਂਵਾਲਾ ਵਿਖੇ ਕਰਵਾਏ ਗਏ ਪ੍ਰਭਾਵਸ਼ਾਲੀ

# ਸਰਦ ਰੁੱਤ ਦੀ ਆਮਦ 'ਤੇ ਸ਼ਾਨਦਾਰ ਕਵੀ ਦਰਬਾਰ



**ਸ਼ਾਹਕੋਟ (ਗਿਆਨ ਸੈਦਪੁਰੀ)**- ਸਰਦ ਰੁੱਤ ਦੀ ਆਮਦ 'ਤੇ ਦੁਆਬਾ ਹੈਡਲਾਈਨਜ਼ ਦੇ ਮੁੱਖ ਸੰਪਾਦਕ ਰਾਮ ਸਿੰਘ ਔਲਖ ਦੀ ਅਗਵਾਈ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵੂਮੈਨ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਕਵੀ ਦਰਬਾਰ ਦੀ ਪ੍ਰਧਾਨਗੀ ਵਿੱਚ ਸਵਰਨ ਰਾਹੀ ਯੂ ਕੇ, ਲਾਲ ਵਿਸ਼ਵਾਸ ਬੈਂਸ ਐਸ ਡੀ ਐਮ ਨਕੋਦਰ, ਸੁਖਪਾਲ ਸਿੰਘ ਡੀ ਐਸ ਪੀ, ਅਸ਼ੋਕ ਕੁਮਾਰ ਤਹਿਸੀਲਦਾਰ, ਡਾਕਟਰ ਸੰਪੂਰਨ ਸਿੰਘ ਚਾਨੀਆ, ਜਸਬੀਰ ਸਿੰਘ ਉੱਪਲ, ਰਾਮ ਸਿੰਘ ਔਲਖ ਤੇ ਕਾਲਜ ਮੁਖੀ ਵਾਨੀ ਦੱਤ ਸ਼ਰਮਾ ਸੁਸ਼ੋਭਿਤ ਹੋਏ। ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕਰਨ ਵਾਲਿਆਂ ਵਿੱਚ ਲਾਲੀ ਕਰਤਾਰ ਪੁਰੀ, ਸਰਵਜੀਤ ਦਰਦੀ, ਗੁਲਸ਼ਨ ਮਿਰਜ਼ਾ ਪੁਰੀ, ਮਨਜੀਤ ਸੋਹਲ, ਮੋਹਣ ਮਤਿਆਲਵੀ, ਜਿੰਗਾ ਸਿੰਘ, ਜਸਪਾਲ ਅਨਹਦ ਅਤੇ ਮਾਸਟਰ ਸਤਵੀਰ ਸਿੰਘ ਸ਼ਾਮਿਲ ਸਨ। ਸ਼ਾਇਰੀ ਤੋਂ ਸਰੋਤੇ ਕਾਫੀ ਮੁਤਾਸਰ ਹੋਏ। ਕਵੀ ਦਰਬਾਰ ਵਿੱਚ ਸ਼ਾਮਿਲ ਹੋਏ ਵਿਦਿਆਰਥੀਆਂ ਨੇ ਹਰੇਕ ਰਚਨਾ ਦਾ ਤਾੜੀਆਂ ਨਾਲ ਮਾਣ ਸਨਮਾਨ ਕੀਤਾ। ਪ੍ਰਬੰਧਕਾਂ ਨੇ ਸਾਰੇ ਕਵੀਆਂ ਨੂੰ ਸਨਮਾਨ ਚਿੰਨ ਭੇਂਟ ਕੀਤੇ। ਇਸ ਮੌਕੇ ਮਾਸਟਰ ਸਤਵੀਰ ਸਿੰਘ ਚਾਨੀ ਦੀ ਦੂਸਰੀ ਪੁਸਤਕ 'ਆਜ਼ਾਦੀ ਦੇ ਓਹਲੇ' ਲੋਕ ਅਰਪਣ ਕੀਤੀ। ਸਮਾਗਮ ਨੂੰ ਜਸਵੀਰ ਸਿੰਘ ਉੱਪਲ, ਐਡਵੋਕੇਟ ਕੁਲਬੀਰ ਸਿੰਘ, ਡਾਕਟਰ ਸੰਪੂਰਨ ਸਿੰਘ ਚਾਨੀਆਂ ਨੇ ਸੰਬੋਧਨ ਕੀਤਾ। ਮੁੱਖ ਮਹਿਮਾਨ ਸਵਰਨ ਰਾਹੀ ਨੇ ਸਮਾਗਮ ਦੀ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

# ਤੇਜ਼ ਰਫਤਾਰ ਕਾਰ ਦੀ ਟੱਕਰ ਵੱਜਣ ਨਾਲ ਔਰਤ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਕਾਰ ਦੀ ਲਪੇਟ ਵਿਚ ਆਉਣ ਕਾਰਨ ਇਕ ਔਰਤ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਥਾਣਾ ਸਦਰ ਗੁਰਦਾਸਪੁਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੀਪਕ ਰਾਏ ਪੁੱਤਰ ਕੁਲਵੰਤ ਰਾਏ ਵਾਸੀ ਸੰਧਵਾਂ ਨੇ ਦੱਸਿਆ ਕਿ 23 ਨਵੰਬਰ ਨੂੰ ਮੈਂ ਆਪਣੀ ਮਾਤਾ ਸਵਰਨੀ ਅਤੇ ਭੂਆ ਦੀ ਲੜਕੀ ਰੇਨੂ ਬਾਲਾ ਨਾਲ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਸਰਾਵਾਂ ਵਿਆਹ ਵਿਚ ਸ਼ਾਮਿਲ ਹੋ ਕੇ ਵਾਪਿਸ ਆਪਣੇ ਪਿੰਡ ਸੰਧਵਾਂ ਨੂੰ ਜਾ ਰਹੇ ਸੀ ਕਿ ਸਮਾਂ ਰਾਤ 7.30 ਦੇ ਕਰੀਬ ਮੋੜ ਪਿੰਡ ਕੋਟਲੀ ਸ਼ਾਹਪੁਰ ਕਲਾਨੌਰ ਰੋਡ 'ਤੇ ਮੋਟਰਸਾਈਕਲ ਅਚਾਨਕ ਬੰਦ ਹੋ ਗਿਆ ਤਾਂ ਮੇਰੀ ਮਾਤਾ ਅਤੇ ਭੂਆ ਦੀ ਲੜਕੀ ਪੈਦਲ ਹੀ ਸੜਕ ਦੇ ਖੱਬੇ ਹੱਥ ਜੌੜਾ ਛੱਤਰਾਂ ਸਾਇਡ ਨੂੰ ਚਲ ਪਈਆਂ। ਉਹ ਅੱਠ ਦਸ ਕਦਮ ਹੀ ਅੱਗੇ ਗਈਆਂ ਸੀ ਕਿ ਗੁਰਦਾਸਪੁਰ ਸਾਈਡ ਤੋਂ ਕਰੇਟਾ ਕਾਰ ਦੇ ਨਾ-ਮਲੂਮ ਡਰਾਈਵਰ ਨੇ ਤੇਜ਼ ਰਫਤਾਰ ਕਾਰ ਗਲਤ ਸਾਈਡ ਤੋਂ ਬਿਨਾਂ ਹਾਰਨ ਦਿੱਤੇ ਲਾਪ੍ਰਵਾਹੀ ਨਾਲ ਮੇਰੀ ਮਾਤਾ ਵਿਚ ਮਾਰ ਦਿੱਤੀ ਜਿਸ ਨਾਲ ਉਸ ਦੇ ਗੰਭੀਰ ਸੱਟਾਂ ਲੱਗ ਗਈਆਂ। ਉਕਤ ਕਾਰ ਦਾ ਡਰਾਈਵਰ ਮੇਰੀ ਮਾਤਾ ਨੂੰ ਆਪਣੀ ਕਾਰ ਵਿਚ ਸਿਵਲ ਹਸਪਤਾਲ ਕਲਾਨੌਰ ਲੈ ਕੇ ਗਿਆ ਜਿਥੇ ਡਾਕਟਰ ਨੇ ਮੇਰੀ ਮਾਤਾ ਮ੍ਰਿਤਕ ਕਰਾਰ ਦਿੱਤਾ। ਕਾਰ ਡਰਾਈਵਰ ਮੌਕੇ ਤੋਂ ਖਿਸਕ ਗਿਆ। ਪੁਲਸ ਨੇ ਨਾ-ਮਾਲੂਮ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬੜੇ ਸਤਿਕਾਰ ਤੇ ਸ਼ਰਧਾ ਨਾਲ ਮਨਾਇਆ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ350 ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਬੀਬੀ ਗੁਰਮੀਤ ਕੌਰ ਖਾਲਸਾ ਅਤੇ ਅੰਮ੍ਰਿਤਸਰ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਲਕ-ਜੰਞੂ ਦੀ ਰਾਖੀ ਲਈ ਦਿੱਤੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਾਇਆ। ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪਰਵਾਨਾ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਨੇ ਗੁਰਮਤਿ ਵਿਚਾਰਾਂ ਰਾਹੀਂ ਦੱਸਿਆ ਕਿ ਕਿਵੇਂ ਬਾਲ ਉਮਰੇ ਦਸਮ ਪਿਤਾ ਜੀ ਨੇ ਆਪਣੇ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਪ੍ਰੇਰਿਆ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਿੱਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਕਰਕੇ ਹੀ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਭਾਈ ਜਸਬੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਭਾਈ ਗੁਰਵਿੰਦਰ ਸਿੰਘ ਜੀ (ਗੁਰਦੁਆਰਾ ਬੰਗਲਾ ਸਾਹਿਬ ਜੀ ਦਿੱਲੀ), ਸ਼੍ਰੋਮਣੀ ਪ੍ਰਚਾਰਕ ਭਾਈ ਨਰਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ), ਭਾਈ ਅਮਰੀਕ ਸਿੰਘ ਜੀ (ਚੰਡੀਗੜ੍ਹ), ਭਾਈ ਲਖਵਿੰਦਰ ਸਿੰਘ ਜੀ (ਅੰਮ੍ਰਿਤਸਰ), ਭਾਈ ਕੁਲਦੀਪ ਸਿੰਘ ਜੀ (ਅੰਮ੍ਰਿਤਸਰ) , ਮਿੱਤਰ ਪਿਅਰੇ ਨੂੰ ਕੀਰਤਨੀ ਜੱਥਾ, ਭਾਈ ਜਤਿੰਦਰ ਸਿੰਘ ਜੀ, ਭਾਈ ਸੁਖਦੀਪ ਸਿੰਘ ਜੀ (ਦਮਦਮੀ ਟਕਸਾਲ), ਭਾਈ ਸੁਖਵਿੰਦਰ ਸਿੰਘ ਜੀ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਹਜਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ । ਇਸ ਮੌਕੇ ਪ੍ਰਬੰਧਕ ਕਮੇਟੀ ਗੁ: ਸਿੰਘ ਸ਼ਹੀਦਾਂ ਦੇ ਬੁਲਾਰੇ ਨੇ ਦੱਸਿਆ ਕਿ ਆਉਣ ਵਾਲੀ 30 ਨਵੰਬਰ ਨੂੰ ਦਸਵੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।



# ਪੰਜਾਬ ਸਰਕਾਰ ਦੇ ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਵਾਲੇ ਫੈਸਲੇ ਦੀ ਭਰਪੂਰ ਸ਼ਲਾਘਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪੰਜਾਬ ਵਿਧਾਨ ਸਭਾ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਿਸ਼ੇਸ਼ ਸ਼ੈਸ਼ਨ ਦੌਰਾਨ ਬੁਲਾਏ ਗਏ ਵਿਸ਼ੇਸ਼ ਸੈਸ਼ਨ ਵਿੱਚ ਮਤਾ ਪਾਸ ਕਰਕੇ ਤਿੰਨ ਇਤਿਹਾਸਕ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਨੂੰ ਸ਼ਲਾਘਾਯੋਗ ਫੈਸਲਾ ਦੱਸਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਪ੍ਰਧਾਨ ਕਵਰ ਚੜਤ ਸਿੰਘ ਨੇ ਕਿਹਾ ਇਨ੍ਹਾਂ ਤਿੰਨਾਂ ਸ਼ਹਿਰਾਂ ਵਿੱਚ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਤਲਵੰਡੀ ਸਾਬੋ ਵਿਖੇ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਸ਼੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਹਨ, ਇਨ੍ਹਾਂ ਤਿੰਨਾਂ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣਾ ਬੇਹੱਦ ਸ਼ਲਾਘਾਯੋਗ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਹੁਣ ਇਨ੍ਹਾਂ ਤਿੰਨਾਂ ਸ਼ਹਿਰਾਂ ਅੰਦਰ ਸ਼ਰਾਬ ਦੇ ਠੇਕੇ ਅਤੇ ਹੋਰ ਤੰਬਾਕੂ, ਬੀੜੀ ਆਦਿ ਸਮੇਤ ਤਰ੍ਹਾਂ ਤਰ੍ਹਾਂ ਦੇ ਨਸ਼ੇ ਵੇਚਣ ਉੱਪਰ ਪੂਰਨ ਰੂਪ ਵਿੱਚ ਪਾਬੰਦੀ ਲਗਾਈ ਜਾਵੇ। ਕੰਵਰਚੜਤ ਸਿੰਘ ਨੇ ਕਿਹਾ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਉੱਪਰ ਚੱਪਾ ਚੱਪਾ 'ਤੇ ਅਨੇਕਾਂ ਧਾਰਮਿਕ ਪਵਿੱਤਰ ਸਥਾਨ ਹਨ ਅਤੇ ਇਥੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਇਸਾਈਆਂ ਦੇ ਸਾਰੇ ਹੀ ਧਰਮਾਂ ਦੇ ਧਾਰਮਿਕ ਸਥਾਨ ਹਨ। ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਇਸ ਧਰਤੀ 'ਤੇ ਜ਼ੁਲਮ ਕਰਨ ਵਾਲਿਆਂ ਦਾ ਨਾਸ਼ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਬਹੁਤ ਹੀ ਮਹਾਨ ਯੋਧੇ ਇਸ ਧਰਤੀ ਉੱਪਰ ਆਪਣੀ ਸ਼ਹਾਦਤ ਦੇ ਕੇ ਜ਼ੁਲਮ ਦਾ ਨਾਸ਼ ਕਰਕੇ ਗਏ ਹਨ। ਉਨ੍ਹਾਂ ਕਿਹਾ ਪੰਜਾਬ ਸਰਕਾਰ ਨੂੰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵੀ ਠੋਸ ਕਦਮ ਚੁੱਕਣ ਦੀ ਲੋੜ ਹੈ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ, ਡਾਕਟਰ ਕਾਰਜ ਸਿੰਘ, ਗੁਰਮੁੱਖ ਸਿੰਘ ਸੰਧੂ, ਕੰਵਲਜੀਤ ਸਿੰਘ ਬਿੱਟਾ, ਸੁਖਵਿੰਦਰ ਸਿੰਘ ਪਾਹੜਾ, ਲਵਪ੍ਰੀਤ ਸਿੰਘ ਬਟਾਲਾ, ਪਰਮਜੀਤ ਸਿੰਘ ਧਨੇਰ, ਪ੍ਰਭਜੀਤ ਸਿੰਘ ਫਰੀਦਕੋਟ ਆਦਿ ਆਗੂਆਂ ਨੇ ਵੀ ਉੱਕਤ ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦੇ ਫੈਸਲੇ ਦੀ ਸ਼ਲਾਘਾ ਕੀਤੀ।

# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਜ਼ਦੂਰ ਮੰਗਾਂ ਮੰਨਵਾਉਣ ਲਈ ਸੰਘਰਸ਼ ਵਿੱਢਣ ਦਾ ਅਹਿਦ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ ਅਤੇ ਚਿਰਾਂ ਤੋਂ ਲਟਕਦੀਆਂ ਮਜ਼ਦੂਰ ਮੰਗਾਂ ਮਨਵਾਉਣ ਲਈ ਸੰਘਰਸ਼ ਦਾ ਐਲਾਨ ਕੀਤਾ ਹੈ।ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੀਟਿੰਗ ਤਰਨ ਤਾਰਨ ਦੇ ਗਾਂਧੀ ਪਾਰਕ ਵਿੱਚ ਸਾਥੀ ਹਰਜਿੰਦਰ ਸਿੰਘ ਚੂੰਗ, ਸਾਥੀ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਬੀਬੀ ਰਾਜ ਕੌਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ 'ਚ ਜਥੇਬੰਦੀਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਦੀ ਨਿਖੇਧੀ ਕਰਦਿਆਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ 6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ 'ਤੇ ਧਰਨਾ ਲਾਉਣ ਦਾ ਐਲਾਨ ਕੀਤਾ।ਮੀਟਿੰਗ 'ਚ ਸ਼ਾਮਲ ਜਥੇਬੰਦੀਆਂ ਦੇ ਸੂਬਾਈ ਆਗੂਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਚਮਨ ਲਾਲ ਦਰਾਜਕੇ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਦਲਵਿੰਦਰ ਸਿੰਘ ਪੰਨੂੰ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ, ਧਰਨੇ ਮੁਜ਼ਾਹਰੇ ਅਤੇ ਅਨੇਕਾਂ ਵਾਰ ਮੰਗ ਪੱਤਰ ਦੇਣ ਤੋਂ ਬਾਅਦ ਵੀ ਅਜੇ ਮੌਜੂਦਾ ਸਰਕਾਰ ਮਜ਼ਦੂਰਾਂ ਵੱਲ ਪਿੱਠ ਕਰਕੇ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ/ਬਾਰਸ਼ਾਂ ਨਾਲ ਹੋਰਨਾਂ ਤਬਕਿਆਂ ਦੇ ਨਾਲ ਨਾਲ ਬੇਜ਼ਮੀਨੇ ਮਜ਼ਦੂਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਪਰ ਸਰਕਾਰ ਨੇ ਫੋਕੇ ਲਾਰਿਆਂ ਤੋਂ ਬਿਨਾਂ ਮਜ਼ਦੂਰਾਂ ਦੇ ਕੁਝ ਵੀ ਪੱਲੇ ਨਹੀਂ ਪਾਇਆ।ਉਨ੍ਹਾਂ ਕਿਹਾ ਕਿ ਮਨਰੇਗਾ ਸਕੀਮ ਠੱਪ ਪਈ ਹੈ ਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਨੂੰ ਫ਼ਾਇਦੇ ਪਹੁੰਚਾਉਣ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਲਗਾਤਾਰ ਲਾਗੂ ਕਰਕੇ, ਮਜ਼ਦੂਰਾਂ ਕੋਲੋਂ ਸਿਹਤ, ਸਿੱਖਿਆ, ਬਿਜਲੀ ਵਰਗੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ, ਪੰਚਾਇਤੀ ਤੇ ਸਰਕਾਰੀ ਜਾਇਦਾਦਾਂ ਵੇਚਣ ਅਤੇ ਚਿੱਪ ਵਾਲੇ ਮੀਟਰ ਲਾ ਕੇ ਮਜ਼ਦੂਰਾਂ ਦੇ ਘਰਾਂ 'ਚ ਹਨੇਰਾ ਕਰਨ ਵਰਗੇ ਕਦਮ ਚੁੱਕੇ ਜਾ ਰਹੇ ਹਨ ।ਮਜ਼ਦੂਰ ਜਥੇਬੰਦੀਆਂ ਮੰਗ ਕੀਤੀ ਕਿ ਕਿ ਹੜ੍ਹਾਂ ਬਾਰਸ਼ਾਂ/ਕਾਰਨ ਮਜ਼ਦੂਰਾਂ, ਕਿਸਾਨਾਂ ਦੇ ਹੋਏ ਨੁਕਸਾਨ ਦੀ ਸੌ ਫ਼ੀਸਦੀ ਭਰਪਾਈ ਕੀਤੀ ਜਾਵੇ , ਬੇਘਰੇ ਤੇ ਲੋੜਵੰਦਾਂ ਨੂੰ ਦਸ ਦਸ ਮਰਲੇ ਦੇ ਪਲਾਟ ਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦਿੱਤੇ ਜਾਣ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ, ਤੀਜੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣਾ ਯਕੀਨੀ ਕੀਤਾ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਫੌਰੀ ਲਾਗੂ ਕੀਤਾ ਜਾਵੇ, ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ, ਔਰਤਾਂ ਦੇ ਖਾਤੇ ਵਿੱਚ1100 ਰੁਪਏ ਹਰ ਮਹੀਨੇ ਪਾਉਣ ਸਮੇਤ ਸਾਰੀਆਂ ਚੋਣ ਗਰੰਟੀਆਂ ਲਾਗੂ ਕੀਤੀਆਂ ਜਾਣ।ਮਜ਼ਦੂਰ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਪੂਰੇ ਜ਼ਿਲ੍ਹੇ ਅੰਦਰ ਮੀਟਿੰਗਾਂ ਰੈਲੀਆਂ ਕਰਕੇ ਵੱਡੇ ਪੱਧਰ 'ਤੇ ਚੇਤਨਾ ਮੁਹਿੰਮ ਚਲਾ ਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਪਿੰਡ ਮੀਟਿੰਗਾਂ ਕਰਕੇ ਮੁਹਿੰਮ ਭਖਾ ਦਿੱਤੀ ਜਾਵੇਗੀ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਵਿੰਦਰ ਸਿੰਘ ਚੱਕ, ਬਲਵਿੰਦਰ ਸਿੰਘ ਕਵਾੜੀਆ, ਬਲਵਿੰਦਰ ਸਿੰਘ ਗੋਹਲਵੜ ਆਦਿ ਹਾਜ਼ਰ ਸਨ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਮਨਾਇਆ 350ਵਾਂ ਸ਼ਹੀਦੀ ਦਿਹਾੜਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੇ 350ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ ।ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਸ਼੍ਰੀ ਚੌਪਈ ਸਾਹਿਬ,ਸ਼੍ਰੀ ਆਨੰਦ ਸਾਹਿਬ,ਮੂਲ ਮੰਤਰ ਅਤੇ ਵਾਹਿਗੁਰੂ ਦਾ ਸਿਮਰਨ ਕੀਤਾ ਗਿਆ ਅਤੇ ਉਪਰੰਤ ਅਰਦਾਸ ਕੀਤੀ ਗਈ ।ਇਸ ਦੌਰਾਨ ਸਕੂਲ ਦੇ ਵਿਦਿਆਰਥੀ ਜੈਦੀਪ ਸਿੰਘ ਸਪੁੱਤਰ ਸਰਦਾਰ ਬਿਕਰਮਜੀਤ ਸਿੰਘ ਨੇ ਸ਼ਬਦ ਗਾਇਨ ਕੀਤਾ ।ਜੁਝਾਰ ਸਿੰਘ ਸਪੁੱਤਰ ਬਲਬੀਰ ਸਿੰਘ ਨੇ ਦਸ ਗੁਰੂ ਸਾਹਿਬਾਨ ਦੇ ਨਾਮ, ਜੋਤਸਰੂਪ ਸਿੰਘ ਸਪੁੱਤਰ ਸਰਦਾਰ ਅਰਵਿੰਦਰ ਸਿੰਘ ਨੇ ਮੂਲ ਮੰਤਰ ਦਾ ਜਾਪ ਕੀਤਾ।ਇਸ ਤੋਂ ਇਲਾਵਾ ਸਿਮਰਨਪ੍ਰੀਤ ਕੌਰ ਸਪੁੱਤਰੀ ਸਰਦਾਰ ਹਰਭਜਨ ਸਿੰਘ, ਰਣਵਿੰਦਰਜੀਤ ਕੌਰ ਸਪੁੱਤਰੀ ਸਰਦਾਰ ਹਰਭਜਨ ਸਿੰਘ,ਦਲਜੀਤ ਕੌਰ ਸਪੁੱਤਰੀ ਸਰਦਾਰ ਬਚਿੱਤਰ ਸਿੰਘ ਨੇ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਲਿਟਲ ਸਪਰਾਊਟ ਦੇ ਵਿਦਿਆਰਥੀਆਂ ਦਾ ਸ਼੍ਰੀ ਜਪੁਜੀ ਸਾਹਿਬ ਜੀ ਦੀ ਪਹਿਲੀ ਪਉੜੀ ਦਾ ਪਾਠ ਕਰਵਾਇਆ ਗਿਆ ।ਇਸ ਮੌਕੇ ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਇਹ ਸ਼ਹਾਦਤ ਸਿਰਫ਼ ਧਰਮ ਲਈ ਨਹੀਂ ਸੀ ਬਲਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ, ਧਾਰਮਿਕ ਆਜ਼ਾਦੀ ਦੀ ਸੁਰੱਖਿਆ ਅਤੇ ਇਨਸਾਫ਼ ਲਈ ਦਿੱਤੀ ਗਈ ਸਭ ਤੋਂ ਵੱਡੀ ਕੁਰਬਾਨੀ ਸੀ।ਉਨ੍ਹਾਂ ਨੇ ਕਿਹਾ ਕਿ ਗੁਰੂ ਜੀ ਕਹਿੰਦੇ ਸਨ ਕਿ ਸੱਚ ਦਾ ਸਾਥ ਦਿਓ, ਧਰਮ ਦੀ ਰੱਖਿਆ ਕਰੋ, ਜ਼ੁਲਮ ਦੇ ਸਾਹਮਣੇ ਕਦੇ ਨਾ ਡਰੋ ਅਤੇ ਮਨੁੱਖਤਾ ਨੂੰ ਸਭ ਤੋਂ ਪਹਿਲਾਂ ਰੱਖੋ।ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਅਸੀਂ ਵੀ ਸ਼੍ਰੀ ਗੁਰੂ ਤੇ.ਗ ਬਹਾਦਰ ਜੀ ਦੇ ਦਰਸਾਏ ਮਾਰਗ ਤੇ ਚੱਲੀਏ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਕਦੇ ਵੀ ਵਿਅਰਥ ਨਾ ਜਾਣ ਦੇਈਏ।



ਨਵਾਂ ਜ਼ਮਾਨਾ
ਬੁੱਧਵਾਰ, 26 ਨਵੰਬਰ 2025

# ਯੂ ਜੀ ਸੀ ਖਤਮ ਕਰਨ ਦੀ ਤਿਆਰੀ!

*ਕੇਂਦਰ ਸਰਕਾਰ ਸੰਸਦ ਦੇ ਸਰਦ ਰੁੱਤ ਅਜਲਾਸ ਵਿੱਚ ਭਾਰਤੀ ਉੱਚ ਸਿੱਖਿਆ ਕਮਿਸ਼ਨ ਕਾਇਮ ਕਰਨ ਲਈ ਬਿੱਲ ਲਿਆ ਰਹੀ ਹੈ। ਇਸ ਵਿੱਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ), ਅਖਿਲ ਭਾਰਤੀ ਤਕਨੀਕੀ ਸਿੱਖਿਆ ਪ੍ਰੀਸ਼ਦ (ਏ ਆਈ ਸੀ ਟੀ ਆਈ) ਤੇ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ (ਐੱਨ ਸੀ ਟੀ ਈ) ਨੂੰ ਖਤਮ ਕਰਨ ਦੀ ਤਜਵੀਜ਼ ਵੀ ਹੋ ਸਕਦੀ ਹੈ। ਅਧਿਆਪਕ ਇਸ ਨੂੰ ਉੱਚ ਸਿੱਖਿਆ ਤੇ ਸਰਕਾਰੀ ਯੂਨੀਵਰਸਿਟੀਆਂ ਦਾ ਨਿੱਜੀਕਰਨ ਕਰਨਾ ਦੱਸ ਰਹੇ ਹਨ, ਪਰ ਸਰਕਾਰ ਦਾ ਕਹਿਣਾ ਹੈ ਕਿ ਉੱਚ ਸਿੱਖਿਆ, ਖੋਜ ਅਤੇ ਵਿਗਿਆਨਕ ਤੇ ਤਕਨੀਕੀ ਸੰਸਥਾਨਾਂ ਵਿਚਾਲੇ ਤਾਲਮੇਲ ਬਿਠਾਉਣ ਤੇ ਸਟੈਂਡਰਡ ਨਿਰਧਾਰਤ ਕਰਨ ਲਈ ਕਮਿਸ਼ਨ ਦੀ ਸਥਾਪਨਾ ਕੀਤੀ ਜਾਣੀ ਹੈ। ਸਰਕਾਰ ਮੁਤਾਬਕ ਇੱਕ ਰਾਸ਼ਟਰੀ ਸੰਸਥਾ ਹੋਣ ਨਾਲ ਫੈਸਲੇ ਤੇਜ਼ੀ ਨਾਲ ਹੋਣਗੇ ਅਤੇ ਸੰਸਥਾਗਤ ਢਾਂਚਾ ਵਧੇਰੇ ਪਾਰਦਰਸ਼ੀ ਤੇ ਪ੍ਰਭਾਵੀ ਬਣੇਗਾ। ਰਾਜ ਸਭਾ ਦੇ ਕਾਂਗਰਸੀ ਮੈਂਬਰ ਦਿਗਵਿਜੇ ਸਿੰਘ ਦੀ ਪ੍ਰਧਾਨਗੀ ਵਾਲੀ ਸੰਸਦੀ ਕਮੇਟੀ ਇਸ ਤਰ੍ਹਾਂ ਦੇ ਕਮਿਸ਼ਨ ਦੀ ਸਥਾਪਨਾ ’ਤੇ ਇਤਰਾਜ਼ ਉਠਾ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਯੂ ਜੀ ਸੀ ਵਰਗੇ ਅਦਾਰਿਆਂ ਨੂੰ ਖਤਮ ਕਰ ਦੇਣਾ ਸਿੱਖਿਆ ਵਿਵਸਥਾ ਵਿੱਚ ਅਸੰਤੁਲਨ ਪੈਦਾ ਕਰਨ ਦੇ ਨਾਲ-ਨਾਲ ਨਿੱਜੀਕਰਨ ਨੂੰ ਬੜ੍ਹਾਵਾ ਦੇ ਸਕਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਰਜੀਤ ਮਜੂਮਦਾਰ ਦਾ ਕਹਿਣਾ ਹੈ ਕਿ ਉੱਚ ਸਿੱਖਿਆ ਕਮਿਸ਼ਨ ਰਾਹੀਂ ਕੇਂਦਰ ਸਰਕਾਰ ਉੱਚ ਸਿੱਖਿਆ ਦੇ ਨਾਲ-ਨਾਲ ਸਰਕਾਰੀ ਯੂਨੀਵਰਸਿਟੀਆਂ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ। ਇਸ ਕਮਿਸ਼ਨ ਰਾਹੀਂ ਸਰਕਾਰ ਰੈਗੂਲੇਟਰੀ ਤੇ ਵਿੱਤ ਪੋਸ਼ਣ ਦੇ ਕੰਮ ਨੂੰ ਅੱਡ-ਅੱਡ ਕਰਨਾ ਚਾਹੁੰਦੀ ਹੈ। ਸਰਕਾਰ ਅਜਿਹਾ ਢਾਂਚਾ ਬਣਾਉਣਾ ਚਾਹੁੰਦੀ ਹੈ, ਜਿੱਥੇ ਉੱਚ ਸਿੱਖਿਆ ’ਤੇ ਉਸ ਦਾ ਕੰਟਰੋਲ ਤਾਂ ਹੋਵੇ, ਪਰ ਆਰਥਕ ਜ਼ਿੰਮੇਵਾਰੀ ਨਾ ਹੋਵੇ। ਕਮਿਸ਼ਨ ਬਣਨ ਦੇ ਬਾਅਦ ਯੂਨੀਵਰਸਿਟੀਆਂ ਕਾਰਪੋਰੇਟ ਮਾਡਲ ’ਤੇ ਚੱਲਣਗੀਆਂ। ਇਸ ਵੇਲੇ ਅਧਿਆਪਕ, ਜਿਹੜੇ ਯੂਨੀਵਰਸਿਟੀਆਂ ਦੀ ਸੰਪਤੀ ਹਨ ਅਤੇ ਵਿਦਿਆਰਥੀ, ਜਿਨ੍ਹਾਂ ਲਈ ਯੂਨੀਵਰਸਿਟੀਆਂ ਹੁੰਦੀਆਂ ਹਨ, ਆਪਣੇ ਮੁੱਦੇ ਸਰਕਾਰ ਤੇ ਯੂਨੀਵਰਸਿਟੀ ਪ੍ਰਸ਼ਾਸਨ ਤੱਕ ਪਹੁੰਚਾ ਲੈਂਦੇ ਹਨ, ਪਰ ਕਮਿਸ਼ਨ ਦੇ ਬਾਅਦ ਅਜਿਹਾ ਨਹੀਂ ਹੋਵੇਗਾ। ਇਸ ਨਾਲ ਅਧਿਆਪਕਾਂ ਦੇ ਸੇਵਾ ਨਿਯਮ ਬਦਲਣਗੇ, ਜਿਸ ਨਾਲ ਉਨ੍ਹਾਂ ਦੀ ਖੁਦਖੁਮਤਾਰੀ ਖਤਮ ਹੋਣ ਦਾ ਖਦਸ਼ਾ ਹੈ। ਦਿੱਲੀ ਯੂਨੀਵਰਸਿਟੀ ਦੀ ਐਗਜ਼ੈਕਟਿਵ ਕੌਂਸਲ ਦੇ ਸਾਬਕਾ ਮੈਂਬਰ ਰਾਜੇਸ਼ ਝਾਅ ਮੁਤਾਬਕ ਕਿਸੇ ਵੀ ਖੇਤਰ ਵਿੱਚ ਰੈਗੂਲੇਟਰੀ ਸੰਸਥਾ ਲਿਆਉਣ ਦਾ ਮਤਲਬ ਹੀ ਉਸ ਨੂੰ ਨਿੱਜੀ ਖੇਤਰ ਵਿੱਚ ਲਿਜਾਣਾ ਹੁੰਦਾ ਹੈ। ਦੂਜੀ ਗੱਲ ਇਹ ਕਮਿਸ਼ਨ ਯੂਨੀਵਰਸਿਟੀਆਂ ਨੂੰ ਗਰਾਂਟਾਂ ਨਹੀਂ ਦੇਵੇਗਾ। ਯੂਨੀਵਰਸਿਟੀਆਂ ਨੂੰ ਕਰਜ਼ ਤੇ ਵਿਦਿਆਰਥੀਆਂ ਦੀ ਫੀਸ ’ਤੇ ਨਿਰਭਰ ਕਰ ਦਿੱਤਾ ਜਾਵੇਗਾ। ਇਸ ਨਾਲ ਗਰੀਬ ਤੇ ਪੱਛੜੇ ਵਰਗ ਦੇ ਲੋਕਾਂ ਲਈ ਉੱਚ ਸਿੱਖਿਆ ਹੋਰ ਮਹਿੰਗੀ ਹੋ ਜਾਵੇਗੀ, ਜੋ ਕਿ ਸਮਾਜੀ ਨਿਆਂ ਤੇ ਬਰਾਬਰੀ ’ਤੇ ਵੱਡੀ ਸੱਟ ਹੋਵੇਗੀ।*

# ਬਾ-ਮੁਲਾਹਜ਼ਾ ਹੋਸ਼ਿਆਰ-ਇਨਸਾਫ਼ ਦੀ ਬੰਦ ਗਲੀ



ਗੁਰਮੀਤ ਸਿੰਘ ਪਲਾਹੀ

ਦੇਸ਼ ਭਾਰਤ ਵਿੱਚ ਕਾਨੂੰਨ ਜਿਤਨੇ ਸਖ਼ਤ ਹੋ ਰਹੇ ਹਨ, ਉਹਨਾਂ ਦੀ ਦੁਰਵਰਤੋਂ ਉਤਨੀ ਹੀ ਵਧਦੀ ਜਾ ਰਹੀ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਸਾਡੇ ਨਿਆਂਤੰਤਰ ਵਿੱਚ ਜਾਤ, ਧਰਮ ਦੇਖ ਕੇ ਜੇਲ੍ਹ ਅਤੇ ਜ਼ਮਾਨਤ ਦਾ ਫ਼ੈਸਲਾ ਹੁੰਦਾ ਜਾਪਦਾ ਹੈ-ਸਬੂਤ ਦੇਖ ਕੇ ਨਹੀਂ।

ਸਾਡੀਆਂ ਜੇਲ੍ਹਾਂ ਵਿੱਚ ਸਭ ਤੋਂ ਜ਼ਿਆਦਾ ਦੇਸ਼ ਦੇ ਗ਼ਰੀਬ ਲੋਕ ਸੜ ਰਹੇ ਹਨ। ਜੇਕਰ ਉਹਨਾਂ ਦੀ ਧਾਰਮਿਕ ਪਛਾਣ ਕੀਤੀ ਜਾਵੇ ਤਾਂ ਉਹ ਇਹ ਦੱਸਦੀ ਹੈ ਕਿ ਦੇਸ਼ ਦੇ ਦਲਿਤ, ਆਦਿਵਾਸੀ ਅਤੇ ਮੁਸਲਮਾਨਾਂ ਦੀ ਜੇਲ੍ਹਾਂ ਅੰਦਰ ਸਭ ਤੋਂ ਜ਼ਿਆਦਾ ਆਬਾਦੀ ਹੈ। ਇਹਨਾਂ ਵਿੱਚ ਬਹੁਤ ਵੱਡੀ ਗਿਣਤੀ ਉਹਨਾਂ ਵਿਚਾਰਿਆਂ ਦੀ ਹੈ, ਜਿਹਨਾਂ ਦੇ ਮਾਮਲੇ ਵਰ੍ਹਿਆਂ ਤੋਂ ਨਹੀਂ, ਦਹਾਕਿਆਂ ਤੋਂ ਵਿਚਾਰ ਅਧੀਨ ਹੈ।

ਕਿਉਂਕਿ ਇਨਸਾਫ਼ ਲੈਣਾ ਸੌਖਾ ਨਹੀਂ। ਦਰਅਸਲ ਇਸ ਦੇਸ਼ ਦੇ ਗ਼ਰੀਬ ਆਦਮੀ ਦੇ ਲਈ ਇਨਸਾਫ਼ ਪਾਉਣਾ ਲਗਾਤਾਰ ਅਸੰਭਵ ਹੁੰਦਾ ਜਾ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਪੁਲਸ ਕੇਸ ਹੀ ਦਰਜ ਨਹੀਂ ਕਰਦੀ, ਦਰਜ ਹੋ ਗਿਆ ਤਾਂ ਠੀਕ ਢੰਗ ਨਾਲ ਜਾਂਚ ਨਹੀਂ ਹੁੰਦੀ, ਜੇਕਰ ਮਾਮਲਾ ਅਦਾਲਤ ਵਿੱਚ ਪੁੱਜ ਗਿਆ ਤਾਂ ਗ਼ਰੀਬ ਨੂੰ ਚੰਗੇ ਵਕੀਲ ਨਹੀਂ ਮਿਲਦੇ। ਕੀ ਇਹ ਸੱਚ ਨਹੀਂ ਕਿ ਦੇਸ਼ ਦੇ ਸਭ ਤੋਂ ਚੰਗੇ ਵਕੀਲ ਸਭ ਤੋਂ ਮੋਟੇ ਪੈਸੇ ਵਾਲੇ ਅਪਰਾਧੀਆਂ ਦੇ ਬਚਾ ਵਿੱਚ ਹੀ ਰੁੱਝੇ ਰਹਿੰਦੇ ਹਨ। ਇਹ ਜਾਣਕਾਰੀ ਆਮ ਹੈ ਕਿ ਵਕੀਲ ਇੱਕ-ਇੱਕ ਪੇਸ਼ੀ ਲਈ 25 ਤੋਂ 50 ਲੱਖ ਰੁਪਏ ਤੱਕ ਲੈ ਲੈਂਦੇ ਹਨ। ਇਤਨੇ ਪੈਸਿਆਂ ਨਾਲ ਨਿਆਂ ਹੋ ਨਹੀਂ ਸਕਦਾ, ਖਰੀਦਿਆ ਜਾਂ ਵੇਚਿਆ ਜਾ ਸਕਦਾ ਹੈ।

ਜੇਕਰ ਵੱਡੇ ਵਕੀਲਾਂ ਦੀ ਗੱਲ ਛੱਡ ਵੀ ਦੇਈਏ ਤਾਂ ਵੀ ਦੇਸ਼ ਦੀਆਂ ਕਚਹਿਰੀਆਂ ਅਤੇ ਜੇਲ੍ਹਾਂ ਸ਼ਾਇਦ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁੱਕੀਆਂ ਹਨ। ਤਾਰੀਖ਼ ਦਰ ਤਾਰੀਖ਼ ਵਕੀਲਾਂ ਦੇ ਮੁਨਸ਼ੀ, ਵਕੀਲ ਆਪਣੇ ਮੁਵੱਕਲਾਂ ਦੀਆਂ ਜੇਬਾਂ ਫੋਲਦੇ ਹਨ।

ਆਓ, ਦੇਸ਼ ਵਿੱਚ ਵਾਪਰੀ 20 ਸਾਲ ਪਹਿਲਾਂ ਦੀ ਇੱਕ ਘਟਨਾ ’ਤੇ ਵਿਚਾਰ ਕਰੀਏ। ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਨਜ਼ਦੀਕ ਇੱਕ ਪਿੰਡ ਨਿਠਾਰੀ ਦੀ ਉਸ ਘਟਨਾ ਦੀ ਜਿੱਥੇ 17 ਬੱਚਿਆਂ ਦੇ ਪਿੰਜਰ ਮਿਲੇ ਸਨ। ਬੱਚਿਆਂ ਦੇ ਮਾਪੇ ਪੁਲਸ ਕੋਲ ਸ਼ਿਕਾਇਤਾਂ ਕਰਦੇ ਰਹੇ, ਪੁਲਸ ਮਖੌਲ ਉਡਾਉਂਦੀ ਰਹੀ ਅਤੇ ਅਪਰਾਧਕ ਲਾਪਰਵਾਹੀ ਵਰਤਦੀ ਰਹੀ। ਜਦ ਮਾਮਲਾ ਸੁਰਖੀਆਂ ਵਿੱਚ ਆਇਆ ਤਾਂ ਅਚਾਨਕ ਨਿਆਂਤੰਤਰ ਨੇ ਤੇਜ਼ੀ ਫੜੀ। ਇੱਕ ਬੰਗਲੇ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸ ਦਾ ਨੌਕਰ ਸੁਰਿੰਦਰ ਕੌਲੀ ਫੜੇ ਗਏ। ਇਹ ਦੱਸਿਆ ਗਿਆ ਕਿ ਉਸ ਦੇ ਖਿਲਾਫ਼ ਕਈ ਸਬੂਤ ਮਿਲ ਚੁੱਕੇ ਹਨ। ਪਰ ਪਹਿਲਾਂ ਮਨਿੰਦਰ ਪੰਧੇਰ ਸਾਰੇ ਮਾਮਲਿਆਂ ਚ ਬਰੀ ਹੋ ਗਿਆ ਅਤੇ ਉਸ ਦੇ ਬਾਅਦ ਪਿਛਲੇ ਹਫ਼ਤੇ ਸੁਰਿੰਦਰ ਕੌਲੀ ਵੀ ਛੁੱਟ ਗਿਆ।

ਕਿਸੇ ਦੇ ਕੰਨ ’ਤੇ ਜੂੰ ਨਹੀਂ ਸਰਕੀ। ਕਿਸੇ ਸਿਆਸੀ ਨੇਤਾ, ਮੰਤਰੀ, ਸੰਤਰੀ ਜਾਂ ਉਹਨਾਂ ਦੇ ਅਹਿਲਕਾਰਾਂ, ਕਰਿੰਦਿਆਂ ਜਾਂ ਦੇਸ਼ ਦੇ ਵੱਡੇ ਹਾਕਮ ਨੂੰ ਇਨਸਾਫ਼ ਦਾ ਕੋਈ ਖਿਆਲ ਹੀ ਨਹੀਂ ਆਇਆ। ਅਖ਼ਬਾਰਾਂ ਦੇ ਪੰਨਿਆਂ ਅਤੇ ਟੀ ਵੀ ਚੈਨਲਾਂ ’ਤੇ ਇਹ ਅਪਰਾਧ-ਕਥਾ ਦੇਖਣ ਨੂੰ ਮਿਲੀ ਅਤੇ ਦੱਸਿਆ ਗਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕਿਸ ਅਧਾਰ ਉੱਤੇ ਉਹਨਾਂ ਨੂੰ ਬਰੀ ਕੀਤਾ।

ਸੁਪਰੀਮ ਕੋਰਟ ਦੇ ਆਪਣੇ ਅਧਾਰ ਹੋਣਗੇ, ਉਹਨਾਂ ਦਾ ਆਪਣਾ ਪੈਮਾਨਾ ਹੋਏਗਾ ਅਪਰਾਧੀਆਂ ਨੂੰ ਪਰਖਣ ਦਾ, ਪਰ ਸਵਾਲ ਹੈ ਕਿ ਇਹਨਾਂ ਬੱਚਿਆਂ ਨੂੰ ਕਿਸੇ ਨੇ ਤਾਂ ਮਾਰਿਆ ਹੀ ਹੋਏਗਾ। ਉਹਨਾਂ ਦੇ ਕੰਕਾਲ ਅਤੇ ਨਾਲੀਆਂ ’ਚ ਰੁਲਦੇ ਲੋਥ ਦੇ ਟੁਕੜਿਆਂ ਦਾ ਕੋਈ ਤਾਂ ਜ਼ੁੰਮੇਵਾਰ ਹੋਏਗਾ। ਜਿਹਨਾਂ ਨੂੰ ਫੜਿਆ ਗਿਆ, ਉਹਨਾਂ ਦਾ ਅਪਰਾਧ ਸਾਬਤ ਕਿਉਂ ਨਹੀਂ ਕੀਤਾ ਜਾ ਸਕਿਆ? ਸੁਰਿੰਦਰ ਕੌਲੀ 19 ਵਰ੍ਹੇ ਜੇਲ੍ਹ ’ਚ ਰਿਹਾ, ਜੇਕਰ ਉਹ ਬੇਗੁਨਾਹ ਸੀ ਤਾਂ ਉਸ ਦੇ ਨਾਲ ਇਹ ਬੇਇਨਸਾਫ਼ੀ ਕਿਉਂ ਹੋਈ ਅਤੇ ਜੇਕਰ ਉਹ ਗੁਨਾਹਗਾਰ ਹੈ ਤਾਂ ਉਸ ਨੂੰ ਇਸ ਤਰ੍ਹਾਂ ਬਰੀ ਕੀਤੇ ਜਾਣ ਦਾ ਗੁਨਾਹਗਾਰ ਕੌਣ ਹੈ।

ਗੱਲ ਤਾਂ ਪਿੰਡ ਚਿੱਠੀ ਸਿੰਘਪੁਰਾ (ਸ੍ਰੀਨਗਰ) 20 ਮਾਰਚ 2000 ਨੂੰ ਅੱਤਵਾਦੀਆਂ ਵੱਲੋਂ ਗੋਲੀਆਂ ਨਾਲ ਛਲਣੀ ਕਰ ਦਿੱਤੇ ਗਏ 35 ਨਿਰਦੋਸ਼ ਸਿੰਘਾਂ ਦੀ ਵੀ ਕਰਨੀ ਬਣਦੀ ਹੈ, ਜਿਹਨਾਂ ਦੇ ਪੀੜਤ ਪਰਵਾਰ ਅੱਜ 25 ਸਾਲ ਬੀਤ ਜਾਣ ਬਾਅਦ ਵੀ ਇਨਸਾਫ਼ ਦੀ ਉਡੀਕ ਵਿੱਚ ਹਨ। ਇਸ ਖ਼ੌਫ਼ਨਾਕ ਮੰਜ਼ਰ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਖਿਲਾਫ਼ ਸਮੇਂ ਦੀਆਂ ਹਕੂਮਤਾਂ ਵੱਲੋਂ ਅਜੇ ਤੱਕ ਕੋਈ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਇਸ ਕਤਲ ਕਾਂਡ ਦੀ ਜਾਂਚ ਮੁਕੰਮਲ ਕੀਤੀ ਗਈ, ਜਿਸ ਕਰਕੇ ਸੰਬੰਧਤ ਪੀੜਤ ਪਰਵਾਰਾਂ ਦੇ ਜ਼ਖ਼ਮ ਅੱਜ ਵੀ ਅੱਲੇ ਹਨ। ਦੱਸਣਯੋਗ ਹੈ ਕਿ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੇ ਪਹਿਲੇ ਦਿਨ ਹੀ ਚਿੱਠੀ ਸਿੰਘਪੁਰਾ ਪਿੰਡ ’ਚ ਵਾਪਰੇ ਇਸ ਖ਼ੌਫ਼ਨਾਕ ਕਾਰੇ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ। ਸ਼ਾਮ ਪੌਣੇ ਅੱਠ ਵਜੇ ਸੁਰੱਖਿਆ ਬਲਾਂ ਦੀ ਵਰਦੀ ’ਚ ਅਣਪਛਾਤੇ ਅੱਤਵਾਦੀ ਚਿੱਠੀ ਸਿੰਘਪੁਰਾ ’ਚ ਦਾਖ਼ਲ ਹੋਏ ਤੇ ਉਨ੍ਹਾਂ ਪਿੰਡ ਦੇ ਘਰਾਂ ’ਚੋਂ ਵਿਉਂਤਬੰਦੀ ਤਹਿਤ ਮਰਦ 18 ਸਿੱਖਾਂ ਨੂੰ ਘਰਾਂ ’ਚੋਂ ਬਾਹਰ ਕੱਢ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ ਕੰਧ ਦੇ ਨਾਲ ਅਤੇ ਨੇੜਲੇ ਸ਼ੌਕੀਨਪੁਰਾ ਇਲਾਕੇ ਦੇ ਇੱਕ ਹੋਰ ਗੁਰਦੁਆਰਾ ਸਾਹਿਬ ਦੇ ਬਾਹਰ 17 ਸਿੱਖਾਂ ਨੂੰ ਇੱਕ ਲਾਈਨ ’ਚ ਖੜ੍ਹਾ ਕਰਕੇ ਅੰਨ੍ਹੇਵਾਹ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਦਰਅਸਲ ਨਿਠਾਰੀ ਅਤੇ ਪਿੰਡ ਚਿੱਠੀ ਸਿੰਘਪੁਰਾ ਇਕੱਲੇ ਇਹੋ ਜਿਹੇ ਪਿੰਡ ਨਹੀਂ ਹਨ, ਜਿੱਥੇ ਇਨਸਾਫ਼ ਦੀ ਗਲੀ ਬੰਦ ਹੈ। ਥਾਂ-ਥਾਂ ਇਹੋ ਕੁਝ ਵਾਪਰ ਰਿਹਾ ਹੈ। ਔਰਤਾਂ ਨਾਲ ਬਲਾਤਕਾਰ। ਦੋਸ਼ੀ ਬਰੀ। ਕਤਲ ਦੇ ਬੇਅੰਤ ਕੇਸ। ਕਾਤਲ ਬਰੀ। ਇਥੇ ਇਹ ਗੱਲ ਤਾਂ ਕਰਨੀ ਬਣਦੀ ਹੈ ਕਿ ਜਦੋਂ ਕਾਨੂੰਨ ਘਾੜੀ ਪਾਰਲੀਮੈਂਟ, ਵਿਧਾਨ ਸਭਾ ਮੈਂਬਰਾਂ ’ਚੋਂ ਲਗਭਗ ਅੱਧੇ ਕਤਲਾਂ, ਬਲਾਤਕਾਰਾਂ ਅਤੇ ਹੋਰ ਅਪਰਾਧਾਂ ਦੇ ਮੁਕੱਦਮੇ ਭੁਗਤ ਰਹੇ, ਜੋ ਸਾਡੇ ਲੋਕ ਨੁਮਾਇੰਦੇ ਹਨ, ਕੀ ਉਹ ਦੇਸ਼ ਦੇ ਆਮ ਲੋਕਾਂ ਨੂੰ ਇਨਸਾਫ਼ ਦੇ ਸਕਦੇ ਹਨ?

ਵਿਕਸਤ ਲੋਕਤੰਤਰ ਆਧੁਨਿਕਤਾ ਦੇ ਇਸ ਦੌਰ ਵਿੱਚ ਦੇਸ਼ ’ਚ ਜਿੱਥੇ ਵੈਲਫੇਅਰ-ਟ੍ਰੈਪ ਨਾਲ ਡਿਜੀਟਲ ਡਲਿਵਰੀ ਰਾਹੀਂ ਚੋਣਾਂ ਦੇ ਸਮੇਂ ਨਕਦ ਰਾਸ਼ੀ ਪਹੁੰਚਾਉਣ ਦਾ ਕੰਮ ਤੇਜ਼ੀ ਨਾਲ ਕਰ ਦਿੱਤਾ ਗਿਆ ਹੈ ਅਤੇ ਜਿੱਥੇ ਸਾਮ-ਦਾਮ-ਦੰਡ ਦਾ ਬੋਲਬਾਲਾ ਸ਼ਰ੍ਹੇਆਮ ਵੇਖਣ ਨੂੰ ਮਿਲ ਰਿਹਾ ਹੈ, ਉੱਥੇ ਨਿਠਾਰੀ ਵਰਗੀ ਬੇਇਨਸਾਫ਼ੀ ਵੇਖਣ ਨੂੰ ਮਿਲਣੀ ਕੀ ਸੁਭਾਵਿਕ ਨਹੀਂ ਹੈ? ਜਿੱਥੇ ਬੁਲਡੋਜ਼ਰ ਨਿਆਂ ਚਲਦਾ ਹੋਵੇ, ਕੀ ਇਹ ਕਹਿਣਾ ਨਹੀਂ ਬਣਦਾ ਕਿ ਉਹ ਸਾਡੀ ਨਿਆਂਤੰਤਰ ਦੀ ਛਾਤੀ ਉੱਤੇ ਹੀ ਚਲਦਾ ਹੈ।

ਦੇਸ਼ ’ਚ ਵਾਪਰੇ ਵੱਡੇ ਘਟਨਾਕ੍ਰਮਾਂ ਦੀ ਗੱਲ ਤਾਂ ਕੀਤੀ ਜਾਣੀ ਚਾਹੀਦੀ ਹੈ। ਜੰਮੂ-ਕਸ਼ਮੀਰ ’ਚੋਂ 370 ਧਾਰਾ ਖ਼ਤਮ ਕੀਤੀ। ਜੰਮੂ-ਕਸ਼ਮੀਰ ਹਿੱਸਿਆਂ ’ਚ ਵੰਡਿਆ ਗਿਆ। ਲੋਕ ਪੂਰਨ ਰਾਜ ਦਾ ਦਰਜਾ ਮੁੜ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ, ਪਰ ਹਾਕਮ ਚੁੱਪ ਹਨ। ਲੱਦਾਖ ਦੇ ਲੋਕ ਹੱਕੀ ਮੰਗਾਂ ਦੀ ਗੱਲ ਕਰਦੇ ਸੜਕਾਂ ’ਤੇ ਪੁੱਜੇ। ਇਹ ਸਰਕਾਰੀ ਹਠਧਰਮੀ ਦਾ ਨਤੀਜਾ ਸੀ। ਲੱਦਾਖ ਸਮਾਜਿਕ ਕਾਰਕੁੰਨ ਸੋਨਮ ਬਾਂਗਚੁਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਨੂੰ ਜੇਲ੍ਹ ’ਚ ਤੁੰਨਿਆ ਗਿਆ ਹੈ, ਕਿਉਂਕਿ ਉਹ ਲੋਕਾਂ ਦੇ ਹੱਕਾਂ ਅਤੇ ਇਨਸਾਫ਼ ਦੀ ਗੱਲ ਕਰਦਾ ਹੈ। ਇੱਕ ਨਹੀਂ, ਹਜ਼ਾਰਾਂ ਇਹੋ ਜਿਹੇ ਕਾਰਕੁੰਨ ਦੇਸ਼ ’ਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜੇਲ੍ਹਾਂ ’ਚ ਹਨ। ਬਿਨਾਂ ਸੁਣਵਾਈ, ਜਾਂ ਤਾਰੀਖ਼-ਦਰ-ਤਾਰੀਖ਼ ਕੋਰਟ-ਕਚਹਿਰੀ ਦੇ ਚੱਕਰ ਮਾਰਦਿਆਂ। ਇੱਕ ਰਿਪੋਰਟ ਦੱਸਦੀ ਹੈ ਕਿ ਦੇਸ਼ ਭਰ ਦੀਆਂ ਜੇਲ੍ਹਾਂ ’ਚ 2023 ਦੇ ਅੰਤ ਤੱਕ 5.3 ਲੱਖ ਲੋਕ ਹਨ, ਜਿਹਨਾਂ ਵਿਚੋਂ 74 ਫ਼ੀਸਦੀ ਅਰਥਾਤ 3.92 ਲੱਖ ਲੋਕ ਮੁਕੱਦਮੇ ਚਲਾਏ ਜਾਣ ਵਾਲੀ ਕਤਾਰ ਵਿੱਚ ਹਨ। ਇਹ ਲੋਕ 21 ਤੋਂ 50 ਸਾਲ ਦੀ ਉਮਰ ਦੇ ਹਨ। ਇਹਨਾਂ ਵਿੱਚ ਕੁਝ ਇਹੋ ਜਿਹੇ ਹਨ, ਜਿਹੜੇ ਆਪਣੀ ਪੂਰੀ ਜੇਲ੍ਹ ਭੁਗਤ ਚੁੱਕੇ ਹਨ, ਪਰ ਫਿਰ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਬੰਦੀ ਸਿੰਘ ਇਸ ਕਿਸਮ ਦੇ ਕੈਦੀ ਹਨ, ਜਿਹਨਾਂ ਦੀ ਰਿਹਾਈ ਲਈ ਲਗਾਤਾਰ ਪੰਜਾਬ ਦੇ ਅੰਦਰ-ਬਾਹਰ ਸੰਘਰਸ਼ ਹੋ ਰਿਹਾ ਹੈ, ਪਰ ਉਹਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਕੀ ਇਹ ਮਨੁੱਖੀ ਅਧਿਕਾਰਾਂ ਦੀ ਬੇ-ਹੁਰਮਤੀ ਨਹੀਂ?

ਦੇਸ਼ ਵਿੱਚ ਲੋਕ ਥਾਂ-ਥਾਂ ਸੰਘਰਸ਼ ਕਰ ਰਹੇ ਹਨ। ਦੇਸ਼ ’ਚ ਵੱਡਾ ਕਿਸਾਨ ਅੰਦੋਲਨ ਲੜਿਆ ਗਿਆ। ਹਾਕਮਾਂ ਨੇ ਪੂਰਾ ਟਿੱਲ ਲਾ ਕੇ ਇਸ ਅੰਦੋਲਨ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਨਸਾਫ਼ ਛਿੱਕੇ ਟੰਗ ਦਿੱਤਾ ਗਿਆ। ਹਜ਼ਾਰਾਂ ਕਿਸਾਨਾਂ ’ਤੇ ਮੁਕੱਦਮੇ ਦਰਜ ਹੋਏ। ਉਹ ਅੱਜ ਵੀ ਚੱਲ ਰਹੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਪਣੇ ਹੱਕਾਂ ਲਈ ਲੜ ਰਹੇ ਹਨ। ਉਹਨਾਂ ਦੀ ਅਵਾਜ਼ ਦਬਾਈ ਜਾ ਰਹੀ ਹੈ। ਉਹਨਾਂ ਨਾਲ ਦੁਪਿਆਰਾ ਸਲੂਕ ਹੋ ਰਿਹਾ ਹੈ। ਮੰਗ ਤਾਂ ਸਿਰਫ਼ ਇੰਨੀ ਕੁ ਹੀ ਹੈ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹੈ। ਪਰ ਇਸ ਨੂੰ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਸੁਚੇਤ ਨੌਜਵਾਨ ਸੰਘਰਸ਼ ਦੇ ਰਾਹ ਹਨ। ਜਿਹਨਾਂ ਦੇ ਰਾਹ ਰੋਕਣ ਲਈ ਹਾਕਮ ਧਿਰ ਹਰ ਹੀਲਾ-ਵਸੀਲਾ ਵਰਤ ਰਹੀ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਦੇ ਬੇਰੁਜ਼ਗਾਰ ਨੌਕਰੀ ਮੰਗ ਰਹੇ ਹਨ। ਮੁਲਾਜ਼ਮ ਸੰਘਰਸ਼ ਦੇ ਰਾਹ ’ਤੇ ਹਨ। ਬੇਰੁਜ਼ਗਾਰ ਪੁਲਸ ਡਾਂਗਾਂ ਖਾ ਰਹੇ ਹਨ। ਆਖ਼ਰ ਉਹਨਾਂ ਦਾ ਕਸੂਰ ਤਾਂ ਇੰਨਾ ਕੁ ਹੀ ਹੈ ਕਿ ਹੱਥ ’ਚ ਡਿਗਰੀਆਂ ਹਨ। ਪਰ ਨੌਕਰੀ ਨਹੀਂ ਮਿਲ ਰਹੀ। ਢਿੱਡੋਂ ਭੁੱਖੇ ਹਨ। ਉਹਨਾਂ ਲਈ ਇਨਸਾਫ਼ ਦੇ ਦਰਵਾਜ਼ੇ ਬੰਦ ਹਨ। ਸਿਆਸੀ ਗੱਲਾਂ, ਵਾਅਦੇ ਉਹਨਾਂ ਪੱਲੇ ਕੁੱਝ ਨਹੀਂ ਪਾ ਰਹੇ।

ਨਿਠਾਰੀ ਨੂੰ ਨਿਆਂ ਨਹੀਂ। ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ। ਕਿਸਾਨਾਂ ਨਾਲ ਬਦਸਲੂਕੀ ਹੈ। ਹਵਾਲਾਤੀ ਮੱਲੋਜ਼ੋਰੀ ਜੇਲ੍ਹਾਂ ਅੰਦਰ ਹਨ। ਗ਼ਰੀਬ ਰੋਟੀ, ਕੱਪੜੇ, ਮਕਾਨ ਲਈ ਤਰਸ ਰਿਹਾ ਹੈ। ਸਿਹਤ ਸਹੂਲਤਾਂ ਦੀ ਥੁੜ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਕੀ ਇਹ ਨਿਆਂ ਦੀ ਬੰਦ ਗਲੀ ਨਹੀਂ ਹੈ?

ਹੁਣੇ ਜਿਹੇ ਬਿਹਾਰ ’ਚ ਔਰਤਾਂ ਦੇ ਖ਼ਾਤਿਆਂ ’ਚ 10000 ਰੁਪਏ ਦੀ ਰਿਸ਼ਵਤ ਪਾ ਕੇ ਵੋਟਾਂ ਵਟੋਰ ਕੇ ਹਾਕਮ ਧਿਰ ਮੁੜ ਸੱਤਾ ਹਥਿਆ ਕੇ ਫੁੱਲਿਆਂ ਨਹੀਂ ਸਮਾ ਰਹੀ। ਪਰ ਉਥੋਂ ਦੇ ਲੋਕਾਂ ਦੀ ਦੁਰਦਸ਼ਾ ਦਾ ਬਿਆਨ ਕਰਨਾ ਔਖਾ ਹੈ।

ਸੂਬੇ ਦੇ ਲੋਕਾਂ ਦਾ ਪ੍ਰਮੁੱਖ ਐਕਸਪੋਰਟ ਉਦਯੋਗ ਮਖਾਣਾ ਪ੍ਰੋਸੈਸਿੰਗ ਹੈ। ਪੂਰਨੀਆਂ ਦੇ ਆਸ-ਪਾਸ ਮਜ਼ਦੂਰਾਂ ਨੂੰ ਮਖਾਣਾ ਕੱਢਣ ਲਈ ਗੰਦੇ ਪਾਣੀ ’ਚ ਗੋਤੇ ਲਾਉਣੇ ਪੈਂਦੇ ਹਨ, ਉਹਨਾਂ ਨੂੰ ਫਿਰ ਹਥੌੜਿਆਂ ਨਾਲ ਤੋੜਿਆ ਅਤੇ ਅੱਗ ’ਚ ਭੁੰਨਿਆ ਜਾਂਦਾ ਹੈ। ਉਹਨਾਂ ਲਈ ਸਰਕਾਰੀ ਮਖਾਣਾ ਪ੍ਰੋਸੈਸਿੰਗ ਲਈ ਕੋਈ ਮਸ਼ੀਨਾਂ ਨਹੀਂ। ਕਿਸੇ ਸਮਾਜਿਕ ਕਾਰਕੁੰਨ ਦੇ ਬਿਹਾਰ ਸੂਬੇ ਸੰਬੰਧੀ ਕਹੇ ਸ਼ਬਦ ਮਨ ਨੂੰ ਧੂ ਪਾਉਂਦੇ ਹਨ, ਅਸਲ ਵਿੱਚ ਜੇਕਰ ਬਿਹਾਰ ਇੱਕ ਦੇਸ਼ ਹੁੰਦਾ ਤਾਂ ਲਾਇਬੇਰੀਆ ਤੋਂ ਬਾਅਦ ਇਹ ਦੁਨੀਆ ਦਾ 12ਵਾਂ ਸਭ ਤੋਂ ਗ਼ਰੀਬ ਦੇਸ਼ ਹੁੰਦਾ।

ਪੌਣੀ ਸਦੀ ਬੀਤਣ ਦੇ ਬਾਅਦ ਵੀ ਲੋਕ ਇਨਸਾਫ਼ ਲਈ ਜੂਝ ਰਹੇ ਹਨ, ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ। ਇਹੋ ਜਿਹੀ ਸਥਿਤੀ ’ਚ ਦੇਸ਼ ਦੇ ਹਾਕਮ ਲਾਚਾਰ ਲੋਕਾਂ ਨੂੰ ਕਦੇ ਗੁੰਮਰਾਹ ਕਰਕੇ ਆਪਣੇ ਪਾਸੇ ਕਰਦੇ ਹਨ, ਕਦੇ ਧੱਕਾ ਕਰਕੇ ਆਪਣੇ ਨਾਲ ਜੋੜ ਰਹੇ ਹਨ ਅਤੇ ਕਦੇ ਥੋੜ੍ਹਾ ਬਹੁਤ ਇਨਸਾਫ਼ ਦਾ ਟਿੱਕਾ ਲਾ ਕੇ ਜਾਂ ਲੁਆ ਕੇ ਲੋਕਤੰਤਰ ਦਾ ਲੁਬਾਦਾ ਪਾ ਕੇ ਇਨਸਾਫ਼ ਦੀ ਗਲੀ ਬੰਦ ਕਰ, ਕਰਵਾ ਰਹੇ ਹਨ।

ਜਰਮਨ ਕਵੀ ਬਰਟੋਲਟ ਬ੍ਰੈਖਟ ਦੀਆਂ ਪੰਕਤੀਆਂ ਦੇਸ਼ ਦੇ ਨਿਆਂ ਪ੍ਰਬੰਧ ’ਤੇ ਕੁਝ ਇੰਝ ਢੁਕਦੀਆਂ ਹਨ :-

ਹਮ ਸਭ ਕੇ ਹਾਥ ਮੇਂ,
ਥਮਾ ਦੀਏ ਗਏ ਹੈਂ,
ਛੋਟੇ ਛੋਟੇ ਨਿਆਂ।
ਤਾਂ ਕਿ ਜੋ ਵੜਾ ਅਨਿਆਏ ਹੈ,
ਉਸ ਪਰ ਪਰਦਾ ਪੜਾ ਰਹੇ।

**# ਸੰਪਰਕ : 98158-02070**

# ਪੁਰਾਣੀ ਪੈਨਸ਼ਨ ਦਾ ਮੁੱਦਾ ਸਮਾਜਿਕ ਸੁਰੱਖਿਆ ਨਾਲ ਸੰਬੰਧਤ

ਅਰੁਣ ਕੁਮਾਰ ਕੈਹਰਬਾ

ਸਰਕਾਰੀ ਕਰਮਚਾਰੀ ਦੇਸ਼ ਅਤੇ ਪ੍ਰਣਾਲੀ ਦੀ ਰੀੜ੍ਹ ਵਜੋਂ ਕੰਮ ਕਰਦੇ ਹਨ। ਹਰ ਪਰਵਾਰ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਸਰਕਾਰੀ ਸੇਵਾ ਵਿੱਚ ਸ਼ਾਮਲ ਹੋਣ। ਅੱਜ ਦੇ ਬੇਰੁਜ਼ਗਾਰੀ ਦੇ ਯੁੱਗ ਵਿੱਚ ਐੱਮ ਫਿਲ, ਪੀ ਐੱਚ ਡੀ ਅਤੇ ਮਾਸਟਰ ਡਿਗਰੀਆਂ ਵਾਲੇ ਨੌਜਵਾਨ ਮੁੰਡੇ ਅਤੇ ਕੁੜੀਆਂ ਸਰਕਾਰੀ ਵਿਭਾਗਾਂ ਵਿੱਚ ਚਪੜਾਸੀ ਅਤੇ ਚੌਥੀ ਸ਼੍ਰੇਣੀ ਦੇ ਕਰਮਚਾਰੀਆਂ ਲਈ ਅਰਜ਼ੀਆਂ, ਪ੍ਰੀਖਿਆਵਾਂ ਅਤੇ ਇੰਟਰਵਿਊ ਵਿੱਚ ਹਿੱਸਾ ਲੈਂਦੇ ਦਿਖਾਈ ਦਿੰਦੇ ਹਨ। ਇਹ ਸਰਕਾਰੀ ਸੇਵਾ ਦੀ ਖਿੱਚ ਦਾ ਪ੍ਰਮਾਣ ਹੈ। ਸਰਕਾਰੀ ਸੇਵਾ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਰਹੀ ਹੈ ਕਿ ਸੇਵਾ-ਮੁਕਤੀ ਤੋਂ ਬਾਅਦ ਵੀ ਕਰਮਚਾਰੀਆਂ ਨੂੰ ਪੈਨਸ਼ਨ ਦੇ ਰੂਪ ਵਿੱਚ ਸਮਾਜਿਕ ਸੁਰੱਖਿਆ ਮਿਲਦੀ ਹੈ, ਹਾਲਾਂਕਿ 2004 ਤੋਂ ਸ਼ੁਰੂ ਕਰਦੇ ਹੋਏ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐੱਸ) ਨੂੰ ਐੱਨ ਪੀ ਐੱਸ (ਨਵੀਂ ਪੈਨਸ਼ਨ ਸਕੀਮ) ਨਾਂਅ ਬਦਲ ਦਿੱਤਾ। ਕਰਮਚਾਰੀਆਂ ਦੇ ਵਿਰੋਧ ਦੇ ਬਾਵਜੂਦ ਸਰਕਾਰ ਨੇ ਇਸ ਸਕੀਮ ਦੀ ਵਿਆਪਕ ਪ੍ਰਸ਼ੰਸਾ ਕੀਤੀ। ਸੱਚਾਈ ਉਦੋਂ ਸਾਹਮਣੇ ਆਈ, ਜਦੋਂ 2004 ਤੋਂ ਬਾਅਦ ਨਿਯੁਕਤ ਕੀਤੇ ਗਏ ਕਰਮਚਾਰੀ ਸੇਵਾਮੁਕਤ ਹੋ ਗਏ। ਉਨ੍ਹਾਂ ਦੀ ਪੈਨਸ਼ਨ 700 ਤੋਂ 2,000-3,000 ਰੁਪਏ ਤੱਕ ਸੀ, ਜੋ ਕਿ ਬੁਢਾਪਾ ਪੈਨਸ਼ਨ ਤੋਂ ਘੱਟ ਹੈ, ਜਦੋਂ ਕਿ ਸਰਕਾਰੀ ਸੇਵਾ ਦੀ ਖਿੱਚ ਬਣੀ ਹੋਈ ਹੈ, ਪੁਰਾਣੀ ਪੈਨਸ਼ਨ ਸਕੀਮ ਦੇ ਅੰਤ ਤੋਂ ਬਾਅਦ ਸੇਵਾਮੁਕਤੀ ਤੋਂ ਬਾਅਦ ਸਮਾਜਿਕ ਸੁਰੱਖਿਆ ਸਥਿਤੀ ਬਹੁਤ ਬਦਲ ਗਈ ਹੈ।

ਕਰਮਚਾਰੀ ਲੰਮੇ ਸਮੇਂ ਤੋਂ ਪੁਰਾਣੀ ਪੈਨਸ਼ਨ ਦੀ ਮੰਗ ਕਰ ਰਹੇ ਹਨ। ਕਰਮਚਾਰੀਆਂ ਦੁਆਰਾ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਲਈ ਇੱਕ ਰਾਸ਼ਟਰੀ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਸਰਕਾਰ ਨੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਖ਼ਤਮ ਕਰ ਦਿੱਤੀ ਸੀ, ਪਰ ਹੁਣ ਵਿਧਾਇਕਾਂ, ਸੰਸਦ ਮੈਂਬਰਾਂ, ਨਿਆਂਇਕ ਸੇਵਾ ਅਤੇ ਫੌਜ ਲਈ ਇਹੀ ਸਕੀਮ ਲਾਗੂ ਹੈ। ਇਹ ਸਪੱਸ਼ਟ ਤੌਰ ’ਤੇ ਮੁਲਾਜ਼ਮਾਂ ਨਾਲ ਵਿਤਕਰਾ ਹੈ। ਉਨ੍ਹਾਂ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ ਗਈ, ਜੋ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸੇਵਾ ਵਿੱਚ ਬਿਤਾਉਂਦੇ ਹਨ, ਜਦੋਂ ਕਿ ਚੋਣਾਂ ਜਿੱਤਣ ਤੋਂ ਬਾਅਦ ਵਿਧਾਇਕ ਅਤੇ ਸੰਸਦ ਮੈਂਬਰ ਬਣੇ ਸਿਆਸਤਦਾਨ ਆਪਣੇ ਲਈ ਪੁਰਾਣੀ ਪੈਨਸ਼ਨ ਸਕੀਮ ਬਰਕਰਾਰ ਰੱਖ ਰਹੇ ਹਨ। 2004 ਤੋਂ ਬਾਅਦ ਸਰਕਾਰ ਐੱਨ ਪੀ ਐੱਸ ਦੀ ਪ੍ਰਸ਼ੰਸਾ ਕਰਦੀ ਨਹੀਂ ਥੱਕਦੀ। ਹਾਲਾਂਕਿ, ਇਸ ਦੇ ਵਿਰੁੱਧ ਅਤੇ ਓ ਪੀ ਐੱਸ ਲਈ ਕਰਮਚਾਰੀਆਂ ਦੇ ਵਿਰੋਧ ਅਤੇ ਸੇਵਾਮੁਕਤੀ ਤੋਂ ਬਾਅਦ ਕਰਮਚਾਰੀਆਂ ਦੀ ਦੁਰਦਸ਼ਾ ਦੇ ਸਾਹਮਣੇ ਆਉਣ ਤੋਂ ਬਾਅਦ ਐੱਨ ਪੀ ਐੱਸ ਬਦਨਾਮ ਹੋ ਗਿਆ। ਸਰਕਾਰ ਨੇ ਯੂ ਪੀ ਐੱਸ (ਯੂਨੀਫਾਈਡ ਪੈਨਸ਼ਨ ਸਕੀਮ) ਨਾਮਕ ਇੱਕ ਨਵੀਂ ਸਕੀਮ ਦਾ ਐਲਾਨ ਕੀਤਾ। ਇਹ ਸਕੀਮ ਅਪ੍ਰੈਲ 2025 ਤੋਂ ਲਾਗੂ ਕੀਤੀ ਗਈ ਸੀ। ਇਸ ਸਕੀਮ ਦੀ ਸੱਚਾਈ ਵੀ ਮੁਲਾਜ਼ਮਾਂ ਦੇ ਸਾਹਮਣੇ ਹੈ। ਇਸੇ ਕਰਕੇ ਪੈਨਸ਼ਨ ਫੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (PFRDA) ਦੁਆਰਾ 22 ਅਕਤੂਬਰ ਨੂੰ NMOPS ’ਤੇ ਇੱਕ RTI ਪੁੱਛਗਿੱਛ ਦੇ ਜਵਾਬ ਵਿੱਚ ਪ੍ਰਦਾਨ ਕੀਤੇ ਗਏ ਅੰਕੜਿਆਂ ਦੇ ਅਨੁਸਾਰ ਕੁੱਲ 2,464,437 ਕੇਂਦਰੀ ਸਰਕਾਰੀ ਕਰਮਚਾਰੀਆਂ ਵਿੱਚੋਂ ਸਿਰਫ਼ 97,094 ਨੇ ਇਸ ਯੋਜਨਾ ਦੀ ਚੋਣ ਕੀਤੀ, ਜੋ ਕਿ ਕੁੱਲ ਦਾ ਸਿਰਫ਼ ਤਿੰਨ ਪ੍ਰਤੀਸ਼ਤ ਹੈ। ਇਹ ਸਰਕਾਰ ਵੱਲੋਂ ਵਾਰ-ਵਾਰ ਯੂ ਪੀ ਐੱਸ ਦੀ ਚੋਣ ਕਰਨ ਦੀ ਸਮਾਂ-ਸੀਮਾ ਵਧਾਉਣ ਦੇ ਬਾਵਜੂਦ ਹੈ। ਸ਼ੁਰੂ ਵਿੱਚ ਸਰਕਾਰ ਨੇ ਯੂ ਪੀ ਐੱਸ ਦੀ ਚੋਣ ਕਰਨ ਲਈ 1 ਅਪ੍ਰੈਲ ਤੋਂ 30 ਜੂਨ, 2025 ਤੱਕ ਇੱਕ ਵਿੰਡੋ ਪ੍ਰਦਾਨ ਕੀਤੀ। ਇਸ ਤੋਂ ਬਾਅਦ ਸਮਾਂ-ਸੀਮਾ 30 ਸਤੰਬਰ ਤੱਕ ਵਧਾ ਦਿੱਤੀ ਗਈ। ਜਦੋਂ ਕਰਮਚਾਰੀਆਂ ਦੀ ਯੂ ਪੀ ਐੱਸ ਪ੍ਰਤੀ ਉਦਾਸੀਨਤਾ ਬਣੀ ਰਹੀ, ਤਾਂ ਇਸ ਸਮਾਂ-ਸੀਮਾ ਨੂੰ 30 ਨਵੰਬਰ ਤੱਕ ਵਧਾ ਦਿੱਤਾ ਗਿਆ। ਕੁੱਲ ਮਿਲਾ ਕੇ ਕਰਮਚਾਰੀਆਂ ਨੇ ਯੂ ਪੀ ਐੱਸ ਨੂੰ ਰੱਦ ਕਰ ਦਿੱਤਾ ਹੈ।

ਕਰਮਚਾਰੀ ਮੰਨਦੇ ਹਨ ਕਿ ਪੁਰਾਣੀ ਪੈਨਸ਼ਨ ਇੱਕ ਜੀਵਨ ਰੇਖਾ ਹੈ। ਐੱਨ ਪੀ ਐੱਸ ਅਤੇ ਯੂ ਪੀ ਐੱਸ ਸਿਰਫ਼ ਡਰਾਮੇਬਾਜ਼ੀ ਹਨ। ਇਹ ਸਕੀਮਾਂ ਸਿਰਫ਼ ਪੈਨਸ਼ਨ ਦਾ ਭਰਮ ਪੈਦਾ ਕਰਨ ਲਈ ਬਣਾਈਆਂ ਗਈਆਂ ਸਨ। ਹੁਣ ਤੱਕ ਸਰਕਾਰ ਐੱਨ ਪੀ ਐੱਸ ਨੂੰ ਇੱਕ ਚੰਗੀ ਚੀਜ਼ ਵਜੋਂ ਪੇਸ਼ ਕਰਦੀ ਰਹੀ ਹੈ। ਜੇਕਰ ਇਹ ਸਕੀਮ ਏਨੀ ਵਧੀਆ ਸੀ ਤਾਂ ਇਸ ਨੇ ਯੂ ਪੀ ਐੱਸ ਕਿਉਂ ਪੇਸ਼ ਕੀਤਾ? ਇਹ ਖਪਤਕਾਰਾਂ ਨੂੰ ਇੱਕ ਤੋਂ ਬਾਅਦ ਇੱਕ ਉਤਪਾਦ ਪੇਸ਼ ਕਰਨ ਦੀ ਇੱਕ ਮਾਰਕੀਟ ਰਣਨੀਤੀ ਹੈ। ਸਰਕਾਰ ਆਪਣੀ ਜਨ ਭਲਾਈ ਭੂਮਿਕਾ ਨੂੰ ਭੁੱਲ ਰਹੀ ਹੈ ਅਤੇ ਇੱਕ ਕੰਪਨੀ ਵਾਂਗ ਵਿਹਾਰ ਕਰ ਰਹੀ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਸਰਕਾਰ ਨੇ ਐੱਨ ਪੀ ਐੱਸ ਅਤੇ ਯੂ ਪੀ ਐੱਸ ਵਿੱਚੋਂ ਇੱਕ ਦੀ ਚੋਣ ਕਰਨ ਦਾ ਵਿਕਲਪ ਦਿੱਤਾ ਹੈ, ਉਸੇ ਤਰ੍ਹਾਂ ਓ ਪੀ ਐੱਸ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਆਪਣੀ ਪਸੰਦ ਦੀ ਕੋਈ ਵੀ ਸਕੀਮ ਚੁਣ ਸਕਦਾ ਹੈ। ਫਿਰ ਸਭ ਕੁਝ ਸਪੱਸ਼ਟ ਹੋ ਜਾਵੇਗਾ। ਮਾਹਰਾਂ ਦਾ ਮੰਨਣਾ ਹੈ ਕਿ ਯੂ ਪੀ ਐੱਸ ਨੂੰ ਉਤਸ਼ਾਹਤ ਕਰਨ ’ਤੇ ਜਿੰਨਾ ਪੈਸਾ ਖਰਚ ਕੀਤਾ ਗਿਆ ਹੈ ਜਾਂ ਕੀਤਾ ਜਾ ਰਿਹਾ ਹੈ, ਉਸ ਦੀ ਵਰਤੋਂ ਬਹੁਤ ਸਾਰੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਦੇ ਲਾਭ ਪ੍ਰਦਾਨ ਕਰਨ ਲਈ ਕੀਤੀ ਜਾ ਸਕਦੀ ਸੀ।

ਐੱਨ ਪੀ ਐੱਸ ਅਤੇ ਯੂ ਪੀ ਐੱਸ ਦੋਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਟਾਕ ਮਾਰਕੀਟ ’ਤੇ ਨਿਰਭਰ ਹਨ। ਸਰਕਾਰ ਵੱਖ-ਵੱਖ ਸਰਕਾਰੀ ਵਿਭਾਗਾਂ ਨੂੰ ਆਪਣਾ ਜੀਵਨ ਸਮਰਪਤ ਕਰਨ ਵਾਲੇ ਕਰਮਚਾਰੀਆਂ ਦੀ ਭਲਾਈ ਨਾਲੋਂ ਬਾਜ਼ਾਰ ਹਿੱਤਾਂ ਨੂੰ ਤਰਜੀਹ ਦਿੰਦੀ ਹੈ। ਸਰਕਾਰ ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨਾ ਅਤੇ ਕਰਮਚਾਰੀਆਂ ਦੇ ਯੋਗਦਾਨ ਨੂੰ ਉੱਥੇ ਮੋੜਨਾ ਬਿਹਤਰ ਸਮਝਦੀ ਹੈ। ਅਰਥ ਸ਼ਾਸਤਰੀ ਅਤੇ ਅਖੌਤੀ ਆਰਥਕ ਸੁਧਾਰਾਂ ਦੇ ਸਰਕਾਰੀ ਸਮਰਥਕ ਓ ਪੀ ਐੱਸ ਨੂੰ ਬੋਝ ਮੰਨਦੇ ਹਨ। ਹਾਲਾਂਕਿ, ਸੱਚਾਈ ਇਹ ਹੈ ਕਿ ਐੱਨ ਪੀ ਐੱਸ ਅਤੇ ਯੂ ਪੀ ਐੱਸ ਬੋਝ ਹਨ। ਕਰਮਚਾਰੀਆਂ ਅਤੇ ਸਰਕਾਰੀ ਯੋਗਦਾਨਾਂ ਨੂੰ ਸਟਾਕ ਮਾਰਕੀਟ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ, ਜਿੱਥੇ ਪੈਸਾ ਪੂਰੀ ਤਰ੍ਹਾਂ ਅਸੁਰੱਖਿਅਤ ਹੈ। ਜਿਹੜੇ ਲੋਕ ਓ ਪੀ ਐੱਸ ਨੂੰ ਬੋਝ ਕਹਿੰਦੇ ਹਨ, ਉਨ੍ਹਾਂ ਨੂੰ ਸਰਕਾਰ ਦੇ ਹੋਰ ਖਰਚਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੀ ਕਾਰਪੋਰੇਟ ਘਰਾਣਿਆਂ ਨੂੰ ਦਿੱਤੇ ਗਏ ਕਰਜ਼ੇ ਅਤੇ ਫਿਰ ਮਾਫ਼ ਕੀਤੇ ਗਏ ਕਰਜ਼ੇ ਸਰਕਾਰੀ ਖਜ਼ਾਨੇ ’ਤੇ ਬੋਝ ਨਹੀਂ ਹਨ? ਕੀ ਰਾਜ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਮੰਤਰੀਆਂ ਦੀਆਂ ਤਨਖਾਹਾਂ, ਭੱਤਿਆਂ ਅਤੇ ਪੈਨਸ਼ਨਾਂ ਵਿੱਚ ਵਾਧਾ ਸਰਕਾਰੀ ਖਜ਼ਾਨੇ ’ਤੇ ਬੋਝ ਨਹੀਂ ਹੈ? ਅਸਲੀਅਤ ਇਹ ਹੈ ਕਿ ਸਰਕਾਰ ਕੋਲ ਪੈਸੇ ਦੀ ਕਮੀ ਨਹੀਂ ਹੈ। ਸਵਾਲ ਤਰਜੀਹ ਦਾ ਹੈ। ਜਦੋਂ ਦੇਸ਼ ਭਰ ਦੇ ਕਰਮਚਾਰੀ ਐੱਨ ਪੀ ਐਸ ਅਤੇ ਯੂ ਪੀ ਐੱਸ ਦੀ ਥਾਂ ਪੁਰਾਣੀ ਪੈਨਸ਼ਨ ਦੀ ਮੰਗ ਕਰ ਰਹੇ ਹਨ, ਤਾਂ ਕੇਂਦਰ ਸਰਕਾਰ ਨੂੰ ਇਸ ਮਾਮਲੇ ’ਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਓ ਪੀ ਐੱਸ ਨੂੰ ਬਹਾਲ ਕਰਨਾ ਚਾਹੀਦਾ ਹੈ।

**# ਸੰਪਰਕ : 94662-20145**

# ਜ਼ਿਮਨੀ ਚੋਣ ’ਚ ਗੈਂਗਸਟਰਾਂ ਤੇ ਪੁਲਸ ਦੀ ਭੂਮਿਕਾ ਚਿੰਤਾਜਨਕ

ਨਰਭਿੰਦਰ

ਤਰਨ ਤਾਰਨ ਜ਼ਿਮਨੀ ਚੋਣ ਪਿੱਛੋਂ ਰਾਜਨੀਤੀ ਵਿੱਚ ਗੈਂਗਸਟਰ, ਪੁਲਸ ਤੇ ਪੈਸੇ ਦੀ ਭੂਮਿਕਾ ਨੂੰ ਲੈ ਕੇ ਇੱਕ ਚਰਚਾ ਛਿੜੀ ਹੋਈ ਹੈ ਅਤੇ ਪੰਜਾਬ ਦੇ ਵਿਸ਼ੇਸ਼ ਕਰਕੇ ਮਾਝੇ ਦੇ ਇਲਾਕੇ ਵਿੱਚ ਇਸ ਦੀ ਅਹਿਮ ਭੂਮਿਕਾ ’ਤੇ ਸੁਆਲ ਖੜੇ ਹੋ ਗਏ ਹਨ।

ਇਸ ਜ਼ਿਮਨੀ ਚੋਣ ਵਿੱਚ ਲੋਕ ਮੁੱਦੇ ਬਿਲਕੁੱਲ ਗਾਇਬ ਰਹੇ। ਤਰਨ ਤਾਰਨ, ਜਿਹੜਾ ਲੱਗਭੱਗ 1980 ਤੋਂ ਲੈ ਕੇ ਅੱਜ ਤੱਕ ਅਣਗੌਲਿਆ ਰਿਹਾ ਹੈ ਅਤੇ ਜਿਥੇ ਸਭ ਤੋਂ ਵੱਧ ਬੇਰੁਜ਼ਗਾਰੀ ਅਤੇ ਗਰੀਬ ਤੇ ਛੋਟੀ ਕਿਸਾਨੀ ਹੈ। ਜਿਹਦੀ ਇਕ ਪੀੜ੍ਹੀ 1984 ਤੋਂ 1990 ਤੱਕ ਅੱਤਵਾਦ ਨੇ ਹਜ਼ਮ ਕਰ ਲਏ। ਪੁਲਸ ਨੇ ਸਭ ਤੋਂ ਵੱਧ ਪੁਲਸ ਮੁਕਾਬਲੇ ਇਸੇ ਜ਼ਿਲ੍ਹੇ ਵਿੱਚ ਕੀਤੇ ਤੇ ਪਿੱਛੋਂ ਬਣੀਆਂ ਸਰਕਾਰਾਂ ਨੇ ਉਹ ਕਾਂਗਰਸ ਦੀਆਂ ਹੋਣ ਜਾਂ ਅਕਲੀਆਂ ਦੀਆਂ, ਨੇ ਪਿੰਡਾਂ ਵਿੱਚ ਧੜੇਬੰਦੀਆਂ ਖੜੀਆਂ ਕਰ ਦਿੱਤੀਆਂ। ਬੇਅੰਤ ਸਿੰਘ ਦੇ ਰਾਜ ਤੋਂ ਲੈ ਕੇ ਬਾਦਲ ਦੇ ਰਾਜ ਤੱਕ ਇਨ੍ਹਾਂ ਪੇਂਡੂ ਧੜੇਬੰਦੀਆਂ ਨੇ ਫਰਜ਼ੀ ਮੁੱਕਦਮੇ ਦਰਜ ਕਰਾਉਣ ਦੇ ਸਿਲਸਿਲੇ ਵਿੱਚ ਵਿਆਪਕ ਪਸਾਰਾ ਹੀ ਨਹੀਂ ਕੀਤਾ, ਪਿੰਡਾਂ ਵਿੱਚ ਨਫ਼ਰਤ ਅਤੇ ਲੜਾਈ-ਝਗੜਿਆਂ ਦੀਆਂ ਦੀਵਾਰਾਂ ਖੜੀਆਂ ਕਰ ਦਿੱਤੀਆ ਅਕਾਲੀ ਦਲ ਦੇ 10 ਸਾਲਾ ਰਾਜ ਵਿੱਚ ਸੱਤਾਧਾਰੀ ਧਿਰ ਨੇ ਪੁਲਸ ਦੀ ਵਰਤੋਂ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਖੁੱਲ੍ਹੇ ਰੂਪ ਵਿੱਚ ਕੀਤੀ ਅਤੇ ਪੁਲਸ ਲਈ ਵੀ ਇਹ ਇਕ ਕਮਾਊ ਧੰਦਾ ਬਣ ਗਿਆ, ਦੂਸਰੇ ਪਾਸੇ ਨਵੀਂ ਪੀੜ੍ਹੀ ਦੇ ਗਰੋਹ ਪਾਲਣ ਵਿੱਚ ਸੁਖਬੀਰ ਬਾਦਲ ਨੇ ਅਹਿਮ ਭੂਮਿਕਾ ਨਿਭਾਈ। ਰਵਾਇਤੀ ਅਕਾਲੀ ਪਿੰਡਾਂ ’ਚੋਂ ਅਲੋਪ ਹੋ ਗਏ ਅਤੇ ਸਿੱਖ ਇਤਿਹਾਸ, ਫਲਸਫੇ ਤੇ ਕਦਰਾਂ-ਕੀਮਤਾਂ ਤੋਂ ਕੋਰੇ ਲੰਪਨ ਕਿਸਮ ਦੇ ਲੋਕ ਅਕਾਲੀ ਦਲ ਵਿੱਚ ਭਰਤੀ ਹੀ ਨਹੀਂ ਹੋਏ, ਸਗੋਂ ਉਨ੍ਹਾਂ ਨੇ ਚਿੱਟੇ ਵਰਗੇ ਨਸ਼ਿਆਂ ਦੇ ਕਾਰੋਬਾਰ ਵਿੱਚ ਦਖ਼ਲਅੰਦਾਜ਼ੀ ਬਣਾ ਲਈ। ਇਸ ਵਰਤਾਰੇ ਨੇ ਇਸ ਖੇਤਰ ਦੀ ਦੂਸਰੀ ਪੀੜ੍ਹੀ ਨੂੰ ਆਪਣੀ ਗ੍ਰਿਫ਼ਤ ’ਚ ਲੈ ਲਿਆ।

ਕਿਸਾਨੀ ਸੰਘਰਸ਼ ਵਿੱਚ ਇਸ ਖੇਤਰ ਦੇ ਨੌਜਵਾਨ ਕਿਸਾਨਾਂ ਨੇ ਬੇਸ਼ੱਕ ਅਹਿਮ ਭੂਮਿਕਾ ਨਿਭਾਈ, ਪਰ ਆਪਣੀ ਛਾਪ ਪਿੰਡ ਪੱਧਰ ’ਤੇ ਨਹੀਂ ਛੱਡ ਸਕੇ। ਪਹਿਲਾਂ ਕਾਰਨ ਇਹ ਕਿ ਇਸ ਖੇਤਰ ਦੇ ਵੱਡੇ ਕਿਸਾਨ ਸੰਗਠਨ ਦੀ ਵਿਚਾਰਧਾਰਕ ਕਮਜ਼ੋਰੀ ਅਤੇ ਵਿਚਾਰਧਾਰਾ ਨਾਲ ਜੁੜੇ ਸੰਗਠਨਾਂ ਕੋਲ ਯੋਗ ਲੀਡਰਸ਼ਿਪ ਦੀ ਘਾਟ, ਜਿਸ ਕਰਕੇ ਪੇਂਡੂ ਖੇਤਰ ਵਿੱਚ ਰਵਾਇਤੀ ਰਾਜਸੀ ਪਾਰਟੀਆਂ ਵੱਲੋਂ ਉਸਾਰੀਆਂ ਧੜੇਬੰਦੀਆਂ ਤੋਂ ਕਿਸਾਨਾਂ ਅਤੇ ਉਨ੍ਹਾਂ ਦੇ ਨੌਜਵਾਨਾਂ ਨੂੰ ਮੁਕਤ ਕਰਵਾ ਕੇ ਕਿਸੇ ਦਿਸ਼ਾ ਵਿੱਚ ਲਾਉਣ ਦੀ ਘਾਟ ਰਹੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਨੇ ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਵੀ ਸਥਾਨਕ ਮੁੱਦਿਆ ਤੇ ਕਿਸਾਨਾਂ ਦੇ ਮੁੱਦਿਆ ’ਤੇ ਝੰਡਾ ਮਾਰਚ ਕਰਕੇ ਆਪਣੀ ਹਾਜ਼ਰੀ ਲਵਾਈ, ਜਿਸ ’ਚ ਅਹਿਮ ਮੁੱਦਾ-‘ਸੇਰੋਂ ਦੀ ਸਹਿਕਾਰੀ ਖੰਡ ਮਿੱਲ ਨੂੰ ਚਾਲੂ ਕਰਨ ਦਾ ਸੀ।’ ਪਰ ਲੋਕਾਂ ਨੇ ਤੇ ਰਾਜਸੀ ਪਾਰਟੀਆਂ ਨੇ ਇਹਨੂੰ ਅਣਗੌਲਿਆ ਹੀ ਕੀਤਾ। ਚੋਣ ਬੁਖਾਰ ਵਿੱਚ ਮੁੱਦਿਆਂ ਨਾਲੋਂ ਨਿੱਜੀ ਕਿਰਦਾਰਕੁਸ਼ੀ ਹੀ ਭਾਰੂ ਰਹੀ।

ਜ਼ਿਮਨੀ ਚੋਣ ਵਿੱਚ 60.95 ਫੀਸਦੀ ਵੋਟਾਂ ਪੋਲ ਹੋਈਆਂ, ਜਿਨ੍ਹਾਂ ’ਚੋਂ ਆਮ ਆਦਮੀ ਪਾਰਟੀ ਵੱਲੋਂ ਰੁਸੇ ਹੋਏ ਅਕਾਲੀ ਲੀਡਰ ਹਰਮੀਤ ਸਿੰਘ ਸੰਧੂ ਨੂੰ ਆਪਣੀ ਸ਼ਰਨ ਵਿੱਚ ਲਿਆ ਸੀ, ਨੂੰ 42649 ਵੋਟਾਂ ਮਿਲੀਆਂ, ਭਾਵ ਕੁੱਲ ਵੋਟਾਂ ਦਾ 36.23 ਫ਼ੀਸਦੀ ਤੇ 12091 ਵੋਟਾਂ ਨਾਲ ਜੇਤੂ ਰਿਹਾ। ਅਕਾਲੀ ਦਲ (ਬਾਦਲ) ਨੂੰ ਕੋਈ ਯੋਗ ਉਮੀਦਵਾਰ ਨਾ ਮਿਲਣ ’ਤੇ ਆਜ਼ਾਦ ਗਰੁੱਪ ਵੱਲੋਂ ਪੇਸ਼ ਕੀਤੇ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ, ਜਿਹੜੇ ਰਿਟਾਇਰਡ ਪ੍ਰਿੰਸੀਪਲ ਸਨ ਅਤੇ ਜਿਨ੍ਹਾ ਬਾਰੇ ਇਹ ਪ੍ਰਚਾਰ ਭਾਰੂ ਰਿਹਾ ਕਿ ਉਹ ਗੈਂਗਸਟਰ ਅੰਮ੍ਰਿਤਪਾਲ ਬਾਠ ਦੀ ਸੱਸ ਹਨ। ਅਕਾਲੀ ਦਲ ਬਾਦਲ ਉਨ੍ਹਾ ਨੂੰ ਧਰਮੀ ਫੌਜੀਆਂ ਦੇ ਪਰਵਾਰ ਦੇ ਤੌਰ ’ਤੇ ਪ੍ਰਚਾਰਦਾ ਰਿਹਾ, ਨੇ 30558 ਵੋਟਾਂ, ਭਾਵ 25.96 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਅਕਾਲੀ ਦਲ ਵਾਰਿਸ ਪੰਜਾਬ ਦੇ ਉਮੀਦਵਾਰ ਮਨਦੀਪ ਸਿੰਘ ਖਾਲਸਾ, ਜਿਹੜੇ ਪਟਿਆਲਾ ਜੇਲ੍ਹ ’ਚ ਬੰਦ ਸੰਦੀਪ ਸਿੰਘ, ਜਿਨ੍ਹਾ ’ਤੇ ਜੇਲ੍ਹ ਵਿੱਚ ਖ਼ੂੰਖਾਰ ਪੁਲਸ ਅਫ਼ਸਰ ‘ਸੂਬਾ ਸਰਹਿੰਦ ਦੇ ਕਤਲ ਦਾ ਇਲਜ਼ਾਮ ਹੈ, ਦੇ ਭਗਤ ਹਨ ਅਤੇ, ਜਿਨ੍ਹਾ ਨੂੰ ਅੰਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ (ਅੱਜਕੱਲ੍ਹ ਡਿਬਰੂਗੜ੍ਹ ਜੇਲ੍ਹ ਵਿੱਚ), ਅਕਾਲੀ ਦਲ ਅੰਮ੍ਰਿਤਸਰ, ਪੁਨਰ ਗਠਨ ਅਕਾਲੀ ਦਲ ਆਦਿ ਦੀ ਹਮਾਇਤ ਹਾਸਲ ਸੀ। 19620 ਭਾਵ 16.67 ਫ਼ੀਸਦੀ ਵੋਟਾਂ ਲੈ ਕੇ ਤੀਸਰੇ ਨੰਬਰ ’ਤੇ ਰਹੇ। ਕਾਂਗਰਸ ਨੂੰ ਵੀ ਕੋਈ ਯੋਗ ਉਮੀਦਵਾਰ ਨਹੀਂ ਮਿਲਿਆ ਤਾਂ ਇਕ ਨੌਜਵਾਨ ਕਰਨਬੀਰ ਸਿੰਘ ਬੁਰਜ ਨੂੰ ਖੜਾ ਕਰ ਦਿੱਤਾ, ਜਿਹੜੇ ਮਹਿਜ਼ 15078 ਭਾਵ 12.81 ਫ਼ੀਸਦੀ ਵੋਟ ਲੈ ਗਏ। ਇਵੇਂ ਹੀ ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੇ 6239 ਵੋਟਾਂ ਭਾਵ 5.3 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਜਿਨ੍ਹਾਂ ਨੂੰ ਕੋਈ ਵੀ ਉਮੀਦਵਾਰ ਪਸੰਦ ਨਹੀਂ ਆਇਆ, ਜਿਨ੍ਹਾਂ ਨੋਟਾ ਦਾ ਬਟਨ ਦਬਾਇਆ, ਉਨ੍ਹਾਂ ਦੀ ਗਿਣਤੀ 609 ਭਾਵ 0.5 ਫੀਸਦੀ ਸੀ।

ਜ਼ਿਮਨੀ ਚੋਣ ਪਿੱਛੋਂ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਆਪਣੇ-ਆਪਣੇ ਦਾਅਵੇ ਕਰਦੀਆਂ ਹਨ। ਹਕੀਕਤ ਕੀ ਹੈ। ਇਹ ਵੀ ਜਾਣ ਲੈਣੀ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੂੰ 2022 ਵਿੱਚ ਜਦੋਂ ਚੋਣਾਂ ਹੋਈਆਂ ਸਨ ਤਾਂ ਉਨ੍ਹਾ ਦੇ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਨੂੰ 52936 ਵੋਟਾਂ, ਭਾਵ 40.45 ਫ਼ੀਸਦੀ ਵੋਟਾਂ ਮਿਲੀਆਂ ਸਨ। ਉਹ ਪਹਿਲੀ ਵਾਰ ਖੜੇ ਹੋਏ ਸਨ। ਇਸ ਵਾਰ ਆਪ ਦੇ ਉਮੀਦਵਾਰ ਨੂੰ ਲੱਗਭੱਗ 10000 ਵੋਟਾਂ ਘੱਟ ਮਿਲੀਆਂ ਹਨ, ਭਾਵ 4.22 ਫ਼ੀਸਦੀ ਵੋਟ ਘਟੀ ਹੈ।

ਉਧਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਨੂੰ ਮੁੜ ਵਾਪਸੀ ਵਜੋਂ ਪ੍ਰਚਾਰ ਰਹੇ ਹਨ ਅਤੇ ਅਕਾਲੀ ਦਲ ਵਿੱਚ ਆਈ ਨਿਰਾਸ਼ਤਾ ਨੂੰ ਦੂਰ ਕਰਨ ਲਈ ਇਸ ਜ਼ਿਮਨੀ ਚੋਣ ਵਿੱਚ ਮਿਲੇ ਹੁੰਗਾਰੇ ਅਤੇ ਦੂਸਰੇ ਨੰਬਰ ਦੀ ਪੁਜ਼ੀਸ਼ਨ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹਨ, ਪਰ ਹਕੀਕਤ ਕੀ ਹੈ, ਇਸ ’ਤੇ ਨਿਗ੍ਹਾ ਮਾਰ ਲੈਣੀ ਚਾਹੀਦੀ ਹੈ। ਇਸ ਵਾਰ ਬਾਦਲ ਦਲ ਦੇ ਉਮੀਦਵਾਰ ਨੂੰ 30558 ਵੋਟਾਂ ਮਿਲੀਆਂ, ਜੋ ਕੁੱਲ ਵੋਟਾਂ ਦਾ 25.96 ਫੀਸਦੀ ਸਨ। ਪਿਛਲੀਆ 2022 ਦੀਆਂ ਚੋਣਾਂ ਵਿੱਚ ਜਦੋਂ ਅਕਾਲੀ ਦਲ ਵੱਲੋਂ ਹਰਮੀਤ ਸਿੰਘ ਸੰਧੂ ਉਮੀਦਵਾਰ ਸਨ ਤਾਂ ਉਨ੍ਹਾ ਨੂੰ 39347 ਵੋਟਾਂ ਮਿਲੀਆਂ ਸਨ, ਜੋ ਕੁੱਲ ਵੋਟਾਂ ਦਾ 30.6 ਫ਼ੀਸਦੀ ਸਨ ਅਤੇ 2017 ਵਿੱਚ ਵੀ ਹਰਮੀਤ ਸਿੰਘ ਸੰਧੂ ਨੂੰ 34.10 ਫ਼ੀਸਦੀ ਵੋਟਾਂ ਹਾਸਲ ਹੋਈਆਂ ਸਨ। ਇਸ ਲਿਹਾਜ਼ ਨਾਲ ਅਕਾਲੀ ਦਲ ਦਾ ਵੋਟ ਗ੍ਰਾਫ 2017 ਦੇ ਮੁਕਾਬਲੇ 8 ਫ਼ੀਸਦੀ ਅਤੇ 2022 ਦੇ ਮੁਕਾਬਲੇ 4 ਫ਼ੀਸਦੀ ਘਟਿਆ ਹੈ। ਸੁਖਬੀਰ ਬਾਦਲ ਦਾਅਵਾ ਕਿਸ ਦਾ ਕਰ ਰਿਹਾ ਹੈ? ਹਾਂ, ਵਾਰਿਸ ਪੰਜਾਬ ਵਾਲੇ ਉਮੀਦਵਾਰ ਨੇ 16.67 ਫ਼ੀਸਦੀ ਵੋਟਾਂ ਹਾਸਲ ਕਰਕੇ ਇਹ ਦੱਸ ਦਿੱਤਾ ਹੈ ਕਿ ਜੇ ਉਸ ਦੀ ਮੁਹਿੰਮ ਯੋਜਨਾਬੱਧ ਢੰਗ ਨਾਲ ਸਾਰੀਆਂ ਧਿਰਾਂ ਨੇ ਮਿਲ ਕੇ ਚਲਾਈ ਹੁੰਦੀ ਤਾਂ ਬਾਦਲ ਦਲ ਦੀ ਇਹ ਵੋਟ ਫ਼ੀਸਦੀ ਜੋ ਹੁਣ ਹੈ, ਵੀ ਹੇਠਾਂ ਡਿੱਗਣੀ ਸੀ। ਹਾਲਾਂਕਿ ਵਾਰਿਸ ਪੰਜਾਬ ਵਾਲਾ ਉਮੀਦਵਾਰ ਸਿਰਫ਼ ਦੋ ਵੋਟਾਂ ਵੱਧ ਲੈਣ ਕਰਕੇ ਹੀ ਆਪਣੀ ਜ਼ਮਾਨਤ ਬਚਾ ਸਕਿਆ ਹੈ। ਸਭ ਤੋਂ ਵੱਧ ਨੁਕਸਾਨ ਕਾਂਗਰਸ ਦਾ ਹੋਇਆ ਹੈ। ਹਾਲਾਂਕਿ 2017 ਵਿੱਚ ਇਸ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ ਸੀ।

ਬਾਦਲ ਦਲ ਨੂੰ ਫਾਇਦਾ ਇਸ ਦਾ ਵੀ ਮਿਲਿਆ ਕਿ ਪੁਨਰ-ਸੁਰਜੀਤ ਅਕਾਲੀ ਦਲ ਅਤੇ ਮਾਨ ਅਕਾਲੀ ਦਲ ਵੱਲੋਂ ਮਨਦੀਪ ਸਿੰਘ ਦੇ ਹੱਕ ’ਚ ਕੋਈ ਚੋਣ ਮੁਹਿੰਮ ਨਹੀਂ ਚਲਾਈ ਗਈ। ਨਾ ਹੀ ਬੇਅਦਬੀਆਂ ਦਾ ਮਾਮਲਾ ਚੋਣਾਂ ਦਾ ਵਿਸ਼ਾ ਬਣਿਆ, ਨਾ ਹੀ ਅਕਾਲ ਤਖ਼ਤ ਤੋਂ ਭਗੌੜੇ ਹੋਣ ਅਤੇ ਹੁਕਮਨਾਮੇ ਨਾ ਪ੍ਰਵਾਨ ਕਰਨ ਦਾ ਮੁੱਦਾ ਹੀ ਉਭਰਿਆ। ਪੁਨਰ-ਸੁਰਜੀਤੀ ਅਕਾਲੀ ਦਲ ਚੁੱਪ ਕਿਉਂ ਰਿਹਾ ਇਸ ਜ਼ਿਮਨੀ ਚੋਣ ਵਿੱਚ ਇੱਕ ਸੁਆਲ ਹੈ। ਵਾਰਿਸ ਪੰਜਾਬ ਦੇ ਉਮੀਦਵਾਰ ਨੂੰ ਜਿਹੜੀ ਵੋਟ ਮਿਲੀ, ਉਸ ਵਿੱਚ ਜ਼ਿਆਦਾਤਰ ਜਜ਼ਬਾਤੀ ਨੌਜਵਾਨਾਂ ਵੱਲੋਂ ਨਿਭਾਈ ਭੂਮਿਕਾ ਦੀ ਹੀ ਸੀ। ਇਹੀ ਕਾਰਨ ਕਿ ਸੁਖਬੀਰ ਬਾਦਲ ਲਈ ਤਰਨ ਤਾਰਨ ਜ਼ਿਮਨੀ ਚੋਣ ਮੁੜ ਉਭਰਨ ਦਾ ਅਖਾੜਾ ਬਣ ਗਈ। ਵੈਸੇ ਪੰਥਕ ਕਿਹਾ ਜਾਣ ਵਾਲਾ ਹਲਕਾ ਕਦੇ ਵੀ ਪੰਥਕ ਨਹੀਂ ਰਿਹਾ, ਇਥੋਂ ਕਾਂਗਰਸ ਵੀ ਜਿਤਦੀ ਰਹੀ ਹੈ ਅਤੇ ਆਜ਼ਾਦ ਉਮੀਦਵਾਰ ਵੀ ਜਿੱਤਦੇ ਰਹੇ ਹਨ। ਜੇ ਕਿਹਾ ਜਾਵੇ ਤਾਂ ਤਰਨ ਤਾਰਨ ਦਾ ਇਹ ਹਲਕਾ ਦੇਸ਼ ਭਗਤਾਂ ਦਾ ਹਲਕਾ ਹੈ, ਜਿੱਥੋਂ ਦੇ ਪਿੰਡਾਂ ਦੇ ਸਭ ਤੋਂ ਵੱਧ ਲੋਕਾਂ ਨੇ ਆਜ਼ਾਦੀ ਦੀ ਲੜਾਈ ਵਿੱਚ ਤੇ ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ਼ ਆਪਣੀ ਭੂਮਿਕਾ ਨਿਭਾਈ ਸੀ, ਪਰ ਇਸ ਵਿਰਾਸਤ ਨੂੰ ਅੱਗੇ ਤੋਰਨ ਤੇ ਸੰਭਾਲਣ ਵਾਲੇ ਕਮਜ਼ੋਰ ਹੀ ਰਹੇ, ਸੰਭਾਲ ਨਹੀਂ ਸਕੇ। ਜੇ ਕਿਹਾ ਜਾਵੇ ਤਾਂ ਇਸ ਜ਼ਿਮਨੀ ਚੋਣ ਨੇ ਰਾਜਨੀਤੀ ’ਚ ਆ ਰਹੀ ਗਿਰਾਵਟ ਅਤੇ ਦੀਵਾਲੀਏਪਨ ਨੂੰ ਹੀ ਸਾਹਮਣੇ ਲਿਆਂਦਾ ਹੈ। ਜਦੋਂ ਵੋਟਾਂ ਸਮੇਂ ਲੋਕ ਮੁੱਦੇ ਗਾਇਬ ਹੋਣ ਤਾਂ ਦੋਮ ਦਰਜੇ ਦੇ ਮੁੱਦੇ ਤੇ ਕੂੜ ਪ੍ਰਚਾਰ ਜਿੱਤਣ ਲਈ ਹੱਥਕੰਡੇ ਹੀ ਵਰਤੇ ਜਾਂਦੇ। ਤਰਨ ਤਾਰਨ ਹਲਕੇ ਦੇ ਪਹਿਲਾ ਵਿਧਾਇਕ ਕਸ਼ਮੀਰ ਸਿੰਘ ਸੋਹਲ ਨੂੰ ਕਿਸੇ ਵੀ ਅਧਿਕਾਰੀ ਨੇ ਗੌਲਿਆ ਤੱਕ ਨਹੀਂ। ‘ਆਪ’ ਦੇ ਹੇਠਲੇ ਵਰਕਰਾਂ ਨੂੰ ਕਿਸੇ ਵੀ ਪੱਧਰ ’ਤੇ ਕੋਈ ਮਾਨਤਾ ਨਹੀਂ ਮਿਲੀ। ਸਰਕਾਰੇ-ਦਰਬਾਰੇ ਕੁਰਸੀ ਅਕਾਲੀ ’ਤੇ ਕਾਂਗਰਸੀ ਆਗੂਆਂ ਨੂੰ ਹੀ ਮਿਲਦੀ ਰਹੀ।

**ਬਾਕੀ ਸਫ਼ਾ 8 ’ਤੇ**

CMYK

26-NOV-PAGE-5.qxd 11/25/2025 9:33 PM Page 1



# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

## ਮਸਲੇ ਹੱਲ ਨਾ ਹੋਣ 'ਤੇ ਦਿੱਤੀ ਸੰਘਰਸ਼ ਦੀ ਚੇਤਾਵਨੀ



**ਪਟਿਆਲਾ (ਰਾਜਿੰਦਰ ਬਿੰਦ)**- ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਇੱਕ ਉੱਚ ਪੱਧਰੀ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਮੁਲਾਕਾਤ ਕਰਕੇ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜ਼ੋਨਲ ਸਕੱਤਰ ਗੁਰਵਿੰਦਰ ਸਿੰਘ ਬੌੜਾਂ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਦੇ ਮਸਲਿਆਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਕਾਰਨ ਮਜ਼ਦੂਰ ਵਰਗ ਵਿੱਚ ਭਾਰੀ ਰੋਸ ਹੈ।

ਆਗੂਆਂ ਨੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਹੇਠ ਲਿਖੇ ਅਹਿਮ ਮਸਲੇ ਲਿਆਂਦੇ ਤੇ ਤੁਰੰਤ ਹੱਲ ਦੀ ਮੰਗ ਕੀਤੀ ਕਿ ਪਿੰਡ ਮੰਡੌਰ ਵਿੱਚ ਮਜ਼ਦੂਰਾਂ ਵੱਲੋਂ ਜਮ੍ਹਾਂ ਕਰਵਾਈ ਗਈ 2,70,000 ਰੁਪਏ ਦੀ ਸਕਿਉਰਿਟੀ ਰਾਸ਼ੀ ਡੀਡੀਪੀਓ ਤੇ ਸਰਪੰਚ ਵੱਲੋਂ ਨਾਜਾਇਜ਼ ਤੌਰ 'ਤੇ ਰੋਕ ਲਈ ਗਈ ਹੈ।ਵਫ਼ਦ ਨੇ ਮੰਗ ਕੀਤੀ ਕਿ ਇਹ ਸਕਿਉਰਿਟੀ ਤੁਰੰਤ ਵਾਪਸ ਕਰਵਾਈ ਜਾਵੇ ਅਤੇ ਸਬੰਧਤ ਡੀਡੀਪੀਓ ਤੇ ਸਰਪੰਚ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਬਰਸਾਤ ਤੇ ਹੜ੍ਹਾਂ ਕਾਰਨ ਮਜ਼ਦੂਰਾਂ ਦੇ ਨੁਕਸਾਨੇ ਗਏ ਘਰਾਂ ਦਾ ਮੁਆਵਜ਼ਾ, ਜੋ ਲੰਬੇ ਸਮੇਂ ਤੋਂ ਲਟਕ ਰਿਹਾ ਹੈ, ਨੂੰ ਬਿਨਾਂ ਕਿਸੇ ਦੇਰੀ ਤੋਂ ਤੁਰੰਤ ਜਾਰੀ ਕੀਤਾ ਜਾਵੇ।ਪਿੰਡ ਕਾਹਨਗੜ੍ਹ ਤੇ ਨਰਮਾਣਾ ਦੀ ਪੰਚਾਇਤੀ ਜ਼ਮੀਨ ਦੇ ਫੈਸਲੇ ਪਿਛਲੇ ਕਈ ਸਾਲਾਂ ਤੋਂ ਲਟਕ ਰਹੇ ਹਨ।ਇਨ੍ਹਾਂ ਦਾ ਨਿਪਟਾਰਾ ਕਰਕੇ ਤੁਰੰਤ ਕਬਜ਼ਾ ਵਾਰੰਟ ਜਾਰੀ ਕੀਤੇ ਜਾਣ।ਇਸੇ ਤਰ੍ਹਾਂ ਪਿੰਡ ਹਰੀਗੜ੍ਹ ਦੀ ਪੰਚਾਇਤੀ ਜ਼ਮੀਨ ਦਾ ਫੈਸਲਾ 3 ਜੁਲਾਈ 2025 ਨੂੰ ਪੰਚਾਇਤ ਦੇ ਹੱਕ ਵਿੱਚ ਹੋ ਚੁੱਕਾ ਹੈ, ਪਰ ਪ੍ਰਸ਼ਾਸਨ ਵੱਲੋਂ ਹਾਲੇ ਤੱਕ ਕਬਜ਼ਾ ਨਹੀਂ ਦਵਾਇਆ ਗਿਆ।ਇਸ ਲਈ ਤੁਰੰਤ ਵਾਰੰਟ ਜਾਰੀ ਕਰਕੇ ਪੰਚਾਇਤ ਨੂੰ ਕਬਜ਼ਾ ਦਵਾਇਆ ਜਾਵੇ।ਪਿੰਡ ਕਾਹਨਗੜ੍ਹ ਭੂਵਨਾ, ਬਿਨਾਹੇੜੀ, ਹਰੀਗੜ੍ਹ, ਨਰਮਾਣਾ, ਵਜ਼ੀਦਪੁਰ, ਕਕਰਾਲਾ, ਬਨੇੜਾ ਖੁਰਦ ਤੇ ਬੌੜਾਂ ਕਲਾਂ ਵਿੱਚ ਮਨਰੇਗਾ ਦਾ ਕੰਮ ਪਿਛਲੇ ਕਾਫੀ ਸਮੇਂ ਤੋਂ ਠੱਪ ਪਿਆ ਹੈ।ਮਜ਼ਦੂਰਾਂ ਦੀ ਰੋਜ਼ੀ-ਰੋਟੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਪਿੰਡਾਂ ਵਿੱਚ ਤੁਰੰਤ ਕੰਮ ਸ਼ੁਰੂ ਕਰਵਾਇਆ ਜਾਵੇ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਜੇਕਰ ਉਕਤ ਮੰਗਾਂ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਉਪਰੋਕਤ ਤੋਂ ਇਲਾਵਾ ਪਰਗਟ ਸਿੰਘ, ਲਖਵੀਰ ਸਿੰਘ, ਸੁਖਵਿੰਦਰ ਕੌਰ, ਰੇਖਾ ਕੌਰ, ਗੁਰਚਰਨ ਸਿੰਘ ਕਾਹਨਗੜ੍ਹ ਅਤੇ ਹੋਰ ਵੱਖ ਵੱਖ ਪਿੰਡਾਂ ਦੇ ਮਜ਼ਦੂਰ ਤੇ ਮਜ਼ਦੂਰ ਆਗੂ ਸ਼ਾਮਲ ਰਹੇ।

# ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵੱਡੀ ਗਿਣਤੀ 'ਚ ਸੰਗਤਾਂ ਨਤਮਸਤਕ



**ਪਟਿਆਲਾ (ਰਜਿੰਦਰ ਸਿੰਘ ਥਿੰਦ)** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲ ਸ਼ਤਾਬਦੀ ਤੇ ਪੰਚਮੀ ਦੇ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ।ਤੜਕ ਸਵੇਰੇ ਗੁਰੂ ਮਹਾਰਾਜ ਦੇ ਕਵਾੜ ਖੁੱਲ੍ਹਣ ਮਗਰੋਂ ਸੰਗਤਾਂ ਨੇ ਗੁਰੂ ਦਰਬਾਰ ਵਿਚ ਸੀਸ ਨਿਵਾਇਆ ਤੇ ਪੰਚਮੀ ਦਾ ਪਵਿੱਤਰ ਦਿਹਾੜਾ ਹੋਣ ਕਰਕੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ।ਇਸ ਦੌਰਾਨ ਜਿਥੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਦਸਮੇਸ਼ ਪਿਤਾ ਕਲਗੀਧਰ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਥੇ ਹਜ਼ੂਰੀ ਰਾਗੀ ਭਾਈ ਜਸਵਿੰਦਰ ਸਿੰਘ ਦੇ ਰਾਗੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ।ਗੁਰੂ ਘਰ ਪੁੱਜੀ ਆਸਥਾ ਰੱਖਣ ਵਾਲੀਆਂ ਸੰਗਤਾਂ ਨੇ ਗੁਰੂ ਘਰ ਦੇ ਦੀਵਾਨਾਂ 'ਚ ਲੱਗੇ ਢਾਡੀ ਕਵੀਸ਼ਰੀ ਜੱਥਿਆਂ ਪਾਸੋਂ ਗੁਰੂ ਇਤਿਹਾਸ ਸੁਣਿਆ ਤੇ ਪੰਗਤ ਸਰਵਣ ਕਰਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਗੁਰਦੁਆਰਾ ਸਾਹਿਬ ਦੀ ਦੀਵਾਨ ਹਾਲ ਵਿਖੇ 350 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਸਤੀ ਦਾਸ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸਮਰਪਤ ਕਰਾਏ ਜਾ ਰਹੇ ਧਾਰਮਕ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਤੋਂ ਇਲਾਵਾ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ। ਦੀਵਾਨ ਹਾਲ ਵਿਖੇ ਢਾਡੀ ਕਵੀਸ਼ਰੀ ਜੱਥਿਆਂ 'ਚ ਮਲਕੀਤ ਸਿੰਘ ਬੀਏ, ਗੁਰਵਿੰਦਰ ਸਿੰਘ ਦੁਗਾਲ, ਗੁਰਪਿਆਰ ਸਿੰਘ ਜੌਹਰ, ਅਮਰਜੀਤ ਸਿੰਘ ਅੰਬਾਲਾ, ਲਖਵਿੰਦਰ ਸਿੰਘ ਪਾਰਸ ਨੇ ਹਾਜ਼ਰੀ ਲਵਾਈ।

ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਪਰਿਪੇਖ ਵਿਚ ਸੰਗਤਾਂ ਨੂੰ ਦੱਸਿਆ ਕਿ ਗੁਰੂ ਸਾਹਿਬ ਨੇ ਦੁਨੀਆ ਦੇ ਇਤਿਹਾਸ ਅੰਦਰ ਲਾਸਾਨੀ ਸ਼ਹਾਦਤ ਦਿੱਤੀ।ਪ੍ਰੋ. ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੇ ਸ਼ਾਹੀ ਜਲਾਲਾਂ ਵੱਲੋਂ ਚਲਾਈ ਗਈ, ਉਹ ਤਲਵਾਰ ਸਦਾ ਲਈ ਖੁੰਢੀ ਕਰ ਦਿੱਤੀ, ਜੋ ਮੁੜ ਕਦੇ ਵੀ ਜਬਰ ਤੇ ਜ਼ੁਲਮ ਦੇ ਖ਼ਿਲਾਫ਼ ਨਾ ਚੱਲ ਸਕੀ ਅਤੇ ਮੁਗਲ ਸਾਮਰਾਜ ਦੀ ਜੜ ਸਦਾ ਲਈ ਪੁੱਟ ਦਿੱਤੀ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ ਆਪਣੇ ਪਿਤਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹ ਨਾਲ ਕਰਤਾਰਪੁਰ ਦੀ ਜੰਗ ਵਿਚ ਹਿੱਸਾ ਲਿਆ ਤੇ ਅਜਿਹੀ ਤੇਗ ਚਲਾਈ, ਜਿਸ ਉਪਰੰਤ ਗੁਰੂ ਸਾਹਿਬ ਨੇ ਆਪਣੇ ਪੁੱਤਰ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਰੱਖਿਆ ਤੇ ਸਮੁੱਚਾ ਜਗਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹਿੰਦ ਦੀ ਚਾਦਰ ਆਖ ਕੇ ਪੁਕਾਰਦਾ ਹੈ।

**ਭੋਗ 'ਤੇ ਵਿਸ਼ੇਸ਼**

# ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਪੱਤਰਕਾਰ ਆਰ ਐੱਨ ਕਾਂਸਲ



ਪੱਤਰਕਾਰ ਆਰ ਐੱਨ ਕਾਂਸਲ ਬਹੁਤ ਹੀ ਹੱਸਮੁੱਖ, ਮਿਲਨਸਾਰ ਤੇ ਸਧਾਰਣ ਸੁਭਾਅ ਵਾਲੇ ਮਹਾਨ ਵਿਅਕਤੀ ਸਨ।ਉਨ੍ਹਾਂ ਨੂੰ ਮਿਲਣ ਵਾਲਾ ਹਰ ਇੱਕ ਵਿਅਕਤੀ, ਉਨ੍ਹਾਂ ਦੇ ਅਪਣੇਪਨ ਤੇ ਨਿਮਰਤਾ ਤੋਂ ਪ੍ਰਭਾਵਿਤ ਹੋ ਕੇ ਥੋੜ੍ਹੇ ਸਮੇਂ ਵਿੱਚ ਹੀ ਆਪਣਾ ਬਣ ਜਾਂਦਾ ਸੀ।ਕਾਂਸਲ ਨੇ ਬਹੁਤ ਹੀ ਛੋਟੀ ਉਮਰ ਵਿੱਚ ਸਮਾਜ ਵਿੱਚ ਇੱਕ ਮਾਣਯੋਗ ਤੇ ਪ੍ਰਤਿਸ਼ਠਤ ਸਥਾਨ ਬਣਾਇਆ। ਆਪਣੀ ਪੱਤਰਕਾਰਤਾ ਦੀ ਸ਼ੁਰੂਆਤ ਉਨ੍ਹਾਂ ਨੇ 'ਆਧੁਨਿਕ ਜੀਵਨਲੋਕ' ਨਾਮਕ ਅਰਧ-ਮਾਸਿਕ ਅਖ਼ਬਾਰ ਤੋਂ ਕੀਤੀ।ਇਸ ਤੋਂ ਬਾਅਦ ਉਹ 'ਉੱਤਮ ਹਿੰਦੂ', 'ਅਜੀਤ ਸਮਾਚਾਰ', 'ਪੰਜਾਬ ਕੇਸਰੀ' ਤੇ 'ਜਗਬਾਣੀ' ਵਰਗੇ ਪ੍ਰਸਿੱਧ ਅਖ਼ਬਾਰਾਂ ਨਾਲ ਜੁੜੇ ਤੇ ਆਪਣੀ ਲੇਖਣੀ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ।ਅੱਗੇ ਚੱਲ ਕੇ ਉਨ੍ਹਾਂ ਇਲੈਕਟ੍ਰਾਨਿਕ ਮੀਡੀਆ ਵਿੱਚ ਵੀ ਕਦਮ ਰੱਖਿਆ ਤੇ ਪੀਟੀਸੀ ਨਿਊਜ਼, ਜ਼ੀ ਨਿਊਜ਼, ਟਾਈਮਜ਼ ਨਾਊ, ਟੀਵੀ 9 ਭਾਰਤਵਰਸ਼ ਤੇ ਜ਼ੀ ਪੰਜਾਬ-ਹਰਿਆਣਾ-ਹਿਮਾਚਲ ਵਰਗੇ ਪ੍ਰਮੁੱਖ ਚੈਨਲਾਂ ਰਾਹੀਂ ਸਮਾਜ ਸੇਵਾ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।

ਮੀਡੀਆ ਜਗਤ ਦੇ ਨਾਲ ਕਾਂਸਲ ਜੀ ਦਾ ਕਈ ਸਮਾਜਿਕ ਸੰਸਥਾਵਾਂ ਜਿਵੇਂ ਰੋਟਰੀ ਕਲੱਬ, ਲਾਇਨਜ਼ ਕਲੱਬ, ਭਾਰਤ ਵਿਕਾਸ ਪ੍ਰੀਸ਼ਦ ਤੇ ਕਈ ਧਾਰਮਿਕ ਸੰਗਠਨਾਂ ਨਾਲ ਵੀ ਡੂੰਘਾ ਜੁੜਾਅ ਸੀ। ਬਹੁਪੱਖੀ ਪ੍ਰਤਿਭਾ ਦੇ ਮਾਲਕ ਕਾਂਸਲ ਜੀ ਨੇ ਕਈ ਧਾਰਮਿਕ ਤੇ ਸਮਾਜਿਕ ਸਮਾਗਮਾਂ ਵਿੱਚ ਮਜ਼ਬੂਤ ਮੰਚ ਸੰਚਾਲਕ ਵਜੋਂ ਸੇਵਾ ਨਿਭਾਈ ਤੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਵਿਲੱਖਣ ਛਾਪ ਛੱਡੀ। ਆਰ. ਐਨ. ਕਾਂਸਲ ਸਿਟੀ ਮੀਡੀਆ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਦੇ ਨਾਲ ਸਕੱਤਰ ਦੇ ਤੌਰ 'ਤੇ ਸੇਵਾ ਨਿਭਾਉਂਦੇ ਹੋਏ ਕਲੱਬ ਦੇ ਸਮੂਹ ਮੈਂਬਰਾਂ ਨੂੰ ਇੱਕ ਜੁੱਟ ਰੱਖਣ ਤੇ ਸਮਾਜਿਕ ਭਲਾਈ ਦੇ ਕੰਮਾਂ ਲਈ ਪ੍ਰੇਰਿਤ ਕਰਦੇ ਸਨ। ਸ੍ਰੀ ਆਰ. ਐੱਨ. ਕਾਂਸਲ ਬ੍ਰਹਮਕੁਮਾਰੀਜ਼ ਆਸ਼ਰਮ ਨਾਲ ਵੀ ਜੁੜੇ ਹੋਏ ਸਨ। ਦੁਖਦਾਈ ਗੱਲ ਹੈ ਕਿ 13 ਨਵੰਬਰ 2025 ਨੂੰ ਕੇਵਲ 53 ਸਾਲ ਦੀ ਉਮਰ ਵਿੱਚ, ਸੁਨਾਮ ਊਧਮ ਸਿੰਘ ਵਾਲਾ ਦੇ ਨੇੜੇ ਸਜੂਮਾ ਵਿੱਚ ਇੱਕ ਸੜਕ ਹਾਦਸੇ ਵਿੱਚ ਉਨ੍ਹਾਂ ਦਾ ਅਚਾਨਕ ਦੇਹਾਂਤ ਹੋ ਗਿਆ, ਜਿਸ ਨਾਲ ਸਮੂਹ ਜ਼ਿਲ੍ਹੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ।ਸ੍ਰੀ ਕਾਂਸਲ ਆਪਣੇ ਪਿੱਛੇ ਛੋਟੇ ਬੱਚੇ ਤੇ ਪਰਿਵਾਰ ਨੂੰ ਵੀ ਰੋਂਦਾ ਛੱਡ ਗਏ ਹਨ।ਕਾਂਸਲ ਜੀ ਦੇ ਅਨੇਕਾਂ ਸਨੇਹੀ ਤੇ ਸ਼ੁਭਚਿੰਤਕ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ 26 ਨਵੰਬਰ ਬੁੱਧਵਾਰ ਨੂੰ ਸੁਨਾਮ-ਬਠਿੰਡਾ ਰੋਡ ਸਥਿਤ ਤਾਜ ਪੈਲਸ ਵਿਚ ਇਕਠ ਹੋਣਗੇ।

*-ਅਸ਼ੋਕ ਬਾਂਸਲ, ਹਾਕਮ ਭੱਟੀ*

## ਕਾਤਰਾਂ

### ਨਛੱਤਰ ਸਿੰਘ ਖਰਾਸੀਆ ਨਮਿਤ ਪਾਠ ਦਾ ਭੋਗ ਭਲਕੇ



**ਲੌਂਗੋਵਾਲ (ਪ੍ਰਦੀਪ ਸੱਪਲ)**- ਕਸਬੇ ਤੋਂ ਖਰਾਸੀਆ ਪਰਵਾਰ ਦੇ ਹਰਜਿੰਦਰ ਸਿੰਘ ਖਰਾਸੀਆ ਦੇ ਪਿਤਾ ਨਛੱਤਰ ਸਿੰਘ ਖਰਾਸੀਆ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ 27 ਨਵੰਬਰ ਨੂੰ ਗੁਰੂਦੁਆਰਾ ਸਾਹਿਬ ਸਿੱਧ ਸਮਾਧਾਂ ਲੌਂਗੋਵਾਲ ਵਿਖੇ ਪਵੇਗਾ।

### ਤਹਿਸੀਲ ਕੰਪਲੈਕਸ ਵਰਕਰ ਯੂਨੀਅਨ ਦੀ ਹੋਈ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਤਹਿਸੀਲ ਕੰਪਲੈਕਸ ਵਰਕਰ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਮੇਵਾ ਸਿੰਘ ਗਿੱਲ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਐਡਵੋਕੇਟ ਸਾਹਿਬਾਨ, ਵਸੀਕਾ ਨਵੀਸ, ਟਾਈਪਿਸਟ, ਅਸ਼ਟਾਮ ਫਰੋਸ, ਫੋਟੋ ਸਟੇਟ, ਨਕਸ਼ਾ ਨਵੀਸ ਅਤੇ ਸਮੂਹ ਕ੍ਰਮਚਾਰੀਆਂ ਨੇ ਭਾਗ ਲਿਆ। ਵਰਨਣਯੋਗ ਹੈ ਕਿ ਜਦੋਂ ਦੀ ਕਮੇਟੀ ਹੋਂਦ ਵਿੱਚ ਆਈ ਹੈ, ਤਹਿਸੀਲ ਕੰਪਲੈਕਸ ਦੀ ਸਾਫ਼ ਸਫਾਈ, ਪਾਣੀ ਦਾ ਪ੍ਰਬੰਧ, ਧਾਰਮਿਕ ਸਮਾਗਮ ਅਤੇ ਹੋਰ ਜ਼ਰੂਰਤਾਂ ਪ੍ਰਤੀ ਪੂਰਾ ਧਿਆਨ ਦਿੱਤਾ ਜਾ ਰਿਹਾ। ਇਸ ਦੌਰਾਨ ਪ੍ਰਧਾਨ ਮੇਵਾ ਸਿੰਘ ਗਿੱਲ, ਸਰਪ੍ਰਸਤ ਅਮਰਜੀਤ ਸਿੰਘ ਜੋਸ਼ੀ, ਵਾਇਸ ਪ੍ਰਧਾਨ ਵਿਜੈ ਕੁਮਾਰ ਸ਼ਰਮਾ, ਦਿਨੇਸ਼ ਕੁਮਾਰ, ਸੰਜੀਵ ਕਾਂਸਲ, ਗਗਨਦੀਪ ਗਰਗ ਬੱਦਰੀ ਰਾਮ ਗਰਗ, ਰੋਹਿਤ ਕੋਸ਼ਿਕ, ਬਲਕਾਰ ਸਿੰਘ, ਐਡਵੋਕੇਟ ਸੰਦੀਪ ਕਾਂਸਲ, ਪ੍ਰੈਸ ਸਕੱਤਰ ਭਗਵੰਤ ਸਿੰਘ ਚੰਦੜ, ਭਾਰਤ ਭੂਸ਼ਣ ਚਾਵਲਾ ਅਤੇ ਸਮੂਹ ਮੈਂਬਰ ਹਾਜ਼ਰ ਸਨ।

### ਨਾਬਾਲਗ ਨਾਲ ਜਬਰ-ਜਨਾਹ ਤੇ ਕਤਲ ਦੇ ਦੋਸ਼ੀ ਨੂੰ ਸਜ਼ਾ ਦੇਣ ਦੀ ਮੰਗ

**ਲੌਂਗੋਵਾਲ (ਪ੍ਰਦੀਪ ਸੱਪਲ)**-ਜਨਤਕ ਜਮਹੂਰੀ ਤੇ ਲੋਕਪੱਖੀ ਜਥੇਬੰਦੀਆਂ ਨੇ ਜਲੰਧਰ ਵਿਖੇ ਇੱਕ ਵਡੇਰੀ ਉਮਰ ਦੇ ਵਿਅਕਤੀ ਵੱਲੋਂ ਨਾਬਾਲਗ ਮਾਸੂਮ ਬੱਚੀ ਨਾਲ ਜਬਰ ਜਨਾਹ ਕਰਕੇ ਬੇਰਹਿਮੀ ਨਾਲ ਕਤਲ ਕਰਨ ਤੇ ਸਖ਼ਤ ਰੋਸ਼ ਪ੍ਰਗਟ ਕੀਤਾ ਹੈ।ਹਰ ਵਿਅਕਤੀ ਦੇ ਦਿਲ ਨੂੰ ਵਲੂੰਧਰਨ ਵਾਲੀ ਅਣਮਨੁੱਖੀ ਘਟਨਾ ਬਾਅਦ ਪੀੜਤ ਬੱਚੀ ਦੇ ਬੇਹਾਲ ਹੋਏ ਮਾਪੇ ਰੋ ਰੋ ਇਨਸਾਫ਼ ਦੀ ਦੁਹਾਈ ਪਾ ਰਹੇ ਹਨ।ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਅਨਸਰਾਂ ਦਾ ਕੋਈ ਧਰਮ, ਖਿੱਤਾ ਜਾਂ ਫਿਰਕਾ ਨਹੀਂ ਹੁੰਦਾ।ਮੁਲਕ ਦੇ ਇਹ ਹਾਲਤ ਬਣ ਗਏ ਹਨ ਕਿ ਹਰ ਦਿਨ ਛੋਟੀਆਂ ਮਾਸੂਮ ਬੱਚੀਆਂ ਜਿੱਥੇ ਹੈਵਾਨੀਅਤ ਦਾ ਸ਼ਿਕਾਰ ਹੋ ਰਹੀਆਂ ਹਨ, ਉੱਥੇ ਬੇਰਹਿਮੀ ਨਾਲ ਕਤਲ ਵੀ ਕੀਤਾ ਜਾ ਰਿਹਾ।ਪਹਿਲਾਂ ਹੀ ਔਰਤ ਵਿਰੋਧੀ ਗੰਦੀ ਮਾਨਸਿਕਤਾ ਨਾਲ ਭਾਰਤੀ ਅਨੇਕਾਂ ਗ੍ਰੰਥ ਭਰੇ ਪਏ ਹਨ।

# ਸ਼ਹੀਦੀ ਪੁਰਬ ਮੌਕੇ ਕਿਰਤੀ ਕਾਲਜ 'ਚ ਪੌਦੇ ਲਾਏ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ-ਪਾਤੜਾਂ ਵਿਖੇ ਪੰਜਾਬ ਸਰਕਾਰ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਹੁਕਮਾਂ ਤਹਿਤ ਪ੍ਰਿੰਸੀਪਲ ਪ੍ਰੋ. ਰਚਨਾ ਭਾਰਦਵਾਜ ਦੀ ਰਹਿਨੁਮਾਈ ਹੇਠ ਸ਼੍ਰੀ ਗੁਰੂ ਤੇਗ ਬਹਾਦਰ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਮਹਾਨ ਸ਼ਹੀਦਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਬੇਮਿਸਾਲ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਰੋਟਰੀ ਕਲੱਬ ਪਾਤੜਾਂ ਰੋਇਲ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਬੂਟੇ ਲਾਏ ਗਏ।

ਕਾਲਜ ਪ੍ਰਿੰਸੀਪਲ ਪ੍ਰੋਫੈਸਰ ਰਚਨਾ ਭਾਰਦਵਾਜ ਨੇ ਇਨ੍ਹਾਂ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਅਮਨ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਜਿਵੇਂ ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਦੇ ਭਲੇ ਵਾਸਤੇ ਉਸ ਸਮੇਂ ਦੇ ਸਮਾਜਿਕ ਤੇ ਧਾਰਮਿਕ ਪੱਖ ਤੋਂ ਹੋ ਰਹੀ ਗਿਰਾਵਟ ਨੂੰ ਸੇਧ ਦੇਣ ਵਾਸਤੇ ਆਪਣਾ ਨਿਰ-ਸਵਾਰਥ ਬਲੀਦਾਨ ਦਿੱਤਾ, ਉਸੇ ਸਿੱਖਿਆ ਨੂੰ ਯਾਦ ਰੱਖਦੇ ਹੋਏ ਅੱਜ ਦੇ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਸੰਭਾਲਣ ਵਾਸਤੇ ਰੁੱਖਾਂ ਨੂੰ ਲਾਉਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੁ ਹਰ ਪ੍ਰਾਣੀ ਸਿਹਤਮੰਦ ਅਤੇ ਸਵੱਛ ਪਵਨ ਦਾ ਆਨੰਦ ਮਾਣ ਸਕੇ।



# ਫ਼ਾਜ਼ਿਲਕਾ ਸਹਿਕਾਰੀ ਖੰਡ ਮਿੱਲ 'ਚ ਦੋ ਰੋਜ਼ਾ ਕਿਸਾਨ ਸਿਖਲਾਈ ਕੈਂਪ ਸੰਪੰਨ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਜ਼ਿਲ੍ਹਾ ਫ਼ਰੀਦਕੋਟ ਦੀ ਗੰਨਾ ਸ਼ਾਖਾ ਵੱਲੋਂ ਗੰਨਾ ਕਾਸ਼ਤਕਾਰਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਨਾਲ ਜੋੜਨ ਤੇ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪਹਿਲ ਕੀਤੀ ਗਈ ਹੈ।ਕੇਨ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਮਨਧੀਰ ਸਿੰਘ, ਪ੍ਰੋਜੈਕਟ ਅਫ਼ਸਰ ਜਲੰਧਰ, ਤੇ ਮੁੱਖ ਖੇਤੀਬਾੜੀ ਅਫ਼ਸਰ ਫ਼ਰੀਦਕੋਟ ਡਾ. ਕੁਲਵੰਤ ਸਿੰਘ ਦੀ ਅਗਵਾਈ ਹੇਠ ਕ੍ਰਿਸ਼ੀ ਉੱਨਤੀ ਯੋਜਨਾ ਤਹਿਤ ਸਹਿਕਾਰੀ ਖੰਡ ਮਿੱਲ ਫ਼ਾਜ਼ਿਲਕਾ ਵਿਖੇ ਦੋ-ਰੋਜ਼ਾ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਇਲਾਕੇ ਦੇ ਅਗਾਂਹਵਧੂ ਕਿਸਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ।

ਸਹਾਇਕ ਗੰਨਾ ਵਿਕਾਸ ਅਫ਼ਸਰ ਫ਼ਰੀਦਕੋਟ ਡਾ. ਰਣਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਗੰਨੇ ਦੀ ਖੇਤੀ ਵਿੱਚੋਂ ਵਧੇਰੇ ਆਮਦਨ ਦਿਵਾਉਣ ਲਈ ਕ੍ਰਿਸ਼ੀ ਉੱਨਤੀ ਯੋਜਨਾ ਅਧੀਨ (ਐੱਨ.ਐੱਫ.ਐੱਸ.ਐੱਮ. ਤਹਿਤ) ਗੰਨੇ ਦੀ ਫ਼ਸਲ ਵਿੱਚ ਅੰਤਰਿਮ ਫ਼ਸਲਾਂ ਦੀ ਬਿਜਾਈ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ।ਡਾ. ਰਣਬੀਰ ਸਿੰਘ ਨੇ ਕਿਸਾਨਾਂ ਨੂੰ ਪੀ.ਏ.ਯੂ. ਲੁਧਿਆਣਾ ਦੀਆਂ ਸਿਫ਼ਾਰਸ਼ਾਂ ਅਨੁਸਾਰ ਨਵੀਨਤਮ ਤਕਨੀਕਾਂ ਅਪਣਾ ਕੇ ਗੰਨੇ ਦੀ ਸੁਚੱਜੀ ਖੇਤੀ ਕਰਨ ਦੀ ਸਲਾਹ ਦਿੱਤੀ। ਪੀ.ਏ.ਯੂ. ਤੋਂ ਪਹੁੰਚੇ ਸੀਨੀਅਰ ਫ਼ਸਲ ਵਿਗਿਆਨੀ ਡਾ. ਪ੍ਰਦੀਪ ਗੋਇਲ ਵੱਲੋਂ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਵਿੱਚ ਨਦੀਨ, ਸਿੰਚਾਈ ਤੇ ਖਾਦ ਪ੍ਰਬੰਧਨ ਬਾਰੇ ਡੂੰਘਾਈ ਨਾਲ ਜਾਣਕਾਰੀ ਦਿੱਤੀ ਗਈ।ਜ਼ਿਲ੍ਹਾ ਸਿਖਲਾਈ ਦਫ਼ਤਰ ਤੋਂ ਪਹੁੰਚੇ ਖੇਤੀ ਮਾਹਿਰ ਡਾ. ਯਾਦਵਿੰਦਰ ਸਿੰਘ ਗਿੱਲ ਨੇ ਗੰਨੇ ਦੀਆਂ ਅੰਤਰ ਫ਼ਸਲਾਂ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਦੀਆਂ ਵਿਧੀਆਂ ਬਾਰੇ ਦੱਸਿਆ ਕਿ ਸਹਿਕਾਰੀ ਖੰਡ ਮਿੱਲ ਫਾਜ਼ਿਲਕਾ ਦੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਪਰਮਿੰਦਰ ਸਿੰਘ ਤੇ ਡਾ. ਨਵਿੰਦਰਪਾਲ ਨੇ ਵੀ ਕਿਸਾਨਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।ਕੈਂਪ ਦੇ ਅਖੀਰ ਵਿੱਚ ਮਿੱਲ ਦੇ ਸੀ.ਓ. ਅਸ਼ੋਕ ਬੱਬਰ ਅਤੇ ਵਿਕਰਮ, ਗੰਨਾ ਵਿਕਾਸ ਇੰਸਪੈਕਟਰ, ਵੱਲੋਂ ਕਿਸਾਨਾਂ ਅਤੇ ਤਕਨੀਕੀ ਟੀਮ ਦਾ ਧੰਨਵਾਦ ਕੀਤਾ ਗਿਆ। ਇਹ ਕੈਂਪ ਗੰਨਾ ਕਾਸ਼ਤਕਾਰਾਂ ਨੂੰ ਆਧੁਨਿਕ ਤੇ ਲਾਹੇਵੰਦ ਖੇਤੀ ਵੱਲ ਪ੍ਰੇਰਿਤ ਕਰਨ ਵਿੱਚ ਸਹਾਈ ਹੋਵੇਗਾ।

# ਰਣਬੀਰ ਕਾਲਜ 'ਚ ਪੰਜਾਬ ਸਖੀ ਸ਼ਕਤੀ ਮੇਲਾ 30 ਤੱਕ




**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਰਾਜ ਦਿਹਾਤੀ ਆਜੀਵਕਾ ਮਿਸ਼ਨ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਉਦਯੋਗ ਅਤੇ ਵਣਜ ਵਿਭਾਗ, ਪੰਜਾਬ ਵੱਲੋਂ ਪੰਜਾਬ ਦੀਆਂ ਬਹਾਦਰ, ਹੁਨਰਮੰਦ ਤੇ ਸਖ਼ਤ ਮਿਹਨਤੀ ਮਹਿਲਾਵਾਂ ਲਈ ਇੱਕ ਉੱਚ ਪੱਧਰੀ ਈਵੈਂਟ 'ਪੰਜਾਬ ਸਖੀ ਸ਼ਕਤੀ ਮੇਲਾ-ਮਹਿਲਾ ਉੱਧਮੀਆਂ ਦਾ ਸਸ਼ਕਤੀਕਰਨ' ਦੇ ਰੂਪ ਵਿੱਚ 26 ਨਵੰਬਰ ਤੋਂ 30 ਨਵੰਬਰ ਤੱਕ, ਸਰਕਾਰੀ ਰਣਬੀਰ ਕਾਲਜ ਵਿਖੇ ਕਰਾਇਆ ਜਾ ਰਿਹਾ ਹੈ।ਮੇਲੇ ਵਿੱਚ ਜਿੱਥੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਸ਼ਿਲਪਕਾਰ ਤੇ ਸੈੱਲਫ਼ ਹੈਲਪ ਗਰੁੱਪ, ਉੱਥੇ ਕਸ਼ਮੀਰ ਤੋਂ ਵੀ ਸ਼ਿਲਪਕਾਰ ਵੀ ਆਪਣੇ ਉਤਪਾਦ ਲੈ ਕੇ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਕਸ਼ਮੀਰ ਦੀਆਂ ਖਾਣ-ਪੀਣ ਦੀਆਂ ਵਸਤਾਂ ਸਮੇਤ, ਕੱਪੜੇ ਤੇ ਫਰਨੀਚਰ ਦੀਆਂ ਸਟਾਲਾਂ ਵੀ ਸ਼ਾਮਲ ਹੋਣਗੀਆਂ।ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਮੇਲੇ ਦੀਆਂ ਤਿਆਰੀਆਂ ਬਾਬਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਇਕ ਉੱਚ ਪੱਧਰੀ ਉਪਰਾਲਾ ਹੈ, ਜਿੱਥੇ ਘਰੋਂ ਬਣੇ ਉਤਪਾਦ, ਰਵਾਇਤੀ ਕਲਾ ਤੇ ਆਧੁਨਿਕ ਹੈਂਡਮੇਡ ਡਿਜ਼ਾਈਨ ਤੇ ਬੇਮਿਸਾਲ ਕਲਾਕਾਰੀ ਖਿੱਚ ਦਾ ਕੇਂਦਰ ਹੋਵੇਗੀ।ਖਾਣ-ਪੀਣ ਦੀਆਂ ਵਸਤਾਂ ਸਬੰਧੀ ਵਿਸ਼ੇਸ਼ ਫੂਡ ਕੋਰਟ ਬਣੇਗਾ ਤੇ ਰੋਜ਼ਾਨਾ ਸ਼ਾਮ ਨੂੰ 04 ਵਜੇ ਤੋਂ 08 ਵਜੇ ਤੱਕ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਹੋਇਆ ਕਰੇਗੀ।ਮੇਲੇ ਦੀ ਸ਼ੁਰੂਆਤ ਰੋਜ਼ਾਨਾ ਸਵੇਰੇ 10 ਵਜੇ ਤੋਂ ਹੋਇਆ ਕਰੇਗੀ।ਇਸ ਮੇਲੇ ਲਈ ਟਿਕਟ ਰੇਟ 10 ਰੁਪਏ ਰੱਖਿਆ ਗਿਆ ਹੈ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੇਲੇ ਵਿੱਚ ਦਾਖਲਾ ਮੁਫ਼ਤ ਹੈ।

# ਭਖਦੀਆਂ ਮੰਗਾਂ ਸੰਬੰਧੀ ਸੰਗਰੂਰ ਕੀਤੀ ਜਾ ਰਹੀ ਵਿਸ਼ਾਲ ਰੈਲੀ ਇਤਿਹਾਸਕ ਹੋਵੇਗੀ : ਹਰਜੀਤ ਖ਼ਿਆਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਲਾਲੋ ਪੰਜਾਬੀ ਮੰਚ, ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਵੱਲੋਂ 12 ਦਸੰਬਰ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਇਤਿਹਾਸਕ ਹੋਵੇਗੀ।ਇਹ ਜਾਣਕਾਰੀ ਸੂਬਾਈ ਆਗੂ ਹਰਜੀਤ ਸਿੰਘ ਖਿਆਲੀ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਰੈਲੀ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਪਿੰਡਾਂ ਲੋਹਗੜ੍ਹ, ਮਾਂਗੇਵਾਲ, ਹਮੀਦੀ, ਚੁਹਾਣਕੇ ਖੁਰਦ, ਚੁਹਾਣਕੇ ਕਲਾਂ, ਨਰੈਣਗੜ੍ਹ ਸੋਹੀਆਂ ਆਦਿ ਦੋ ਦਰਜਨ ਦੇ ਕਰੀਬ ਪਿੰਡਾਂ ਵਿਖੇ ਸੰਪਰਕ ਮੀਟਿੰਗਾਂ ਰਾਹੀ ਲੋਕਾਂ ਨੂੰ ਲਾਮਬੰਦ ਕੀਤਾ ਗਿਆ ।ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਆਜ਼ਾਦੀ ਦੇ 78 ਵਰ੍ਹੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਪਛੜੇ ਵਰਗ ਦੇ ਲੋਕ ਮੁੱਢਲੀਆਂ ਲੋੜਾਂ ਤੋਂ ਵਾਂਝੇ ਹਨ।ਉਨ੍ਹਾਂ ਸਦੀਆਂ ਤੋਂ ਜ਼ੁਲਮ ਦੀ ਚੱਕੀ 'ਚ ਪਿਸ ਰਹੇ ਦੱਬੇ ਕੁੱਚਲੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜੇਕਰ ਤੁਸੀਂ ਇੱਜ਼ਤ, ਸਵੈਮਾਣ ਦਾ ਜੀਵਨ ਜਿਊਣਾ ਚਾਹੁੰਦੇ ਹਨ ਤਾਂ ਤੁਹਾਨੂੰ ਆਤਮ ਵਿਸ਼ਵਾਸ ਕਾਇਮ ਕਰਨਾ ਪਵੇਗਾ।ਸਦੀਆਂ ਦੀ ਗ਼ੁਲਾਮੀ ਦੀਆਂ ਬੇੜੀਆਂ ਤੋੜਣਾ ਸਵੈਮਾਣ ਜੀਵਨ ਵਾਸਤੇ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਮਨਰੇਗਾ ਕੰਮ ਨਾ ਮਿਲਣ ਕਾਰਨ ਮਜ਼ਦੂਰ ਪਰਵਾਰ ਮਾਨਸਿਕ ਪੀੜਾਂ 'ਚੋਂ ਲੰਘ ਰਹੇ ਹਨ।ਉਪਰੋਂ ਅਸਮਾਨੀ ਛੋਹ ਰਹੀ ਕਹਿਰ ਦੀ ਮਹਿੰਗਾਈ ਨੇ ਲੋਕਾਂ ਦਾ ਕਚੂੰਮਰ ਕੱਢ ਰੱਖਿਆ ਹੈ।ਬਲਾਕ ਆਗੂ ਸ਼ਿੰਗਾਰਾ ਸਿੰਘ ਸੋਹੀਆਂ, ਨੰਬਰਦਾਰ ਜਸਵੰਤ ਸਿੰਘ ਕਲਾਲਮਾਜਰਾ ਨੇ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੱਕਾ ਰੁਜ਼ਗਾਰ, ਮਹਿੰਗਾਈ ਵਧਣ ਦੇ ਨਾਲ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਵਧਾਉਣ, ਬੁਢਾਪਾ ਪੈਨਸ਼ਨ ਦੀ ਉਮਰ ਹੱਦ 65 ਸਾਲ ਤੋਂ ਘਟਾ ਕੇ 55 ਸਾਲ ਕਰਨ ਅਤੇ ਬੁਢਾਪਾ, ਵਿਧਵਾ ਤੇ ਅੰਗਹੀਣ ਪੈਨਸ਼ਨ ਘੱਟੋ-ਘੱਟ ਦਸ ਹਜ਼ਾਰ ਰੁਪਏ ਮਹੀਨਾ, ਬੇਘਰ ਲੋਕਾਂ ਨੂੰ 10, 10 ਮਰਲਿਆਂ ਦੇ ਪਲਾਟ, ਤੇਜ਼ ਬਰਸਾਤਾਂ ਕਾਰਨ ਹੋਏ ਘਰਾਂ ਦੇ ਨੁਕਸਾਨ ਦਾ ਮੁਆਵਜ਼ਾ ਤੁਰੰਤ ਜਾਰੀ ਕਰਨ, ਬਿਜਲੀ ਸੋਧ ਬਿੱਲ ਨੂੰ ਰੱਦ ਕੀਤਾ ਜਾਵੇ।ਇਸ ਦੇ ਨਾਲ-ਨਾਲ ਸਰਕਾਰੀ ਹਸਪਤਾਲਾਂ 'ਚ ਮਾਹਰ ਡਾਕਟਰ ਅਤੇ ਹੋਰ ਲੋੜੀਂਦੇ ਸਟਾਫ ਦੀ ਘਾਟ ਨੂੰ ਪੂਰਾ ਕਰਨ, ਸਕੂਲਾਂ ਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ, ਹਰ ਪਿੰਡ 'ਚ ਵਾਤਾਵਰਣ ਨੂੰ ਸੁਧ ਰੱਖਣ ਲਈ 20, 20 ਹਜ਼ਾਰ ਬੂਟੇ ਲਾਉਣ ਲਈ ਹਦਾਇਤਾਂ ਕੀਤੀਆਂ ਜਾਣ।

ਆਗੂਆਂ ਨੇ ਕਿਹਾ ਕਿ ਆਪ ਸਰਕਾਰ ਨੇ ਬੀਬੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਖਾਤਿਆਂ 'ਚ ਭੇਜਣ ਦਾ ਵਾਅਦਾ ਤਾਂ ਕਰ ਲਿਆ ਸੀ, ਪਰ ਹੁਣ ਚਾਰ ਸਾਲ ਦੇ ਕਰੀਬ ਬੀਤ ਜਾਣ ਤੇ ਵੀ ਸਰਕਾਰ ਵਾਅਦਾ ਪੂਰਾ ਕਰਨ ਤੋਂ ਪਾਸਾ ਵੱਟ ਰਹੀ ਹੈ।ਉਨ੍ਹਾਂ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ ਨੂੰ ਇਕਜੁਟ ਹੋ ਕੇ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ, ਕਿਉਂਕਿ ਸਾਂਝੇ ਘੋਲ ਹੀ ਤਾਕਤ, ਵਿਸ਼ਵਾਸ ਤੇ ਮਾਨਤਾ ਪ੍ਰਾਪਤ ਹੁੰਦੇ ਹਨ।

# ਬਾਜ਼ਾਰਾਂ-ਗਲੀਆਂ 'ਚ ਬੁਲਟ ਦੀਆਂ ਰੇਸਾਂ ਤੇ ਪਟਾਕੇ ਕੱਢਦੇ ਨੇ ਲੋਕਾਂ ਦਾ ਤਰਾਹ, ਪ੍ਰਸ਼ਾਸਨ ਸੁੱਤਾ

## ਬੁਲਟ ਦੇ ਪਟਾਕੇ ਪਾਉਣ ਵਾਲੇ ਬਖਸ਼ੇ ਨਹੀਂ ਜਾਣਗੇ : ਥਾਣਾ ਮੁਖੀ

**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਵਿੱਚ ਬੁਲਟ ਦਾ ਕ੍ਰੇਜ਼ ਕਾਫੀ ਜ਼ਿਆਦਾ ਹੈ, ਪਰ ਉੱਥੇ ਕੁਝ ਕੁ ਮਨਚਲਿਆਂ ਵੱਲੋਂ ਅਸਲੀ ਸਿਲੰਸਰ ਬਦਲਵਾ ਕੇ ਰਾਹ ਜਾਂਦੀਆਂ



ਬੱਚੀਆਂ, ਔਰਤਾਂ ਇਥੋਂ ਤੱਕ ਕਿ ਬਜ਼ੁਰਗਾਂ ਦੇ ਕੋਲ ਪਟਾਕੇ ਜਾਂ ਜ਼ਿਆਦਾ ਰੇਸ ਦੇ ਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ।ਜਿੱਥੇ ਪੂਰੇ ਪੰਜਾਬ ਵਿੱਚ ਇਸ ਸਬੰਧੀ ਜ਼ਿਲ੍ਹਾ ਪੁਲਸ ਮੁਖੀਆਂ ਵੱਲੋਂ ਸਖ਼ਤ ਤੋਂ ਸਖਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਹੈ, ਉਥੇ ਸਬ ਇੰਸ. ਬਲੌਰ ਸਿੰਘ ਥਾਣਾ ਮੁਖੀ ਸ਼ੇਰਪੁਰ, ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਦੇ ਹੁਕਮਾਂ ਤੇ ਡੀ ਐੱਸ ਪੀ ਰਨਵੀਰ ਸਿੰਘ ਧੂਰੀ ਦੇ ਨਿਰਦੇਸ਼ਾਂ ਤਹਿਤ ਕਸਬੇ ਵਿੱਚ ਪੂਰਨ ਤੌਰ 'ਤੇ ਨਾਕਾਬੰਦੀ ਕਰਕੇ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਵਾਉਣ ਵਾਲੇ ਸਕੂਲੀ ਵਿਦਿਆਰਥੀਆਂ/ਮਨਚਲਿਆਂ ਦੇ ਚਲਾਨ ਕੱਟ ਕੇ 'ਪਟਾਕੇ' ਪਵਾਉਣ ਜਾ ਰਹੇ ਹਨ।ਇਸ ਸੰਬੰਧੀ ਥਾਣਾ ਮੁਖੀ ਨੇ ਕਿਹਾ ਕਿ ਸਾਨੂੰ ਕੁਝ ਦਿਨਾਂ ਤੋਂ ਪਤਵੰਤੇ ਲੋਕਾਂ ਵੱਲੋਂ ਸ਼ਿਕਾਇਤ ਮਿਲ ਰਹੀ ਸੀ ਕਿ ਕੁੱਝ ਮਨਚਲੇ/ਸਕੂਲੀ ਵਿਦਿਆਰਥੀ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਵਾ ਕੇ ਤੇ ਰੇਸਾਂ ਦੇ ਕੇ ਆਮ ਜਨਤਾ, ਦੁਕਾਨਦਾਰਾਂ ਤੇ ਰਾਹਗੀਰਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ।ਅੱਜ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਨਾਕਾਬੰਦੀ ਕਰਕੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ, ਮਾਪੇ ਆਪਣੇ ਬੱਚਿਆਂ ਨੂੰ ਘਰ ਦੇ ਬਾਹਰ ਜਾਣ ਸਮੇਂ ਸਮਝਾ ਕੇ ਭੇਜਣ।ਕਸਬੇ ਦੇ ਮੋਹਤਬਰਾਂ ਸੈਨਿਕ ਲੀਗ ਪੰਜਾਬ ਚੰਡੀਗੜ੍ਹ ਦੇ ਆਗੂ ਸੂਬੇਦਾਰ ਮੇਜਰ ਹਰਜੀਤ ਸਿੰਘ, ਸੀਨੀਅਰ ਐਡਵੋਕੇਟ ਰਮੇਸ਼ ਕੁਮਾਰ ਗੁਪਤਾ, ਸਾਬਕਾ ਸਰਪੰਚ ਰਣਜੀਤ ਸਿੰਘ ਧਾਲੀਵਾਲ, ਮਾ. ਹਰਬੰਸ ਸਿੰਘ ਸ਼ੇਰਪੁਰ, ਯੂਥ ਅਕਾਲੀ ਆਗੂ ਜਸਪ੍ਰੀਤ ਸਿੰਘ ਜੱਸੀ ਖੇੜੀ, ਐਡਵੋਕੇਟ ਜਸਵੀਰ ਸਿੰਘ ਖੇੜੀ, ਸੀਨੀਅਰ ਕਾਂਗਰਸੀ ਆਗੂ ਬਨੀ ਖੈਰਾ, ਹਰਵਿੰਦਰ ਸਿੰਘ ਸੰਧੂ ਫੌਜੀ, ਬਾਬਾ ਨਿਰਮਲ ਸਿੰਘ ਔਲਖ, ਵਿੱਕੀ ਪੰਡਿਤ, ਜਸਪਾਲ ਸਿੰਘ ਬੀਰੀ, ਸੰਦੀਪ ਸਿੰਘ ਗੋਪੀ ਗਰੇਵਾਲ, ਮੱਤਾ ਇੰਟਰਨੈਸ਼ਨਲ ਕਬੱਡੀ ਖਿਡਾਰੀ ਸ਼ੇਰਪੁਰ, ਭਾਈ ਸੁਖਵਿੰਦਰ ਸਿੰਘ ਥਿੰਦ, ਲਖਵਿੰਦਰ ਰਿਸ਼ੀ ਚਾਂਗਲੀ ਤੋਂ ਇਲਾਵਾ ਹੋਰ ਵੀ ਸਮਾਜਸੇਵੀਆਂ ਨੇ ਇਸ ਉਠਾਏ ਗਏ ਮੁੱਦੇ ਦੀ ਸ਼ਲਾਘਾ ਕੀਤੀ।

# ਧੂਰੀ ਵਿਕਾਸ ਮੰਚ ਵੱਲੋਂ ਨਵੇਂ ਬੱਸ ਸਟੈਂਡ ਦੀ ਉਸਾਰੀ ਦਾ ਕੰਮ ਜਲਦ ਸ਼ੁਰੂ ਕਰਵਾਉਣ ਦੀ ਮੰਗ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਹਲਕੇ ਦੀਆਂ ਮੰਗਾਂ ਤੇ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਤੱਤਪਰ 'ਧੂਰੀ ਵਿਕਾਸ ਮੰਚ ਧੂਰੀ' ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਸਕੱਤਰ ਹੰਸ ਰਾਜ ਬਜਾਜ ਤੇ ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਮੰਚ ਦੇ ਵਫ਼ਦ ਨੇ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਦਿਆਂ ਹਲਕੇ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਸੀ, ਉਥੇ ਬੀਤੇ ਦਿਨੀਂ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਸੌਂਪੇ ਮੰਗ ਪੱਤਰ 'ਚ ਬੱਸ ਸਟੈਂਡ ਦੀ ਉਸਾਰੀ ਸਥਾਨਕ ਫੂਡ ਸਪਲਾਈ ਗੁਦਾਮਾਂ ਅੰਦਰ ਸ਼ੁਰੂ ਕਰਵਾਉਣ ਤੇ ਪੁਰਾਣੇ ਓਵਰ ਬਰਿੱਜ ਨੂੰ ਸੰਗਰੂਰ ਬਾਈਪਾਸ ਤੱਕ ਵਧਾਉਣ ਦੀ ਮੰਗ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਕੱਕੜਵਾਲ ਚੌਂਕ 'ਚ ਚਿੱਟਾ ਹਾਥੀ ਬਣੀਆਂ ਟ੍ਰੈਫਿਕ ਲਾਇਟਾਂ ਨੂੰ ਚਲਾਉਣ ਲਈ ਮੰਚ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਪੱਤਰ ਕਾਰਵਾਈ ਲਈ ਜ਼ਿਲ੍ਹਾ ਪੁਲਸ ਸੰਗਰੂਰ ਨੂੰ ਪ੍ਰਾਪਤ ਹੋ ਚੁੱਕਾ ਹੈ।ਆਗੂਆਂ ਨੇ ਜਿੱਥੇ ਬੀਤੇ ਦਿਨੀਂ ਧੂਰੀ ਦੌਰੇ 'ਤੇ ਆਏ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਿਵਲ ਹਸਪਤਾਲ 'ਚ ਡਾਕਟਰਾਂ ਦੀ ਕਮੀ ਨੂੰ ਦੂਰ ਕਰਵਾਉਣ ਲਈ 17 ਡਾਕਟਰਾਂ ਦੀ ਨਿਯੁਕਤੀ ਕਰਨ ਦੇ ਦਿੱਤੇ ਬਿਆਨ ਦਾ ਸਵਾਗਤ ਕੀਤਾ, ਉਥੇ ਸਿਵਲ ਹਸਪਤਾਲ 'ਚ ਡਾਇਲਸਿਜ਼ ਮਸ਼ੀਨ ਸਥਾਪਤ ਕਰਨ, ਪੁਰਾਣੇ ਬਸ ਸਟੈਂਡ ਦੇ ਸਾਹਮਣੇ ਸਥਿਤ ਫੂਡ ਸਪਲਾਈ ਦੇ ਗੁਦਾਮਾਂ ਵਾਲੀ ਜਗ੍ਹਾ 'ਚ ਨਵਾਂ ਆਧੁਨਿਕ ਸਹੂਲਤਾਂ ਵਾਲਾ ਬਸ ਸਟੈਂਡ ਬਣਾਉਣ, ਹਾਦਸਿਆਂ ਨੂੰ ਠੱਲਣ ਲਈ ਮਾਲੇਰਕੋਟਲਾ ਤੋਂ ਸੰਗਰੂਰ ਤੱਕ ਰਾਜ ਮਾਰਗ 'ਤੇ ਡਿਵਾਈਡਰ ਬਣਾਉਣ, ਧੂਰੀ-ਬਰਨਾਲਾ ਵਾਇਆ ਸੇਖਾਂ ਤੇ ਧੂਰੀ-ਨਾਭਾ ਵਾਇਆ ਛੀਟਾਂਵਾਲਾ ਸੜਕ ਨੂੰ 24 ਫੁੱਟ ਚੌੜੀ ਕਰਨ, ਪੁਰਾਣੇ ਓਵਰ ਬਰਿੱਜ ਨੂੰ ਸੰਗਰੂਰ ਬਾਈਪਾਸ ਤੱਕ ਵਧਾਉਣ, ਬੱਬਨਪੁਰ ਨਹਿਰ ਦੇ ਪੁਲ ਤੋਂ ਜੌੜੇ ਪੁਲਾਂ ਤੱਕ ਨਹਿਰ ਕਿਨਾਰੇ ਸੜਕ ਬਣਾਉਣ ਤੇ ਸਥਾਨਕ ਡਾਕਘਰ ਵਿਖੇ ਪਾਸਪੋਰਟ ਸੇਵਾ ਕੇਂਦਰ ਬਣਾਉਣ ਸਮੇਤ ਹੋਰ ਮੰਗਾਂ ਨੂੰ ਜਲਦੀ ਅਮਲੀ ਜਾਮਾ ਪਹਿਨਾਉਣ ਦੀ ਮੰਗ ਕੀਤੀ ਹੈ।

# ਕਿਸਾਨੀ ਸੰਘਰਸ਼ ਦੀ 5ਵੀਂ ਵਰ੍ਹੇਗੰਢ ਮੌਕੇ ਬੀ ਕੇ ਯੂ (ਕਾਦੀਆਂ) ਵੱਡੇ ਇਕੱਠ ਦੇ ਰੂਪ 'ਚ ਚੰਡੀਗੜ੍ਹ ਪੁੱਜੇਗੀ : ਗਿਆਸਪੁਰਾ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੀ ਆਰਥਿਕਤਾ ਜੋ ਪੂਰਨ ਰੂਪ ਵਿੱਚ ਖੇਤੀ ਤੇ ਨਿਰਭਰ ਹੈ, ਪ੍ਰੰਤੂ ਕੇਂਦਰ ਦੀ ਹਰੇਕ ਸਰਕਾਰ ਹਮੇਸ਼ਾ ਪੰਜਾਬ ਨਾਲ ਧੱਕਾ ਕਰਦੀ ਰਹੀ ਹੈ।ਕੇਂਦਰ ਦੀ ਮੌਜੂਦਾ ਮੋਦੀ ਸਰਕਾਰ ਨੇ ਸਾਲ 2020 ਵਿੱਚ ਖੇਤੀ ਨਾਲ ਸੰਬੰਧਤ ਤਿੰਨ ਕਾਲੇ ਕਾਨੂੰਨ ਪਾਸ ਕਰਕੇ ਕਿਰਸਾਨੀ ਨੂੰ ਖਤਮ ਕਰਨ ਦੇ ਮਨਸੂਬੇ ਬਣਾ ਲਏ ਸਨ, ਜਿਨ੍ਹਾਂ ਨੂੰ ਰੱਦ ਕਰਾਉਣ ਲਈ ਕਿਸਾਨਾਂ ਵੱਲੋਂ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਸ਼ੁਰੂ ਕੀਤਾ ਸੀ, ਅਖੀਰ ਮੋਦੀ ਸਰਕਾਰ ਨੇ ਕਿਸਾਨਾਂ ਅੱਗੇ ਝੁਕਦੇ ਹੋਏ 26 ਨਵੰਬਰ 2020 ਨੂੰ ਤਿੰਨੋਂ ਕਾਲੇ ਕਾਨੂੰਨ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ।ਇਸ ਲਈ 26 ਨਵੰਬਰ ਕਿਸਾਨਾਂ ਲਈ ਬਹੁਤ ਮਹੱਤਵਪੂਰਨ ਹੈ।ਇਸ ਜਿੱਤ ਦੀ ਖੁਸ਼ੀ ਵਿੱਚ ਹਰੇਕ ਸਾਲ ਕਿਸਾਨ ਇਸ ਦਿਨ ਨੂੰ ਵਿਜੈ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਨ।ਇਸ ਸਾਲ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਮੂਹਕ ਕਿਸਾਨ ਜਥੇਬੰਦੀਆਂ 26 ਨਵੰਬਰ ਨੂੰ ਚੰਡੀਗੜ੍ਹ ਸੈਕਟਰ 34 ਵਿਖੇ ਇਕੱਤਰ ਹੋ ਕੇ ਵਿਜੈ ਦਿਵਸ ਮਨਾਏਗੀ ਤੇ ਆਪਣੀਆਂ ਰਹਿੰਦੀਆਂ ਮੰਗਾਂ ਲਈ ਕੇਂਦਰ ਸਰਕਾਰ ਤੋਂ ਮੰਗ ਕਰੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਘੁਲਾਲ ਦੇ ਗੁਰਦੁਆਰਾ ਸਾਹਿਬ ਵਿਖੇ ਚੰਡੀਗੜ੍ਹ ਜਾਣ ਸਬੰਧੀ ਮੀਟਿੰਗ ਮੌਕੇ ਕੀਤਾ।ਮੀਟਿੰਗ ਵਿੱਚ ਲੁਧਿਆਣਾ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਘੁਲਾਲ ਨੇ ਦੱਸਿਆ ਕਿ ਇਸ ਵਾਰ ਵਿਜੈ ਦਿਵਸ ਮੌਕੇ ਪੰਜਾਬ ਦੇ ਕਿਸਾਨ ਆਪਣੀਆਂ ਰਹਿੰਦੀਆਂ ਮੰਗਾਂ ਸਬੰਧੀ ਮਸਲੇ ਵਿਚਾਰੇ ਜਾਣਗੇ, ਜਿਸ ਸਬੰਧੀ ਸਮੁੱਚੇ ਪੰਜਾਬ ਵਿੱਚੋਂ ਕਿਸਾਨ ਚੰਡੀਗੜ੍ਹ ਪੁੱਜਣਗੇ।ਇਸ ਸਬੰਧੀ ਸਮਰਾਲਾ ਇਲਾਕੇ ਦੇ ਕਿਸਾਨ ਚੰਡੀਗੜ੍ਹ ਜਾਣ ਲਈ ਦਿਆਲਪੁਰਾ ਬਾਈਪਾਸ ਕੋਲ ਇਕੱਤਰ ਹੋਣਗੇ ਆਪੋ ਆਪਣੇ ਵਾਹਨਾਂ ਰਾਹੀਂ ਇੱਕ ਵੱਡੇ ਜਥੇ ਦੇ ਰੂਪ ਵਿੱਚ ਚੰਡੀਗੜ੍ਹ ਰਵਾਨਾ ਹੋਣਗੇ।ਉਨ੍ਹਾਂ ਸਮਰਾਲਾ ਇਲਾਕੇ ਦੇ ਸਮੁੱਚੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ 26 ਨਵੰਬਰ ਨੂੰ ਚੰਡੀਗੜ੍ਹ ਪੁੱਜਣ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕੁਲਦੀਪ ਸਿੰਘ ਗੜ੍ਹੀ ਮੀਤ ਪ੍ਰਧਾਨ, ਮੋਹਨ ਸਿੰਘ ਬਾਲਿਓਂ ਪ੍ਰੈੱਸ ਸਕੱਤਰ, ਦਰਸ਼ਨ ਸਿੰਘ ਰੋਹਲੇ ਬਲਾਕ ਪ੍ਰਧਾਨ ਸਮਰਾਲਾ, ਦਵਿੰਦਰ ਸਿੰਘ ਗਰੇਵਾਲ ਬਲਾਕ ਪ੍ਰਧਾਨ ਮਾਂਗਟ, ਮਨਦੀਪ ਸਿੰਘ ਘੁਲਾਲ, ਸਤਬੀਰ ਸਿੰਘ ਮੀਤ ਪ੍ਰਧਾਨ ਬਲਾਕ ਸਮਰਾਲਾ, ਕੁਲਵੀਰ ਸਿੰਘ ਘੁਲਾਲ, ਸਵਰਨ ਸਿੰਘ ਹੇੜੀਆ, ਜਗਜੀਤ ਸਿੰਘ ਸਹਿਜੋ ਮਾਜਰਾ ਮੀਤ ਪ੍ਰਧਾਨ ਬਲਾਕ ਮਾਛੀਵਾੜਾ, ਚਰਨਜੀਤ ਸਿੰਘ ਢੰਡੇ, ਜਗਜੀਤ ਸਿੰਘ ਚਹਿਲਾਂ, ਕਰਨੈਲ ਸਿੰਘ ਚਹਿਲਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀ ਪੋਸਟ ਖਾਲੀ ਹੋਣ ਕਾਰਨ ਲੋਕਾਂ ਦੇ ਕੰਮ ਅਟਕੇ

## ਮੋਗਾ-ਕੋਟ ਈਸੇ ਖਾਂ ਦੇ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਵਾਧੂ ਚਾਰਜ ਦੇ ਕੇ ਸਰਕਾਰ ਟਪਾ ਰਹੀ ਡੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)** ਹਲਕਾ ਬਾਘਾ ਪੁਰਾਣਾ ਦੇ ਲੋਕਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਸਰਕਾਰੀ ਦਫ਼ਤਰਾਂ ਦੇ ਕੰਮਾਂ ਲਈ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪ੍ਰਸ਼ਾਸਨ ਦੀ ਬੇਧਿਆਨਤਾ ਤੇ ਅਧਿਕਾਰੀਆਂ ਦੀ ਕਮੀ ਕਾਰਨ ਤਹਿਸੀਲ ਪੱਧਰ ਦੇ ਮੁੱਖ ਕੰਮ ਲਗਾਤਾਰ ਅਟਕੇ ਹੋਏ ਹਨ।ਪਿਛਲੇ ਕਰੀਬ ਨੌਂ ਮਹੀਨਿਆਂ ਤੋਂ ਬਾਘਾ ਪੁਰਾਣਾ ਵਿੱਚ ਕੋਈ ਪੱਕਾ ਤਹਿਸੀਲਦਾਰ ਤਾਇਨਾਤ ਨਹੀਂ ਹੈ।ਇਸ ਦੇ ਨਾਲ ਹੀ ਪਿਛਲੇ ਇਕ ਮਹੀਨੇ ਤੋਂ ਨਾਇਬ ਤਹਿਸੀਲਦਾਰ ਦੀ ਕੁਰਸੀ ਵੀ ਖਾਲੀ ਪਈ ਹੈ, ਜਿਸ ਕਾਰਨ ਲੋਕਾਂ ਦੇ ਰੋਜ਼ਾਨਾ ਦੇ ਦਸਤਾਵੇਜ਼ੀ ਕਾਰਜ ਰੁੱਕੇ ਪਏ ਹਨ। ਮਿਲੀ ਜਾਣਕਾਰੀ ਮੁਤਾਬਕ 4 ਮਾਰਚ 2025 ਨੂੰ ਬਾਘਾ ਪੁਰਾਣਾ ਦੇ ਤਹਿਸੀਲਦਾਰ ਦੀ ਬਦਲੀ ਹੋ ਗਈ ਸੀ, ਜਿਸ ਤੋਂ ਬਾਅਦ ਇਥੇ ਕਿਸੇ ਵੀ ਨਵੇਂ ਤਹਿਸੀਲਦਾਰ ਦੀ ਪੱਕੀ ਤਾਇਨਾਤੀ ਨਹੀਂ ਹੋਈ।ਇਸ ਦੌਰਾਨ ਵਾਧੂ ਚਾਰਜ ਵਜੋਂ ਕੋਟ ਈਸੇ ਖਾਂ ਤੇ ਮੋਗਾ ਦੇ ਤਹਿਸੀਲਦਾਰਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ, ਪਰ ਉਨ੍ਹਾਂ ਕੋਲ ਪਹਿਲਾਂ ਹੀ ਕਈ ਸਟੇਸ਼ਨਾਂ ਦਾ ਕੰਮ ਹੋਣ ਕਰ ਕੇ ਉਹ ਹਫ਼ਤੇ ਵਿੱਚ ਸਿਰਫ਼ ਇੱਕ-ਅੱਧ ਦਿਨ ਹੀ ਬਾਘਾ ਪੁਰਾਣਾ ਪਹੁੰਚ ਪਾਉਂਦੇ ਹਨ।ਨਤੀਜਾ ਇਹ ਹੈ ਕਿ ਇਲਾਕੇ ਦੇ ਲੋਕਾਂ ਨੂੰ ਆਪਣੇ ਜ਼ਰੂਰੀ ਕੰਮਾਂ ਲਈ ਤਹਿਸੀਲ ਵਿੱਚ ਪੱਕਾ ਸਮਾਂ ਨਹੀਂ ਮਿਲ ਰਿਹਾ।31 ਅਕਤੂਬਰ 2025 ਨੂੰ ਬਾਘਾ ਪੁਰਾਣਾ ਦੇ ਨਾਇਬ ਤਹਿਸੀਲਦਾਰ ਦੀ ਰਿਟਾਇਰਮੈਂਟ ਹੋਈ, ਪਰ ਲਗਭਗ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਇਸ ਅਹੁਦੇ 'ਤੇ ਕਿਸੇ ਨਵੇਂ ਅਧਿਕਾਰੀ ਦੀ ਤਾਇਨਾਤੀ ਨਹੀਂ ਕੀਤੀ ਗਈ।ਦੋਵੇਂ ਅਹਿਮ ਅਹੁਦੇ ਖਾਲੀ ਹੋਣ ਕਰ ਕੇ ਤਹਿਸੀਲ ਦਫ਼ਤਰ ਅਧੂਰੀ ਕਾਰਗੁਜ਼ਾਰੀ ਨਾਲ ਚੱਲ ਰਿਹਾ ਹੈ, ਜਿਸ ਦਾ ਸਿੱਧਾ ਨੁਕਸਾਨ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।ਲੋਕਾਂ ਦਾ ਕਹਿਣਾ ਹੈ ਕਿ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀ ਗੈਰ-ਹਾਜ਼ਰੀ ਕਾਰਨ ਐਫੀਡੇਵਿਟ, ਮੈਰਿਜ ਰਜਿਸਟ੍ਰੇਸ਼ਨ, ਇੰਤਕਾਲ, ਹੱਦਬੰਦੀ, ਕੁਲਾਂਤਰਨ, ਨਕਸ਼ੇ ਦੀ ਪੁਸ਼ਟੀ, ਬਹਿਸੀ ਅਰਜ਼ੀਆਂ ਤੇ ਹੋਰ ਜ਼ਰੂਰੀ ਦਸਤਾਵੇਜ਼ੀ ਕੰਮ ਲਗਾਤਾਰ ਰੁਕਦੇ ਜਾ ਰਹੇ ਹਨ।ਇਕ ਪਾਸੇ ਲੋਕ ਨੋਟਰੀਆਂ ਤੋਂ ਦਸਤਖਤ ਕਰਵਾਉਣ ਲਈ ਚੱਕਰ ਕੱਟ ਰਹੇ ਹਨ, ਦੂਜੇ ਪਾਸੇ ਕਾਗਜ਼ੀ ਕਾਰਵਾਈਆਂ ਦੀ ਨਿਪਟਾਰਾ ਤਹਿਸੀਲਦਾਰ ਦੀ ਗੈਰ-ਹਾਜ਼ਰੀ ਕਾਰਨ ਦਿਨੋਂ-ਦਿਨ ਪਿੱਛੇ ਦਬਦਾ ਜਾ ਰਿਹਾ ਹੈ।ਦਰਖ਼ਾਸਤ ਲੈ ਕੇ ਦਫ਼ਤਰ ਪਹੁੰਚਣ ਵਾਲੇ ਨਗਰਿਕਾਂ ਨੂੰ ਕਈ ਵਾਰ ਵਿਗੜੇ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਦਫ਼ਤਰ ਵਿੱਚ ਸਟਾਫ਼ ਮੌਜੂਦ ਹੋਣ ਦੇ ਬਾਵਜੂਦ ਅਧਿਕਾਰਤ ਦਸਤਖਤ ਕਰਨ ਵਾਲਾ ਅਧਿਕਾਰੀ ਨਾ ਹੋਣ ਕਾਰਨ ਫਾਈਲਾਂ ਦੱਬੀਆਂ ਪਈਆਂ ਰਹਿੰਦੀਆਂ ਹਨ।ਲੋਕਾਂ ਦਾ ਕਹਿਣਾ ਹੈ ਕਿ ਕਈ ਵਾਰ ਉਨ੍ਹਾਂ ਨੂੰ ਮੋਗਾ ਜਾਂ ਕੋਟ ਈਸੇ ਖਾਂ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜੋ ਨਾ ਸਿਰਫ਼ ਵਾਧੂ ਖਰਚਾ ਕਰਵਾਉਂਦਾ ਹੈ, ਸਗੋਂ ਸਮੇਂ ਦੀ ਵੀ ਬਰਬਾਦੀ ਹੈ।ਪਿੰਡਾਂ ਤੋਂ ਆਉਣ ਵਾਲੇ ਵੱਡੇ ਬਜ਼ੁਰਗ ਲੋਕਾਂ ਨੇ ਵੀ ਆਪਣੀ ਪ੍ਰੇਸ਼ਾਨੀ ਸਾਂਝੀ ਕਰਦੇ ਕਿਹਾ ਕਿ ਉਹ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਖੜ੍ਹੇ ਰਹਿੰਦੇ ਹਨ, ਪਰ ਅਧਿਕਾਰੀ ਮੌਜੂਦ ਨਾ ਹੋਣ ਕਾਰਨ ਖਾਲੀ ਹੱਥ ਘਰ ਵਾਪਸ ਜਾਣ ਲਈ ਮਜਬੂਰ ਹੋ ਜਾਂਦੇ ਹਨ।ਸਥਾਨਕ ਸਮਾਜ ਸੇਵੀਆਂ ਨੇ ਇਸ ਮਾਮਲੇ 'ਤੇ ਤੁਰੰਤ ਧਿਆਨ ਦਿੱਤੇ ਜਾਣ ਦੀ ਮੰਗ ਕੀਤੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਬਾਘਾ ਪੁਰਾਣਾ ਦੀ ਤਹਿਸੀਲ ਵਿੱਚ ਦਿਨੋਂ-ਦਿਨ ਵਧ ਰਹੇ ਕੰਮ ਨੂੰ ਦੇਖਦੇ ਹੋਏ ਇੱਕ ਪੁਰਜ਼ੋਰ ਜ਼ਿੰਮੇਵਾਰ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀ ਤਾਇਨਾਤੀ ਤੁਰੰਤ ਲਾਜ਼ਮੀ ਹੈ।ਯੂਥ ਅਗੂਆਂ ਤੇ ਕਈ ਪਾਰਟੀ ਪ੍ਰਤੀਨਿਧੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਤਾਇਨਾਤੀ ਨਹੀਂ ਕੀਤੀ ਜਾਂਦੀ, ਤਾਂ ਲੋਕ ਆਗੂਆਂ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਸਕਦੇ ਹਨ।ਲੋਕਾਂ ਦਾ ਕਹਿਣਾ ਹੈ ਕਿ ਤਹਿਸੀਲ ਪੱਧਰ ਦੀਆਂ ਮੁੱਢਲੀਆਂ ਸਰਕਾਰੀ ਸਹੂਲਤਾਂ ਦਾ ਲਗਾਤਾਰ ਰੁਕਣਾ ਇਲਾਕੇ ਦੇ ਵਿਕਾਸ ਤੇ ਵਿਅਕਤੀਗਤ ਜ਼ਿੰਦਗੀ 'ਤੇ ਸਿੱਧਾ ਅਸਰ ਪਾ ਰਿਹਾ ਹੈ।ਲਗਾਤਾਰ ਕਮੀ ਕਾਰਨ ਨਾ ਸਿਰਫ਼ ਫਾਈਲਾਂ ਰੁਕ ਰਹੀਆਂ ਹਨ, ਸਗੋਂ ਕਾਨੂੰਨੀ ਪ੍ਰਕਿਰਿਆਵਾਂ ਵਿੱਚ ਵੀ ਦੇਰੀ ਹੋ ਰਹੀ ਹੈ।ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਬਾਘਾ ਪੁਰਾਣਾ ਤਹਿਸੀਲ ਵਿੱਚ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀ ਤੁਰੰਤ ਪੱਕੀ ਤਾਇਨਾਤੀ ਕੀਤੀ ਜਾਵੇ, ਤਾਂ ਜੋ ਰੁਕੀਆਂ ਪਈਆਂ ਕਾਰਵਾਈਆਂ ਨੂੰ ਚਲਦਾ ਕੀਤਾ ਜਾ ਸਕੇ ਤੇ ਲੋਕਾਂ ਨੂੰ ਰਾਹਤ ਮਿਲ ਸਕੇ।

# ਨਿਰੰਜਨ ਸਿੰਘ ਧੀਰ ਚੌਥੀ ਵਾਰ ਦੋਰਾਹਾ ਬਲਾਕ ਦੇ ਸਕੱਤਰ ਬਣੇ

**ਦੋਰਾਹਾ (ਹਰਮਿੰਦਰ ਸੇਠ)**-ਸੀਪੀਆਈ ਬਲਾਕ ਦੋਰਾਹਾ ਦੀ ਸਾਲਾਨਾ ਕਾਨਫਰੰਸ ਟਰੇਡ ਯੂਨੀਅਨ ਆਗੂ ਸਵਰਨ ਸਿੰਘ ਮਣਕੂ ਦੀ ਪ੍ਰਧਾਨਗੀ ਹੇਠ ਹੋਈ। ਇਸ ਕਾਨਫਰੰਸ ਵਿੱਚ ਜਿੱਥੇ ਬ੍ਰਾਂਚ ਦੇ ਬਰਾਂਚ ਦੀਆਂ ਗਤੀਵਿਧੀਆਂ ਬਾਰੇ ਦੱਸਿਆ ਗਿਆ, ਉਥੇ ਨਾਲ ਹੀ ਪਾਰਟੀ ਪ੍ਰੋਗਰਾਮ ਵਿੱਚ ਸਮੇਂ ਸਮੇਂ ਭਾਗ ਲਿਆ।



ਉਸ ਦੀ ਵੀ ਵਿਆਖਿਆ ਵੱਖ ਵੱਖ ਸਾਥੀਆਂ ਨੇ ਇਸ ਕਾਨਫਰੰਸ ਦੌਰਾਨ ਕੀਤੀ। ਇਸ ਸਮੇਂ ਕਾਨਫਰੰਸ ਵਿੱਚ ਵਿਸ਼ੇਸ਼ ਰੂਪ ਵਿੱਚ ਲੁਧਿਆਣਾ ਤੋਂ ਸਾਥੀ ਚਮਕੌਰ ਸਿੰਘ ਸਹਾਇਕ ਸਕੱਤਰ ਜ਼ਿਲ੍ਹਾ ਲੁਧਿਆਣਾ ਤੇ ਐੱਮ ਐੱਸ ਭਾਟੀਆ ਖਜ਼ਾਨਚੀ ਪਹੁੰਚੇ, ਜੋ ਕਿ ਅਬਜ਼ਰਵਰ ਦੇ ਤੌਰ 'ਤੇ ਇਸ ਕਾਨਫਰੰਸ ਵਿੱਚ ਸ਼ਾਮਲ ਹੋਏ। ਇਸ ਸਮੇਂ ਸਾਥੀ ਨਿਰੰਜਨ ਸਿੰਘ ਧੀਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਦੀ ਵਿਆਖਿਆ ਕੀਤੀ ਗਈ। ਇਸ ਤੋਂ ਬਾਅਦ ਇਸ ਕਾਨਫਰਸ ਵਿੱਚ ਸਰਬ ਸੰਮਤੀ ਨਾਲ ਸਾਰੇ ਸਾਥੀਆਂ ਨੇ ਦੋਰਾਹਾ ਬਲਾਕ ਸਕੱਤਰ ਦੀ ਚੌਥੀ ਵਾਰ ਜ਼ਿੰਮੇਵਾਰੀ ਨਿਰੰਜਨ ਸਿੰਘ ਧੀਰ ਨੂੰ ਸੌਂਪੀ ਗਈ।

ਇਸ ਕਾਨਫਰੰਸ ਵਿੱਚ ਆਏ ਸਾਥੀਆਂ ਦਾ ਨਿਰੰਜਨ ਸਿੰਘ ਧੀਰ ਜਿੱਥੇ ਧੰਨਵਾਦ ਕੀਤਾ, ਉੱਥੇ ਨਾਲ ਸਾਥੀਆਂ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਜੋ ਵੀ ਪਾਰਟੀ ਪ੍ਰੋਗਰਾਮ ਦੇਵੇਗੀ, ਉਹ ਤਨ ਮਨ ਧਨ ਨਾਲ ਪਾਰਟੀ ਦੀ ਸੇਵਾ ਕਰਨਗੇ ਤੇ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਚੱਲਣਗੇ। ਇਸ ਸਮੇਂ ਇਸ ਕਾਨਫਰੰਸ ਵਿੱਚ ਸਹਾਇਕ ਸਹਾਇਕ ਸਕੱਤਰ ਸਾਥੀ ਕਰਮ ਸਿੰਘ ਜਟਾਣਾ ਤੇ ਸਾਥੀ ਦਲਵਾਰਾ ਸਿੰਘ ਨੂੰ ਸਰਬਸੰਮਤੀ ਨਾਲ ਸਹਾਇਕ ਸਕੱਤਰ ਚੁਣਿਆ ਗਿਆ। ਇਸ ਸਮੇਂ ਕਾਨਫਰੰਸ ਵਿੱਚ ਹਰਮਿੰਦਰ ਸੇਠ ਨੂੰ ਵਿੱਤ ਸਕੱਤਰ ਚੁਣਿਆ ਗਿਆ ਤੇ ਇਸ ਕਾਨਫਰੰਸ ਵਿੱਚ ਸ਼ਾਮਲ ਹੋਏ ਸਵਰਨ ਸਿੰਘ ਮਣਕੂ ਨੂੰ ਸਹਾਇਕ ਵਿੱਤ ਸਕੱਤਰ ਚੁਣਿਆ ਗਿਆ। ਇਸ ਸਮੇਂ ਕਾਨਫਰੰਸ ਵਿੱਚ ਬਹੁਤ ਸਾਰੇ ਸਾਥੀ ਸ਼ਾਮਲ ਹੋਏ।

26-NOV-PAGE-6.qxd 11/25/2025 9:31 PM Page 1



## ਡਾ. ਅਸ਼ੀਮਾ ਗੋਇਲ ਨੂੰ ਮਿਲਿਆ ਲਾਈਫ ਟਾਈਮ ਅਚੀਵਮੈਂਟ ਐਵਾਰਡ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਓਰਲ ਹੈਲਥ ਸਾਇੰਸਿਜ਼ ਸੈਂਟਰ 'ਚ ਬਾਲ ਤੇ ਰੋਕਥਾਮੀ ਦੰਦ-ਚਿਕਿਤਸਾ ਵਿਭਾਗ ਦੀ ਸੀਨੀਅਰ ਪ੍ਰੋਫੈਸਰ ਡਾ. ਅਸ਼ੀਮਾ ਗੋਇਲ ਨੂੰ ਭੁਵਨੇਸ਼ਵਰ ਵਿੱਚ ਹੋਈ ਭਾਰਤੀ ਸੁਸਾਇਟੀ ਆਫ ਪੀਡੀਐਟ੍ਰਿਕ ਐਂਡ ਪ੍ਰਿਵੈਂਟਿਵ ਡੈਂਟਿਸਟਰੀ ਦੀ 46ਵੀਂ ਸਲਾਨਾ ਕਾਨਫਰੰਸ ਦੌਰਾਨ ਲਾਈਫਟਾਇਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।ਚਾਰ ਦਹਾਕਿਆਂ ਤੋਂ ਵੱਧ ਦੀ ਸਖ਼ਤ ਮਿਹਨਤ ਨਾਲ ਡਾ. ਗੋਇਲ ਨੇ ਬਾਲ ਤੇ ਰੋਕਥਾਮੀ ਦੰਦ-ਚਿਕਿਤਸਾ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਗੋਇਲ ਓਰਲ ਹੈਲਥ ਸਾਇੰਸਿਜ਼ ਸੈਂਟਰ ਦੀ ਮੁਖੀ ਤੋਂ ਬੱਚਿਆਂ ਤੇ ਬਜ਼ੁਰਗਾਂ ਦੀ ਓਰਲ ਹੈਲਥ ਕੇਅਰ ਲਈ ਨੈਸ਼ਨਲ ਰਿਸੋਰਸ ਸੈਂਟਰ ਦੀ ਇੰਚਾਰਜ ਵਜੋਂ ਕਈ ਮਹੱਤਵਪੂਰਨ ਭੂਮਿਕਾਵਾਂ ਨਿਭਾ ਚੁੱਕੇ ਹਨ।ਉਨ੍ਹਾਂ ਡਬਲਯੂ ਐਚ ਓ. ਅਤੇ ਆਈ ਸੀ ਐਮ ਆਰ ਦੀਆਂ ਕਈ ਪਹਿਲਕਦਮੀਆਂ ਦੀ ਅਗਵਾਈ ਕੀਤੀ ਹੈ, ਜਿਨ੍ਹਾਂ ਵਿੱਚ ਫਲੋਰੋਸਿਸ, ਸ਼ੁਰੂਆਤੀ ਬਚਪਨ ਦੇ ਦੰਦ-ਸੜਨ ਤੇ ਰਾਸ਼ਟਰੀ ਦੰਦ-ਸਵਾਸਥੀ ਪ੍ਰੋਗਰਾਮ ਵਰਗੇ ਰਾਸ਼ਟਰੀ ਪ੍ਰੋਜੈਕਟ ਸ਼ਾਮਲ ਹਨ।ਇਸ ਤੋਂ ਇਲਾਵਾ ਅਕਾਦਮਿਕ ਵਜੋਂ ਡਾ. ਗੋਇਲ ਨੇ ਅੰਤਰਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਬਹੁ-ਕੇਂਦਰੀ ਅਧਿਐਨਾਂ ਵਿੱਚ ਭਾਗ ਲਿਆ ਹੈ ਤੇ ਕਈ ਪ੍ਰਤਿਸ਼ਠਿਤ ਪੇਸ਼ੇਵਰ ਕਮੇਟੀਆਂ 'ਤੇ ਸੇਵਾ ਨਿਭਾਈ ਹੈ।

## ਮਾਤਾ ਗੁਜਰੀ ਸਕੂਲ ਵੱਲੋਂ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਸਮਾਗਮ



**ਦੇਵੀਗੜ੍ਹ (ਰਾਜਿੰਦਰ ਸਿੰਘ ਬਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਵੱਲੋਂ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ, ਜਿਸ ਤੋਂ ਬਾਅਦ ਚੌਪਈ ਸਾਹਿਬ ਤੇ ਸਲੋਕ ਮਹੱਲਾ 9 ਦਾ ਪਾਠ ਕੀਤਾ ਗਿਆ।ਰਾਗ-ਰਸ ਭਰੇ ਕੀਰਤਨ ਨੇ ਪੂਰੇ ਪੰਡਾਲ ਵਿੱਚ ਸ਼ਾਂਤੀ, ਸੇਹਜ ਤੇ ਆਤਮਕ ਪਵਿੱਤਰਤਾ ਦਾ ਮਾਹੌਲ ਬਣਾਇਆ।ਬੱਚਿਆਂ ਨੇ ਗੁਰੂ ਸਾਹਿਬ ਦੀ ਬਲੀਦਾਨਮਈ ਜੀਵਨ ਕਥਾ ਉੱਤੇ ਪੰਜਾਬੀ ਕਵਿਤਾ, ਕਵੀਸ਼ਰੀ ਤੇ ਪ੍ਰੇਰਕ ਸੁਨੇਹੇ ਪੇਸ਼ ਕੀਤੇ, ਜਿਨ੍ਹਾਂ ਨੇ ਸਾਰੇ ਹਾਜ਼ਰੀਨ ਦੇ ਮਨ ਨੂੰ ਗਹਿਰਾਈ ਨਾਲ ਛੂਹਿਆ।ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਉਸ ਲਾਸਾਨੀ ਸ਼ਹਾਦਤ 'ਧਰਮ ਲਈ ਸਿਰ ਦੇਣਾ, ਪਰ ਧਰਮ ਨਾ ਛੱਡਣਾ' ਦਾ ਸੰਦੇਸ਼ ਰਚਨਾਤਮਕ ਢੰਗ ਨਾਲ ਪੇਸ਼ ਕੀਤਾ।ਸਕੂਲ ਪ੍ਰਬੰਧਕਾਂ ਨੇ ਆਪਣੇ ਸੰਬੋਧਨ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਉਪਦੇਸ਼ਾਂ 'ਹਉਮੈ ਨਾਸ, ਸਹਿਨਸ਼ੀਲਤਾ, ਦਇਆ, ਨਿਡਰਤਾ ਤੇ ਧਰਮ ਦੀ ਰੱਖਿਆ' ਨੂੰ ਆਧੁਨਿਕ ਯੁੱਗ ਲਈ ਬੇਹੱਦ ਮਹੱਤਵਪੂਰਨ ਕਰਾਰ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਦਰਸਾਏ ਰਸਤੇ 'ਤੇ ਤੁਰਨ ਲਈ ਪ੍ਰੇਰਿਤ ਕੀਤਾ।ਸਮਾਗਮ ਦੇ ਅੰਤ 'ਤੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

## ਦਸਮੇਸ਼ ਪਬਲਿਕ ਸਕੂਲ ਬਿਲਾਸਪੁਰ ਵਿਖੇ ਕਾਨੂੰਨੀ ਜਾਗਰੂਕਤਾ ਕੈਂਪ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸੈਸ਼ਨ ਜੱਜ ਸਾਹਿਬ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਅਦਾਲਤ ਮੋਗਾ ਸੀ.ਜੇ.ਐੱਮ. ਸਾਹਿਬ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪਿੰਡ ਬਿਲਾਸਪੁਰ ਵਿਖੇ ਦਸਮੇਸ਼ ਪਬਲਿਕ ਸੀਨੀ: ਸੈਕੰ: ਸਕੂਲ ਵਿੱਚ ਕਾਨੂੰਨੀ ਜਾਗਰੂਕਤਾਂ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਅਗਵਾਈ ਸਕੂਲ ਪ੍ਰੋਗਰਾਮ ਅਫਸਰ ਸ੍ਰ: ਗੁਰਚਰਨ ਸਿੰਘ ਰਾਮਾਂ ਵੱਲੋਂ ਕੀਤੀ ਗਈ। ਇਸ ਮੌਕੇ ਐਡਵੋਕੇਟ ਮੀਤੂ ਰਾਣੀ ਪੀ ਐੱਲ ਵੀ ਗੁਰਦੀਪ ਸਿੰਘ ਪੀ ਐੱਲ ਵੀ ਗੁਰਬਰਮ ਸਿੰਘ ਨੇ ਵਿਦਿਆਰਥੀਆ ਨੂੰ ਫ੍ਰੀ ਲੀਗਲ ਏਡ ਬਾਰੇ, ਬੱਚਿਆਂ ਦੇ ਅਧਿਕਾਰਾਂ, ਟੋਲ ਫ੍ਰੀ ਨੰਬਰਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਬੱਚਿਆਂ ਨੂੰ ਐਮਰਜੈਂਸੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1098, 1091 ਤੇ ਕਾਨੂੰਨੀ ਸਹਾਇਤਾ ਲਈ 15100 ਨੰਬਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਐਡਵੋਕੇਟ ਸਾਹਿਬ ਵੱਲੋਂ ਵਿਦਿਆਰਥੀਆਂ ਨੂੰ (ਪੋਸਕੋ ਐਕਟ) 2012 ਬਾਰੇ ਵੀ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਕੈਂਪਾਂ ਨਾਲ ਵਿਦਿਆਰਥੀਆਂ ਵਿੱਚ ਕਾਨੂੰਨੀ ਚੇਤਨਾ ਪੈਦਾ ਹੁੰਦੀ ਹੈ ਅਤੇ ਉਹ ਆਪਣੇ ਅਧਿਕਾਰਾਂ ਤੇ ਜ਼ੁੰਮੇਵਾਰੀਆਂ ਬਾਰੇ ਸੁਚੇਤ ਹੁੰਦੇ ਹਨ।ਅਖੀਰ ਵਿੱਚ ਸਕੂਲ ਦੇ ਬਾਨੀ ਪ੍ਰਿੰਸੀਪਲ ਸ੍ਰ: ਭੁਪਿੰਦਰ ਸਿੰਘ ਢਿੱਲੋਂ ਨੇ ਆਈ ਹੋਈ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਇਸ ਸਮੇਂ ਮਨਦੀਪ ਸਿੰਘ ਬੈਂਸ ਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ



**ਬਰੇਟਾ (ਰੀਤਵਾਲ)**-ਡੀ ਏ ਬੀ ਸਕੂਲ ਖੁਡਾਲ ਵਿਖੇ ਗੁਰੂ ਤੇਗ ਬਹਾਦਰ ਜੀ ਦਾ 350ਵਾ ਸ਼ਹੀਦੀ ਦਿਹਾੜਾ ਮਨਾਇਆ ਗਿਆ।ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਸੁਖਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਇਸ ਦਿਵਸ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਵੱਲੋਂ ਸਿੱਖ ਇਤਿਹਾਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਸਮੇਂ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸ਼ਮੂਲੀਅਤ ਕੀਤੀ।

## ਸੰਦੀਪ ਧੂੜੀਆ ਤੇ ਡਾ. ਗਗਨਦੀਪ ਵੱਲੋਂ ਲਾਲਾ ਕਸਤੂਰੀ ਲਾਲ ਸਕੂਲ ਦੀ ਫੇਰੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਵਿੱਦਿਆ ਭਾਰਤੀ, ਪੰਜਾਬ ਪ੍ਰਾਂਤ ਦੇ ਸੰਗਠਨ ਮੰਤਰੀ ਰਜਿੰਦਰ, ਮਹਾਂਮੰਤਰੀ ਸੰਦੀਪ ਧੂੜੀਆ, ਸ਼ੈਖ਼ਸ਼ਨਿਕ ਪ੍ਰਮੁੱਖ ਤੇ ਬਠਿੰਡਾ ਵਿਭਾਗ ਦੇ ਸਕੱਤਰ ਡਾ. ਗਗਨਦੀਪ ਪਰਾਸ਼ਰ ਨੇ ਇੱਕ ਦਿਵਸੀ ਵਿਸ਼ੇਸ਼ ਪ੍ਰਵਾਸ ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਰਾਮਪੁਰਾ ਫੂਲ ਵਿੱਚ ਕੀਤਾ।ਇਸ ਪ੍ਰਵਾਸ ਦੌਰਾਨ ਉਨ੍ਹਾਂ ਨੇ ਵਿੱਦਿਆ ਮੰਦਰ ਦੀਆਂ ਸੇਵਾਦਾਰ ਮਾਸੀਆਂ, ਡਰਾਈਵਰਾਂ, ਕੰਡਕਟਰਾਂ, ਸਾਰੇ ਅਧਿਆਪਕ ਸਟਾਫ ਤੇ ਪ੍ਰਬੰਧਕ ਸਮਿਤੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼, ਮੈਨੇਜਰ ਗੁਰਪ੍ਰੀਤ ਸਿੰਘ ਤੇ ਹੋਰ ਮੈਂਬਰਾਂ ਨਾਲ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।ਮੁਲਾਕਾਤ ਦੌਰਾਨ ਸਕੂਲ ਦੇ ਦੈਨਿਕ ਕੰਮ-ਕਾਜ, ਵਿਦਿਆਰਥੀਆਂ ਦੀ ਪ੍ਰਗਤੀ ਤੇ ਸਕੂਲ ਦੀ ਵਿਕਾਸ ਯਾਤਰਾ ਵਿੱਚ ਆ ਰਹੀਆਂ ਚੁਣੌਤੀਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ।ਸਭ ਸੇਵਾਦਾਰਾਂ ਤੇ ਕਰਮਚਾਰੀਆਂ ਨੇ ਆਪਣੇ-ਆਪਣੇ ਸੁਝਾਅ ਸਾਂਝੇ ਕੀਤੇ, ਜਿਨ੍ਹਾਂ ਨੂੰ ਸਰਵਹਿੱਤਕਾਰੀ ਸਿੱਖਿਆ ਕਮੇਟੀ ਦੇ ਅਧਿਕਾਰੀਆਂ ਨੇ ਗੰਭੀਰਤਾ ਨਾਲ ਸੁਣਿਆ ਤੇ ਭਵਿੱਖ ਵਿੱਚ ਹੋਰ ਸੁਧਾਰ ਕਰਨ ਦਾ ਭਰੋਸਾ ਦਿੱਤਾ।ਸਕੂਲ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਸੰਗਠਨ ਮੰਤਰੀ, ਮਹਾਂਮੰਤਰੀ ਤੇ ਸਾਰੇ ਹਾਜ਼ਰ ਮਹਾਨੁਭਾਵਾਂ ਦਾ ਹਾਰਦਿਕ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਸ ਪ੍ਰਵਾਸ ਨਾਲ ਸਕੂਲ ਪਰਿਵਾਰ ਨੂੰ ਨਵੀਂ ਪ੍ਰੇਰਨਾ ਤੇ ਉਤਸ਼ਾਹ ਪ੍ਰਾਪਤ ਹੋਇਆ ਹੈ।

## ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਸਮਾਗਮ ਸ਼ਰਧਾਪੂਰਵਕ ਮਨਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੇ ਸ਼ਹਿਰ ਬਾਘਾ ਪੁਰਾਣਾ ਦੀ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਇਕ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਿੰਦੂਆਂ ਦੀ ਰਾਖੀ ਲਈ ਦਿੱਤੇ ਗਏ ਬਲੀਦਾਨ ਤੇ ਸਿੱਖਿਆਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਲੈਕਚਰਾਰ ਸਰਦਾਰ ਹਰਜਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਬਲੀਦਾਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।ਇਸ ਮੌਕੇ ਵਿਦਿਆਰਥਣ ਜੈਸਮੀਨ ਕੌਰ ਨੇ ਗੁਰੂ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਾ ਧਾਰਮਿਕ ਗੀਤ 'ਤੇਗ ਬਹਾਦਰ ਸਿਮਰੀਐ' ਗਾਇਆ, ਦਸਵੀਂ ਸ਼੍ਰੇਣੀ ਦੀ ਵਿਦਿਆਰਥਣ ਸਹਿਜਪ੍ਰੀਤ ਕੌਰ ਨੇ ਗੁਰੂ ਜੀ ਦੇ ਜੀਵਨ ਤੇ ਸ਼ਹਾਦਤ ਲਈ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਸੱਚਾਈ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਤੇ ਦੀਨ-ਦੁਖੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।ਇਹੀ ਸਾਡੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਕੋਆਰਡੀਨੇਟਰ ਸ੍ਰੀ ਮੁਕੇਸ਼ ਅਰੋੜਾ, ਮੈਡਮ ਖੁਸ਼ਪ੍ਰੀਤ ਕੌਰ ਤੇ ਸਕੂਲ ਦਾ ਸਮੁੱਚਾ ਸਟਾਫ਼ ਸ਼ਾਮਲ ਸੀ।

# ਗੁਰਦੁਆਰਾ ਗੁਰੂ ਕਾ ਖੂਹ ਵਿਖੇ ਦੋ ਰੋਜ਼ਾ ਗੁਰਮਤਿ ਸਮਾਗਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਪੰਥਕ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੰਗਾ ਸਿੰਘ ਸ੍ਰੀ ਬਾਬਾ ਬਕਾਲਾ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਮਨਜੀਤ ਸਿੰਘ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 15ਵਾਂ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਇਲਾਕੇ ਦੀਆਂ ਵੱਡੀ ਗਿਣਤੀ 'ਚ ਸੰਗਤਾਂ ਨੇ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਨ੍ਹਾਂ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਵਿਦਵਾਨਾਂ ਗਿਆਨੀ ਸੁਰਜੀਤ ਸਿੰਘ ਖਾਲਸਾ ਲੁਧਿਆਣੇ ਵਾਲੇ ਕਥਾਵਾਚਕ, ਗਿਆਨੀ ਜੰਗ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਕਥਾਵਾਚਕ, ਭਾਈ ਸ਼ੌਕੀਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ, ਭਾਈ ਗੁਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤਰਨ ਤਰਨ ਸਾਹਿਬ, ਗਿਆਨੀ ਗੁਰਬਚਨ ਸਿੰਘ ਜਾਗੋ ਲਹਿਰ ਘੱਲ ਕਲਾਂ ਕਵਿਸ਼ਰੀ ਜਥਾ, ਰਾਗੀ ਭਾਈ ਜਤਿੰਦਰ ਸਿੰਘ ਸਾਹਿਬ ਸ੍ਰੀ ਮੁਕਤਸਰ ਸਾਹਿਬ, ਭਾਈ ਗਗਨਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਮੁਕਤਸਰ ਸਾਹਿਬ, ਭਾਈ ਗਗਨਦੀਪ ਸਿੰਘ ਸ੍ਰੀ ਮੁਕਤਸਰ ਸਾਹਿਬ, ਨਿਸ਼ਾਨ ਅਕੈਡਮੀ ਔਲਖ ਦੇ ਕੀਰਤਨੀ ਜੱਥੇ ਤੋਂ ਇਲਾਵਾ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਦੇ ਵਿਦਿਆਰਥੀਆਂ ਸ਼ਬਦੀਪ ਸਿੰਘ ਤੇ ਹੋਰ ਵਿਦਿਆਰਥੀਆਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਜਿਸ 'ਚ 22 ਪ੍ਰਾਣੀ ਅੰਮ੍ਰਿਤ ਪਾਨ ਕਰਕੇ ਗੁਰੂ ਲੜ ਲੱਗੇ।ਇਸ ਸਮਾਗਮ ਦੌਰਾਨ ਧਾਰਮਿਕ ਪ੍ਰਦਰਸ਼ਨੀਆਂ ਲਗਾਈਆਂ ਗਈਆਂ।ਇਸ ਮੌਕੇ ਸਟੇਜ ਸੰਚਾਲਨ ਸਿੱਖ ਵਿਰਸਾ ਕੌਂਸਲ ਤੋਂ ਜਸਵੀਰ ਸਿੰਘ ਨੇ ਕੀਤਾ।ਇਸ ਦੌਰਾਨ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।ਇਸ ਮੌਕੇ ਸਾਬਕਾ ਮੈਨੇਜਰ ਸੁਮੇਰ ਸਿੰਘ, ਸ੍ਰੀ ਮੁਕਤਸਰ ਸਾਹਿਬ ਤੋਂ ਕਾਰ ਸੇਵਾ ਦਿੱਲੀ ਵਾਲੇ ਬਾਬਾ ਮਨਪ੍ਰੀਤ ਸਿੰਘ, ਸਾਬਕਾ ਨਗਰ ਕੌਂਸਲ ਪ੍ਰਧਾਨ ਹਰਪਾਲ ਸਿੰਘ ਬੇਦੀ, ਗੁਰਲਾਲ ਸਿੰਘ ਗਤਕਾ ਕੋਚ, ਹਰਪ੍ਰੀਤ ਸਿੰਘ ਗਤਕਾ ਕੋਚ, ਪਰਮਜੀਤ ਸਿੰਘ ਪੰਮਾ, ਜਸਵੰਤ ਸਿੰਘ ਟੈਂਟ ਵਾਲੇ, ਅਰੁਣ ਸਿੰਘ ਬਿੱਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਟਰਾਲੇ ਹੇਠ ਆਉਣ ਨਾਲ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਭਰ ਵਿੱਚ ਦਿਨੋਂ ਦਿਨ ਸੜਕ ਹਾਦਸਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।ਇਸੇ ਤਰ੍ਹਾਂ ਦਾ ਦਰਦਨਾਕ ਸੜਕ ਹਾਦਸਾ ਨਾਭਾ ਤੇ ਬੌੜਾ ਗੇਟ ਵਿਖੇ ਵਾਪਰਿਆ, ਜਿੱਥੇ ਕਿ ਟਰਾਲੇ ਨੇ ਮੋਟਰਸਾਈਕਲ ਸਵਾਰ 35 ਸਾਲਾ ਨੌਜਵਾਨ ਨੂੰ ਟੱਕਰ ਮਾਰ ਦਿੱਤੀ ਅਤੇ ਮੋਟਰਸਾਈਕਲ ਸਵਾਰ ਦੀ ਟਾਇਰ ਨੀਚੇ ਆਉਣ ਕਾਰਨ ਮੌਕੇ 'ਤੇ ਮੌਤ ਹੋ ਗਈ।ਮ੍ਰਿਤਕ ਪਟਿਆਲਾ ਦਾ ਰਹਿਣ ਵਾਲਾ ਸੀ, ਜੋ ਨਾਭਾ ਵਿਖੇ ਨਿੱਜੀ ਫੈਕਟਰੀ ਵਿੱਚ ਕੰਮ ਕਰਦਾ ਸੀ।ਇਸ ਮਾਮਲੇ ਵਿੱਚ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਟਰਾਲਾ ਚਾਲਕ ਟਰਾਲਾ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ।ਇਸ ਮੌਕੇ ਨਾਭਾ ਕੋਤਵਾਲੀ ਪੁਲਸ ਦੇ ਜਾਂਚ ਅਧਿਕਾਰੀ ਅਮਰੀਕ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਨੌਜਵਾਨ ਪਟਿਆਲਾ ਦਾ ਰਹਿਣ ਵਾਲਾ ਸੀ ਤੇ ਨਾਭਾ ਵਿਖੇ ਫੋਕਲ ਪੁਆਇੰਟ ਵਿਖੇ ਜੇਡੀਐੱਸ ਨਾਮ ਦੀ ਫੈਕਟਰੀ ਵਿੱਚ ਮੈਨੇਜਰ ਬਤੌਰ ਕੰਮ ਕਰਦਾ ਸੀ। ਉਹ ਪਟਿਆਲਾ ਤੋਂ ਸਵੇਰੇ ਡਿਊਟੀ 'ਤੇ ਜਾ ਰਿਹਾ ਸੀ।ਇਸ ਦਾ ਨਾਮ ਅਭੇ ਮੋਰੀਆ ਪੁੱਤਰ ਹਰੀ ਸ਼ੰਕਰ ਉਮਰ 35 ਸਾਲ, ਜਗਦੀਸ਼ ਕਲੌਨੀ ਰਾਜਪੁਰਾ ਰੋਡ ਪਟਿਆਲਾ ਦਾ ਰਹਿਣ ਵਾਲਾ ਸੀ।

## ਖੇਤੀ 'ਚ ਲਿੰਗਕ ਬਰਾਬਰੀ ਬਾਰੇ ਵਿਚਾਰ-ਚਰਚਾ

**ਸੰਗਰੂਰ/ਪਟਿਆਲਾ (ਪ੍ਰਵੀਨ ਸਿੰਘ/ਭੁਪਿੰਦਰਜੀਤ ਮੌਲਵੀਵਾਲਾ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਵੱਲੋਂ ਖੇਤੀ ਵਿੱਚ ਲਿੰਗਕ ਬਰਾਬਰੀ ਬਾਰੇ ਵਿਚਾਰ-ਚਰਚਾ ਪਿੰਡ ਨਰੜੂ ਜ਼ਿਲ੍ਹਾ ਪਟਿਆਲਾ ਵਿਖੇ ਆਯੋਜਨ ਕੀਤੀ ਗਈ।ਇਹ ਚਰਚਾ ਭਾਰਤੀ ਸਮਾਜਿਕ ਸਿੱਖਿਆ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸਥਿਰ ਭਵਿੱਖ ਵਿਚ ਖੇਤ ਮਜ਼ਦੂਰਾਂ ਦੀ ਸਮਾਜਿਕ, ਮਾਨਸਿਕ ਅਤੇ ਪੌਸ਼ਟਿਕ ਸਿਹਤ ਬਾਰੇ ਜਾਰੀ ਕੀਤੇ ਪ੍ਰਾਜੈਕਟ ਦੇ ਅਧੀਨ ਕੀਤੀ ਗਈ।ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਅਤੇ ਇਸ ਪ੍ਰਾਜੈਕਟ ਦੇ ਮੁੱਖ ਨਿਗਰਾਨ ਨੇ ਹਾਜ਼ਰੀਨ ਔਰਤਾਂ ਨੂੰ ਸੰਬੋਧਨ ਕਰਦਿਆਂ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਨਾਰੀ ਦੀ ਭੂਮਿਕਾ ਨੂੰ ਅੰਕਿਤ ਕੀਤਾ।ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਔਰਤ ਨੂੰ ਸਿੱਖਿਅਤ ਤੇ ਆਰਥਿਕ ਤੌਰ 'ਤੇ ਸਵੈ-ਨਿਰਭਰ ਨਹੀਂ ਬਣਾਇਆ ਜਾਂਦਾ, ਓਨੀ ਦੇਰ ਤੱਕ ਲਿੰਗਕ ਬਰਾਬਰੀ ਦਾ ਸੁਪਨਾ ਅਧੂਰਾ ਹੀ ਰਹੇਗਾ।ਉਨ੍ਹਾਂ ਦੱਸਿਆ ਕਿ ਖੇਤੀ ਕਾਰਜਾਂ ਵਿਚ ਔਰਤ ਦੀ ਹਿੱਸੇਦਾਰੀ, ਪਰਵਾਰ ਦੀ ਸਿਹਤ ਅਤੇ ਆਮਦਨ ਦਾ ਅਹਿਮ ਸਰੋਤ ਰਹੀ ਹੈ, ਪਰ ਅੱਜ-ਕੱਲ੍ਹ ਕੰਮ ਦਾ ਸੰਕਲਪ ਸਮਾਜਿਕ ਢਾਂਚੇ ਵਿਚੋਂ ਘੱਟ ਰਿਹਾ ਹੈ ਅਤੇ ਇਸ ਦਾ ਅਸਰ ਖੇਤੀ ਨਾਲ ਜੁੜੇ ਪਰਵਾਰਾਂ ਉੱਪਰ ਵੀ ਨਜ਼ਰ ਆਉਂਦਾ ਹੈ।ਉਨ੍ਹਾਂ ਕਿਰਤ ਅਤੇ ਕਿਰਸ ਦੀ ਮੁੜ ਉਸਾਰੀ ਲਈ ਔਰਤਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਿਆ ਅਤੇ ਇਸ ਦਿਸ਼ਾ ਵਿਚ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਬਾਰੇ ਵੀ ਵਿਸ਼ੇਸ਼ ਗੱਲਬਾਤ ਕੀਤੀ।ਇਸ ਮੌਕੇ ਸ੍ਰੀਮਤੀ ਅਮਰਜੀਤ ਕੌਰ ਤੇ ਸ੍ਰੀਮਤੀ ਦਰਸ਼ਨਾ ਕੌਰ ਜੋ ਕਿ ਆਪਣੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਆਤਮ-ਨਿਰਭਰ ਬਣਾ ਰਹੇ ਹਨ, ਨੇ ਖੇਤੀਬਾੜੀ ਵਿਚ ਔਰਤਾਂ ਦੀ ਹਿੱਸੇਦਾਰੀ, ਪਰਿਵਾਰਿਕ ਸੰਘਰਸ਼ ਤੇ ਸਮਾਜਿਕ ਸਭਿਆਚਾਰਕ ਮਾਨਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ।

## ਨੌਜਵਾਨ ਨਸ਼ਿਆਂ ਨੂੰ ਛੱਡ ਕੇ ਖੇਡਾਂ ਵੱਲ ਧਿਆਨ ਦੇਣ : ਬਲਤੇਜ ਪੰਨੂ



ਸੂਬਾ ਜਨਰਲ ਸਕੱਤਰ ਬਲਤੇਜ ਪੰਨੂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਰਾਜਵਿੰਦਰ ਕੌਰ ਖਰੌੜ।

**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਪੰਜਾਬ ਨੇ ਸੀਨੀਅਰ ਆਗੂ ਬਲਤੇਜ ਪੰਨੂ ਨੂੰ 'ਆਪ' ਦੀ ਪੰਜਾਬ ਇਕਾਈ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ।ਇਹ ਐਲਾਨ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਤੇ ਸੂਬਾ ਪ੍ਰਧਾਨ ਅਮਨ ਅਰੋੜਾ ਵੱਲੋਂ ਕੀਤਾ ਗਿਆ ਹੈ। ਜਿੱਥੇ ਆਮ ਆਦਮੀ ਪਾਰਟੀ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੇ ਬਲਤੇਜ ਪੰਨੂ ਨੂੰ ਵਧਾਈ ਦਿੱਤੀ, ਉਥੇ ਹੀ ਇੰਚਾਰਜ ਮਹਿਲਾ ਵਿੰਗ ਵਿਧਾਨ ਸਭਾ ਹਲਕਾ ਨਾਭਾ ਰਾਜਵਿੰਦਰ ਕੌਰ ਖਰੌੜ ਨੇ ਨਵ-ਨਿਯੁਕਤ ਸੂਬਾ ਸਕੱਤਰ ਬਲਤੇਜ ਪੰਨੂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਵਿੱਚ ਅਹਿਮ ਰੋਲ ਅਦਾ ਕਰਨਗੇ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂ ਬਲਤੇਜ ਪੰਨੂ ਨੇ ਜ਼ਮੀਨੀ ਪੱਧਰ 'ਤੇ ਪਾਰਟੀ ਵਰਕਰਾਂ ਨਾਲ ਤਾਲਮੇਲ ਨੂੰ ਹੋਰ ਬਿਹਤਰ ਬਣਾਇਆ ਹੈ ਤੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਕੰਮ ਕੀਤਾ ਹੈ।ਰਾਜਵਿੰਦਰ ਕੌਰ ਨੇ ਕਿਹਾ ਕਿ ਇਨ੍ਹਾਂ ਵੱਲੋਂ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਅਹਿਮ ਰੋਲ ਅਦਾ ਕੀਤਾ ਹੈ।ਨਵ-ਨਿਯੁਕਤ ਜਨਰਲ ਸਕੱਤਰ ਬਲਤੇਜ ਪੰਨੂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਪ੍ਰਗਟਾਏ ਭਰੋਸੇ 'ਤੇ ਖ਼ਰਾ ਉਤਰਨ ਦੀ ਕੋਸ਼ਿਸ਼ ਕਰਨਗੇ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ।ਉਨ੍ਹਾਂ ਰਾਜਵਿੰਦਰ ਕੌਰ ਵੱਲੋਂ ਪਾਰਟੀ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਹਿਲਾਵਾਂ ਵੱਲੋਂ ਪਾਰਟੀ ਵਿੱਚ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ ਤੇ ਆਉਣ ਵਾਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਹਿਲਾਵਾਂ ਵੱਲੋਂ ਅਹਿਮ ਰੋਲ ਅਦਾ ਕੀਤਾ ਜਾਵੇਗਾ, ਜਿਸ ਨਾਲ ਮੁੜ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।

# ਰੋਟਰੀ ਕਲੱਬ ਵੱਲੋਂ ਗਊ ਹਸਪਤਾਲ ਲਈ ਨਗਦ ਰਾਸ਼ੀ ਤੇ ਦਵਾਈਆਂ ਭੇਟ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਰੋਟਰੀ ਕਲੱਬ ਬਾਘਾ ਪੁਰਾਣਾ ਵੱਲੋਂ ਗਊਆਂ ਦੇ ਹਸਪਤਾਲ ਨੂੰ ਜ਼ਖਮੀ ਤੇ ਬਿਮਾਰ ਗਊਆਂ ਦੀ ਸੰਭਾਲ ਲਈ ਨਗਦ ਰਾਸ਼ੀ ਤੇ ਜ਼ਰੂਰੀ ਦਵਾਈਆਂ ਭੇਟ ਕੀਤੀਆਂ ਗਈਆਂ।ਇਸ ਮੌਕੇ ਕਲੱਬ ਦੇ ਪ੍ਰਧਾਨ ਪਵਨ ਗੁਪਤਾ, ਸੈਕਟਰੀ ਮਨੀਸ਼ ਗੁਪਤਾ, ਕੈਸ਼ੀਅਰ ਪਿਆਰੇ ਲਾਲ ਗੋਇਲ ਤੇ ਪ੍ਰੋਜੈਕਟ ਚੇਅਰਮੈਨ ਮਨੀਸ਼ ਗਰਗ ਟੀਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਕਲੱਬ ਵੱਲੋਂ ਕੀਤੇ ਇਸ ਸਮਾਜਿਕ ਯੋਗਦਾਨ ਨੂੰ ਗਊ ਸੇਵਾ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਵੀ ਸਰਾਹਿਆ ਗਿਆ।ਇਸ ਮੌਕੇ ਪ੍ਰਧਾਨ ਪਵਨ ਗੁਪਤਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗਊ ਸੇਵਾ ਨੂੰ ਭਾਰਤੀ ਸੱਭਿਆਚਾਰ ਵਿੱਚ ਸਭ ਤੋਂ ਉੱਚੀ ਸੇਵਾ ਮੰਨਿਆ ਜਾਂਦਾ ਹੈ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸੜਕਾਂ 'ਤੇ ਜ਼ਖਮੀ, ਬਿਮਾਰ ਤੇ ਬੇਸਹਾਰਾ ਗਊਆਂ ਦੀ ਸੰਭਾਲ ਕਰਨਾ ਮਨੁੱਖਤਾ ਦਾ ਫਰਜ਼ ਹੈ।ਰੋਟਰੀ ਕਲੱਬ ਹਮੇਸ਼ਾ ਸਮਾਜਿਕ ਕਾਰਜਾਂ ਵਿੱਚ ਅਗੇਰੀ ਭੂਮਿਕਾ ਨਿਭਾਉਂਦਾ ਆਇਆ ਹੈ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਸੈਕਟਰੀ ਮਨੀਸ਼ ਗੁਪਤਾ ਨੇ ਦੱਸਿਆ ਕਿ ਗਊਆਂ ਦੇ ਇਲਾਜ ਲਈ ਜਿੰਨੀ ਮਦਦ ਕੀਤੀ ਗਈ ਹੈ, ਉਹ ਸਿਰਫ਼ ਇੱਕ ਸ਼ੁਰੂਆਤ ਹੈ।ਜ਼ਰੂਰਤ ਪੈਣ 'ਤੇ ਕਲੱਬ ਵੱਲੋਂ ਹੋਰ ਸੰਸਾਧਨ ਵੀ ਪ੍ਰਦਾਨ ਕੀਤੇ ਜਾਣਗੇ।ਕੈਸ਼ੀਅਰ ਪਿਆਰੇ ਲਾਲ ਗੋਇਲ ਨੇ ਕਿਹਾ ਕਿ ਰੋਟਰੀ ਕਲੱਬ ਦਾ ਮੁੱਖ ਉਦੇਸ਼ ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਕੰਮ ਕਰਨਾ ਹੈ ਤੇ ਅੱਜ ਦੀ ਇਹ ਸੇਵਾ ਕਲੱਬ ਦੀ ਉਸ ਹੌਸਲਾਮੰਦ ਸੋਚ ਦਾ ਪ੍ਰਤੀਕ ਹੈ।

ਪ੍ਰਾਜੈਕਟ ਚੇਅਰਮੈਨ ਮਨੀਸ਼ ਗਰਗ ਟੀਨੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਬਹੁਤ ਸਾਰੀਆਂ ਗਊਆਂ ਸੜਕਾਂ 'ਤੇ ਜ਼ਖਮੀ ਮਿਲਦੀਆਂ ਹਨ।ਉਨ੍ਹਾਂ ਦਾ ਇਲਾਜ ਕਰਨਾ ਹਰ ਜ਼ਿੰਮੇਵਾਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ।ਕਲੱਬ ਵੱਲੋਂ ਦਿੱਤੀ ਗਈ ਨਗਦ ਰਾਸ਼ੀ ਤੇ ਦਵਾਈਆਂ ਨਾਲ ਗਊ ਹਸਪਤਾਲ ਨੂੰ ਕਾਫ਼ੀ ਰਾਹਤ ਮਿਲੇਗੀ।ਇਸ ਮੌਕੇ ਰਾਜੀਵ ਰਿੰਕੂ, ਰਣਦੀਪ ਕੁਮਾਰ ਗਰਗ ਕਾਲਾ, ਰਾਕੇਸ ਕੁਮਾਰ ਗਰਗ, ਰਾਕੇਸ਼ ਕੁਮਾਰ, ਰਜੇਸ਼ ਬੱਬਰ, ਸੋਨਾ ਅਰੋੜਾ, ਵਿਮਲ ਗਰਗ ਵਿੱਕੀ, ਰਜਿੰਦਰ ਕੁਮਾਰ ਠੇਕੇਦਾਰ, ਰਕੇਸ਼ ਕੁਮਾਰ ਕਟਾਰੀਆ, ਦੀਪਕ ਕੁਮਾਰ, ਵਿਜੇ ਅੰਮ੍ਰਿਤਪਾਲ, ਅਮਿਤ ਕੁਮਾਰ ਗੋਇਲ ਆਦਿ ਹਾਜ਼ਰ ਸਨ।ਉਨ੍ਹਾਂ ਸਭ ਨੇ ਇਸ ਪ੍ਰੋਜੈਕਟ ਦੀ ਖੁੱਲ੍ਹ ਕਰ ਕੇ ਸਰਾਹਨਾ ਕੀਤੀ।

## ਭਾਰਤ ਨਾਲ ਵਪਾਰ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਤੇਜ਼ੀ ਨਾਲ ਕੰਮ ਕਰ ਰਹੇ ਹਾਂ : ਕੈਨੇਡਾ

**ਟੋਰਾਂਟੋ** : ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਸੋਮਵਾਰ ਕਿਹਾ ਕਿ ਦੋ ਸਾਲਾਂ ਦੇ ਤਣਾਅਪੂਰਨ ਸੰਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਆਨੰਦ ਦਾ ਇਹ ਬਿਆਨ ਹਫ਼ਤੇ ਦੇ ਅਖੀਰ ਵਿਚ ਦੱਖਣੀ ਅਫਰੀਕਾ ਵਿਚ ਜੀ-20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਹੋਈ ਬੈਠਕ ਤੋਂ ਬਾਅਦ ਆਇਆ ਹੈ। ਬੈਠਕ ਵਿਚ ਦੋਵਾਂ ਆਗੂਆਂ ਨੇ ਇਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਸਹਿਮਤੀ ਦਿੱਤੀ ਹੈ। ਆਨੰਦ ਨੇ ਇਕ ਖ਼ਬਰ ਏਜੰਸੀ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ ਸਨ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਕਾਰਨੀ ਅਗਲੇ ਸਾਲ ਦੇ ਸ਼ੁਰੂ ਵਿਚ ਭਾਰਤ ਦੀ ਯਾਤਰਾ ਕਰਨਗੇ।

# ਵਰਲਡ ਯੂਨੀਵਰਸਿਟੀ ਵੱਲੋਂ ਮੰਡੋਫਲ 'ਚ ਐੱਨ ਐੱਸ ਐੱਸ ਕੈਂਪ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਐੱਨ.ਐੱਸ.ਐੱਸ. ਯੂਨਿਟ (ਡਿਪਾਰਟਮੈਂਟ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ) ਵੱਲੋਂ ਪਿੰਡ ਮੰਡੋਫਲ ਵਿੱਚ ਡਿਜੀਟਲ ਲਿਟਰੇਸੀ ਵਿਸ਼ੇ 'ਤੇ ਇਕ-ਦਿਵਸੀ ਕੈਂਪ ਲਾਇਆ ਗਿਆ।ਇਹ ਕੈਂਪ ਡਾ. ਸੁਮਨ ਪ੍ਰੀਤ ਕੌਰ ਪ੍ਰੋਗਰਾਮ ਅਫਸਰ ਐੱਨ.ਐੱਸ.ਐੱਸ. ਦੀ ਅਗਵਾਈ ਹੇਠ ਹੋਇਆ, ਜਿਸ ਦਾ ਉਦੇਸ਼ ਪਿੰਡ ਵਾਸੀਆਂ ਨੂੰ ਮੁੱਢਲੇ ਡਿਜੀਟਲ ਗਿਆਨ ਨਾਲ ਸਸ਼ਕਤ ਕਰਨਾ ਅਤੇ ਵਿਦਿਆਰਥੀ ਸੇਵਾਦਾਰਾਂ ਵਿੱਚ ਸਮਾਜਿਕ ਜ਼ਿੰਮੇਵਾਰੀ ਤੇ ਕਮਿਊਨਿਟੀ ਜੋੜ ਨੂੰ ਮਜ਼ਬੂਤ ਕਰਨਾ ਸੀ। ਆਪਣੇ ਉਦਘਾਟਨੀ ਸੰਬੋਧਨ ਵਿੱਚ ਡਾ. ਕੌਰ ਨੇ ਅੱਜ ਦੇ ਯੁੱਗ ਵਿੱਚ ਡਿਜੀਟਲ ਜਾਗਰੂਕਤਾ ਦੀ ਵਧਦੀ ਮਹੱਤਤਾ ਬਾਰੇ ਰੌਸ਼ਨੀ ਪਾਈ।ਉਨ੍ਹਾਂ ਵਿਦਿਆਰਥੀਆਂ ਨੂੰ ਬਦਲਾਅ ਦੇ ਦੂਤ ਵਜੋਂ ਕੰਮ ਕਰਦੇ ਹੋਏ ਪਿੰਡ ਵਾਸੀਆਂ ਨੂੰ ਆਨਲਾਈਨ ਪਲੇਟਫਾਰਮਾਂ, ਈ-ਸਰਕਾਰੀ ਸੇਵਾਵਾਂ ਤੇ ਹੋਰ ਡਿਜੀਟਲ ਸਾਧਨਾਂ ਬਾਰੇ ਜਾਣੂ ਕਰਨ ਲਈ ਪ੍ਰੇਰਿਤ ਕੀਤਾ, ਜੋ ਰੋਜ਼ਮਰ੍ਹਾ ਦੇ ਕੰਮਾਂ ਨੂੰ ਆਸਾਨ ਬਣਾਉਂਦੀਆਂ ਹਨ ਤੇ ਜਾਣਕਾਰੀ ਤੱਕ ਪਹੁੰਚ ਵਧਾਉਂਦੀਆਂ ਹਨ।ਦਿਨ ਭਰ ਐੱਨ.ਐੱਸ.ਐੱਸ. ਸੇਵਾਦਾਰਾਂ ਵੱਲੋਂ ਵੱਖ-ਵੱਖ ਇੰਟਰੈਕਟਿਵ ਸੈਸ਼ਨ ਕੀਤੇ ਗਏ, ਜਿਨ੍ਹਾਂ ਵਿੱਚ ਸਮਾਰਟਫੋਨਾਂ ਦੀ ਪ੍ਰਭਾਵਸ਼ਾਲੀ ਵਰਤੋਂ, ਆਨਲਾਈਨ ਭੁਗਤਾਨ ਦੀ ਸੁਰੱਖਿਆ, ਡਿਜੀਟਲ ਮਾਧਿਅਮ ਰਾਹੀਂ ਸਰਕਾਰੀ ਸੇਵਾਵਾਂ ਤੱਕ ਪਹੁੰਚ ਤੇ ਇੰਟਰਨੈਟ 'ਤੇ ਫੈਲ ਰਹੀ ਗਲਤ ਜਾਣਕਾਰੀ ਦੀ ਪਛਾਣ ਵਰਗੇ ਮੁੱਦੇ ਸ਼ਾਮਲ ਸਨ।ਇੱਕ-ਇੱਕ ਕਰਕੇ ਦਿੱਤੀ ਗਈ ਮੱਦਦ ਨੇ ਪਿੰਡ ਵਾਸੀਆਂ ਵਿੱਚ ਵਿਸ਼ਵਾਸ ਪੈਦਾ ਕੀਤਾ ਕਿ ਉਹ ਸਿੱਖਿਆ, ਸਿਹਤ ਤੇ ਵਿੱਤੀ ਸੌਦਾਬਾਜ਼ੀ ਲਈ ਡਿਜੀਟਲ ਸਾਧਨਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਕਰ ਸਕਦੇ ਹਨ।ਪ੍ਰੋ. (ਡਾ.) ਪਰਿਤ ਪਾਲ ਸਿੰਘ, ਮਾਨਯੋਗ ਵਾਇਸ ਚਾਂਸਲਰ ਨੇ ਇਸ ਯਤਨ ਦੀ ਪ੍ਰਸ਼ੰਸਾ ਕਰਦੇ ਹੋਏ ਆਯੋਜਕ ਟੀਮ ਨੂੰ ਵਧਾਈ ਦਿੱਤੀ ਤੇ ਇਸ ਤਰ੍ਹਾਂ ਦੇ ਸਮਾਜ-ਕੇਂਦਰਤ ਕਾਰਜਕ੍ਰਮ ਲਗਾਤਾਰ ਕਰਨ ਲਈ ਉਤਸ਼ਾਹਤ ਕੀਤਾ।ਇਸ ਤੋਂ ਬਾਅਦ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਵੀ ਇਸ ਯਤਨ ਦੀ ਸ਼ਲਾਘਾ ਕੀਤੀ।ਡਾ. ਹਰਨੀਤ ਬਿਲਿੰਗ ਪ੍ਰੋਗਰਾਮ ਕੋਆਰਡੀਨੇਟਰ ਐੱਨ.ਐੱਸ.ਐੱਸ. ਨੇ ਵੀ ਕੈਂਪ ਦੀ ਸਫਲਤਾ ਦੀ ਸਰਾਹਨਾ ਕੀਤੀ।ਕੈਂਪ ਦਾ ਸਮਾਪਨ ਧੰਨਵਾਦ ਪ੍ਰਗਟਾਵੇ ਨਾਲ ਕੀਤਾ ਗਿਆ, ਜਿਸ ਵਿੱਚ ਪਿੰਡ ਵਾਸੀਆਂ, ਫੈਕਲਟੀ ਮੈਂਬਰਾਂ ਤੇ ਐੱਨ.ਐੱਸ.ਐੱਸ. ਸੇਵਾਦਾਰਾਂ ਦਾ ਖ਼ਾਸ ਧੰਨਵਾਦ ਕੀਤਾ ਗਿਆ।

# ਡੀ ਸੀ ਨੇ ਸੇਵਾ-ਮੁਕਤ ਤੇ ਮੌਜੂਦਾ ਕਰਮੀਆਂ ਨਾਲ ਮਨਾਈ ਮੋਗੇ ਦੀ ਵਰ੍ਹੇਗੰਢ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਮੋਗਾ 24 ਨਵੰਬਰ 1995 ਨੂੰ ਹੋਂਦ ਵਿੱਚ ਆਇਆ ਸੀ ਤੇ ਅੱਜ ਇਸ ਨੂੰ ਹੋਂਦ ਵਿੱਚ ਆਏ 30 ਸਾਲ ਪੂਰੇ ਹੋ ਗਏ ਹਨ।ਜ਼ਿਲ੍ਹਾ ਮੋਗਾ ਦੀ 30ਵੀਂ ਵਰ੍ਹੇਗੰਢ ਮੌਕੇ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆਂ ਦੀ ਰਹਿਨੁਮਾਈ ਹੇਠ ਪੰਜਾਬ ਰਾਜ ਜ਼ਿਲ੍ਹਾ ਡੀ. ਸੀ. ਦਫਤਰ ਕਰਮਚਾਰੀ ਯੂਨੀਅਨ, ਜ਼ਿਲ੍ਹਾ ਮੋਗਾ ਵੱਲੋਂ ਮਨਾਈ ਗਈ।ਇਸ ਸਮਾਰੋਹ ਵਿੱਚ ਸਮੁੱਚੇ ਡੀ.ਸੀ. ਦਫਤਰ ਮੋਗਾ ਦੇ ਅਮਲੇ ਤੋਂ ਇਲਾਵਾ ਸਾਲ 1995 ਤੋਂ ਹੁਣ ਤੱਕ ਦੇ ਡੀ.ਸੀ. ਦਫਤਰ ਮੋਗਾ ਦੇ ਰਿਟਾਇਰਡ ਕਰਮਚਾਰੀਆਂ ਨੇ ਵੀ ਸ਼ਮੂਲੀਅਤ ਕੀਤੀ।ਇਸ ਸਮਾਰੋਹ ਵਿੱਚ ਉਨ੍ਹਾਂ ਵੱਲੋਂ ਜ਼ਿਲ੍ਹਾ ਮੋਗਾ ਸ਼ੁਰੂ ਕਰਨ ਸਮੇਂ ਆਈਆਂ ਮੁਸ਼ਕਲਾਂ ਤੇ ਤਜਰਬਾ ਸਾਂਝਾ ਕੀਤਾ ਗਿਆ।ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਵੱਲੋਂ ਸਾਰੇ ਰਿਟਾਇਰਡ ਕਰਮਚਾਰੀਆ ਨੂੰ ਸਨਮਾਨਤ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਲਈ ਮੌਜੂਦਾ ਕਰਮੀਆਂ ਵਾਂਗ ਸੇਵਾ ਮੁਕਤ ਕਰਮੀ ਵੀ ਮਹੱਤਵਪੂਰਨ ਭੂਮਿਕਾ ਰੱਖਦੇ ਹਨ, ਕਿਉਂਕਿ ਸੇਵਾ ਮੁਕਤ ਹੋ ਚੁੱਕੇ ਮੁਲਾਜ਼ਮਾਂ ਦੀ ਦੇਖ-ਰੇਖ ਹੇਠ ਨਵੇਂ ਕਰਮੀਆਂ ਵੱਲੋਂ ਕੰਮ ਕੀਤਾ ਜਾਂਦਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੌਜੂਦਾ ਅਮਲਾ, ਸੇਵਾ ਮੁਕਤ ਹੋ ਚੁੱਕੇ ਅਮਲੇ ਦੇ ਤਜਰਬਿਆਂ ਨੂੰ ਵਰਤ ਕੇ ਪ੍ਰਸ਼ਾਸਨਕ ਕੰਮਾਂ ਨੂੰ ਤਹਿ ਸਮਾਂ ਸੀਮਾਂ ਵਿੱਚ ਕਰਨ ਨੂੰ ਤਰਜੀਹ ਦੇਵੇ।ਉਨ੍ਹਾਂ ਕਿਹਾ ਕਿ ਸੇਵਾ ਮੁਕਤ ਕਰਮੀ ਜਦੋਂ ਵੀ ਦਫਤਰ ਆਉਣ ਉਨਾਂ ਦਾ ਉਚਿਤ ਮਾਨ ਸਨਮਾਨ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸਾਰੇ ਕਰਮਚਾਰੀ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਇਸ ਲਈ ਮੌਜੂਦਾ ਕਰਮੀ ਆਪਣੀ ਨੌਕਰੀ ਪੂਰਨ ਇਮਾਨਦਾਰੀ ਨਾਲ ਕਰਕੇ ਲੋਕਾਂ ਨੂੰ ਪ੍ਰਸ਼ਾਸਨਕ ਸੇਵਾਵਾਂ ਪੂਰਨ ਪਾਰਦਸ਼ਤਾ ਨਾਲ ਮੁਹੱਈਆ ਕਰਵਾਉਣ ਵਿੱਚ ਸਹਿਯੋਗ ਕਰਨ।ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਮੋਗਾ ਲਕਸ਼ੇ ਗੁਪਤਾ, ਸੁਪਰਡੈਂਟ ਗਰੇਡ-1 ਜੁਗਿੰਦਰ ਜ਼ੀਰਾ, ਸੁਪਰਡੈਂਟ ਗਰੇਡ-2 ਪ੍ਰਵੀਨ ਕੁਮਾਰ, ਸੁਪਰਡੈਂਟ ਗਰੇਡ-2 ਗੁਰਮੇਲ ਸਿੰਘ, ਸੁਪਰਡੈਂਟ ਗਰੇਡ-2 ਹਰਮੀਤ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਦਲਬੀਰ ਸਿੰਘ ਸਿੱਧੂ, ਜ਼ਿਲ੍ਹਾ ਜਨਰਲ ਸਕੱਤਰ ਸੰਦੀਪ ਕੁਮਾਰ, ਸਮੂਹ ਜ਼ਿਲ੍ਹਾ ਬਾਡੀ ਡੀ. ਸੀ. ਦਫਤਰ ਕਰਮਚਾਰੀ ਯੂਨੀਅਨ, ਮੋਗਾ ਤੇ ਸਮੂਹ ਡੀ. ਸੀ. ਦਫਤਰ ਦੇ ਕਰਮਚਾਰੀ ਸ਼ਾਮਲ ਹੋਏ।ਸੇਵਾ ਮੁਕਤ ਕਰਮੀਆਂ ਨੇ ਜ਼ਿਲ੍ਹਾ ਮੋਗਾ ਦੀ ਤਰੱਕੀ ਲਈ ਆਪਣਾ ਨਿਰੰਤਰ ਯੋਗਦਾਨ ਦੇਣ ਦਾ ਭਰੋਸਾ ਦਿੱਤਾ।

# ਸੀ ਪੀ ਆਈ ਬਲਾਕ ਮੋਗਾ-2 ਦੀ 29 ਨੂੰ ਹੋਵੇਗੀ ਕਾਨਫਰੰਸ : ਕਰਮਵੀਰ ਬੱਧਨੀ, ਜਗਸੀਰ ਖੋਸਾ

### ਜ਼ਿਲ੍ਹੇ ਦੀ ਚੋਣ ਕਾਨਫਰੰਸ 6 ਨੂੰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ 'ਚ ਹੋਵੇਗੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮੋਗਾ-2 ਵੱਲੋਂ 29 ਨਵੰਬਰ ਨੂੰ ਕੀਤੀ ਜਾ ਰਹੀ ਬਲਾਕ ਕਾਨਫਰੰਸ ਦੀ ਤਿਆਰੀ ਵਜੋਂ ਵੱਖ ਵੱਖ ਪਿੰਡਾਂ ਵਿੱਚ ਪਾਰਟੀ ਦੀਆਂ ਇਕਾਈਆਂ ਦੀਆਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ।ਦੌਲਤਪੁਰਾ ਉੱਚਾ, ਮਹੇਸ਼ਰੀ, ਦੌਲਤਪੁਰਾ ਨੀਵਾਂ, ਖੋਸਾ ਪਾਂਡੋ ਤੇ ਸੱਦਾ ਸਿੰਘ ਵਾਲਾ ਆਦਿ ਪਿੰਡਾਂ ਦੀਆਂ ਇਕਾਈਆਂ ਦੀਆਂ ਚੋਣਾਂ ਕਰਵਾਉਣ ਮੌਕੇ ਸੰਬੋਧਨ ਕਰਦਿਆਂ ਪਾਰਟੀ ਦੇ ਬਲਾਕ ਸਕੱਤਰ ਸ਼ੇਰ ਸਿੰਘ ਦੌਲਤਪੁਰਾ, ਨੌਜਵਾਨ ਆਗੂ ਕਰਮਵੀਰ ਕੌਰ ਬੱਧਨੀ ਤੇ ਟਰੇਡ ਯੂਨੀਅਨ ਆਗੂ ਜਗਸੀਰ ਖੋਸਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਜਿਹੜੀਆਂ ਕਿ ਕਿਰਤੀਆਂ ਦਾ ਹਰ ਪੱਖ ਤੋਂ ਕਚੂੰਮਰ ਕੱਢ ਉਨ੍ਹਾਂ ਲੋਕ ਵਿਰੋਧੀ ਨੀਤੀਆਂ ਦਾ ਬਦਲ ਸਿਰਫ ਤੇ ਸਿਰਫ ਕਮਿਊਨਿਸਟ ਪਾਰਟੀ ਦੇ ਮਾਰਕਸਵਾਦੀ ਫਲਸਫੇ 'ਤੇ ਪਹਿਰਾ ਦੇ ਕੇ ਹੀ ਦਿੱਤਾ ਜਾ ਸਕਦਾ ਹੈ।ਲੋਕਾਂ ਤੋਂ ਵੱਖ ਵੱਖ ਤਰੀਕਿਆਂ ਨਾਲ ਰੁਜ਼ਗਾਰ ਖੋਹ ਕੇ ਉਨ੍ਹਾਂ ਨੂੰ ਬੇਰੁਜ਼ਗਾਰੀ ਦੀ ਡੂੰਘੀ ਖਾਈ ਵਿੱਚ ਸੁੱਟ ਰਹੀਆਂ ਸਰਮਾਏਦਾਰੀ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਣਾ ਓਨਾ ਹੀ ਜ਼ਰੂਰੀ ਹੈ, ਜਿੰਨਾ ਕਿ ਹਰ ਇੱਕ ਨੂੰ ਉਸ ਦੀ ਯੋਗਤਾ ਮੁਤਾਬਿਕ ਕੰਮ ਤੇ ਕੰਮ ਮੁਤਾਬਿਕ ਉਜ਼ਰਤ ਦੀ ਗਾਰੰਟੀ ਵਾਲਾ ਸਮਾਜਵਾਦੀ ਪ੍ਰਬੰਧ ਸਿਰਜਣਾ।ਉਨ੍ਹਾਂ ਆਪਣੇ ਬਰਾਂਚ ਆਗੂਆਂ ਨੂੰ ਇਸ ਦੀ ਪ੍ਰਾਪਤੀ ਲਈ ਲਾਮਬੰਦੀ ਤੇਜ਼ ਕਰਨ ਦਾ ਸੱਦਾ ਦਿੱਤਾ।ਆਗੂਆਂ ਨੇ ਦੱਸਿਆ ਕਿ ਮੋਗਾ ਜ਼ਿਲ੍ਹੇ ਦੀ ਚੋਣ ਕਾਨਫਰੰਸ 6 ਦਸੰਬਰ 2025 ਨੂੰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਜਾ ਰਹੀ ਹੈ।

## ਰਾਣਾ ਸੋਢੀ ਦੀਆਂ ਕੋਸ਼ਿਸ਼ਾਂ ਸਦਕਾ ਫਿਰੋਜ਼ਪੁਰ-ਨਵੀਂ ਦਿੱਲੀ ਵਿਚਾਲੇ ਸ਼ੁਰੂ ਹੋਈ ਇਕ ਹੋਰ ਰੇਲ ਗੱਡੀ

### *ਫਿਰੋਜ਼ਪੁਰ ਦੇ ਅਸਲ ਵਿਕਾਸ 'ਚ ਕੋਈ ਕਮੀ ਨਹੀਂ ਛੱਡੀ ਜਾਵੇਗੀ : ਰਾਣਾ ਸੋਢੀ*



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਭਾਰਤੀ ਜਨਤਾ ਪਾਰਟੀ ਕੇਂਦਰੀ ਕਾਰਜਕਾਰਨੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਦੀਆਂ ਕੋਸ਼ਿਸ਼ਾਂ ਸਦਕਾ ਫਿਰੋਜ਼ਪੁਰ-ਨਵੀਂ ਦਿੱਲੀ ਵਿਚਾਲੇ ਇਕ ਹੋਰ ਰੇਲ ਕਨੈਕਟਵਟੀ ਦਾ ਸੁਪਨਾ ਅੱਜ ਪੂਰਾ ਹੋ ਗਿਆ ਹੈ।ਨਵੀਂ ਦਿੱਲੀ ਤੋਂ ਮੋਗਾ ਤੱਕ ਹਫਤੇ ਵਿੱਚ ਦੋ ਵਾਰ ਚੱਲਣ ਵਾਲੀ ਇੰਟਰਸਿਟੀ ਐਕਸਪ੍ਰੈੱਸ ਨੂੰ ਰੇਲ ਵਿਭਾਗ ਨੇ ਸੋਮਵਾਰ ਤੋਂ ਫਿਰੋਜ਼ਪੁਰ ਤੱਕ ਵਿਸਤਾਰਤ ਕਰ ਦਿੱਤਾ ਹੈ।ਰੇਲਗੱਡੀ ਨੂੰ ਫਿਰੋਜ਼ਪੁਰ ਤੋਂ ਰਵਾਨਾ ਕਰਨ ਮੌਕੇ ਰਾਣਾ ਸੋਢੀ ਨੇ ਕਿਹਾ ਕਿ ਕੇਂਦਰੀ ਰੇਲ ਮੰਤਰੀ ਤੇ ਕੇਂਦਰੀ ਰੇਲ ਰਾਜ ਮੰਤਰੀ ਦੇ ਨਾਲ ਮਿਲ ਕੇ ਉਹ ਫਿਰੋਜ਼ਪੁਰ ਨੂੰ ਸਾਰੇ ਦੇਸ਼ ਦੇ ਧਾਰਮਿਕ ਤੇ ਪ੍ਰਮੁੱਖ ਸ਼ਹਿਰਾਂ ਨਾਲ ਸਿੱਧੀ ਰੇਲ ਸੇਵਾ ਨਾਲ ਜੋੜਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ।ਇਨ੍ਹਾਂ ਕੋਸ਼ਿਸ਼ਾਂ ਸਦਕਾ ਹੁਣ ਤੱਕ ਫਿਰੋਜ਼ਪੁਰ ਤੋਂ ਸ਼੍ਰੀ ਹਜ਼ੂਰ ਸਾਹਿਬ, ਹਰਿਦੁਆਰ ਲਈ ਹਫਤਾਵਾਰੀ ਰੇਲਗੱਡੀਆਂ, ਫਿਰੋਜ਼ਪੁਰ ਤੋਂ ਦਿੱਲੀ ਤੱਕ ਵੰਦੇ ਭਾਰਤ ਸੁਪਰਫਾਸਟ ਐਕਸਪ੍ਰੈੱਸ ਸ਼ੁਰੂ ਕਰਵਾਈਆਂ ਜਾ ਚੁੱਕੀਆਂ ਹਨ। ਲੋਕਾਂ ਦੀ ਮੰਗ ਨੂੰ ਦੇਖਦੇ ਹੋਏ ਨਵੀਂ ਦਿੱਲੀ ਤੋਂ ਮੋਗਾ ਤੱਕ ਚੱਲਣ ਵਾਲੀ ਇੰਟਰਸਿਟੀ ਐਕਸਪ੍ਰੈੱਸ ਨੂੰ ਵਿਸਤਾਰਤ ਕਰਵਾ ਕੇ ਫਿਰੋਜ਼ਪੁਰ ਤੱਕ ਕਰਵਾ ਦਿੱਤਾ ਗਿਆ ਹੈ, ਜੋ ਹਰ ਸੋਮਵਾਰ ਤੇ ਸ਼ੁੱਕਰਵਾਰ ਬਾਅਦ ਦੁਪਹਿਰ 3.30 ਵਜੇ ਫਿਰੋਜ਼ਪੁਰ ਤੋਂ ਰਵਾਨਾ ਹੋਇਆ ਕਰੇਗੀ।ਸੋਢੀ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦ ਸਾਡਾ ਇਲਾਕਾ ਜੰਮੂ ਤੋਂ ਮੁੰਬਈ ਤੱਕ ਸਾਰੇ ਦੇਸ਼ ਨੂੰ ਸਪੈਸ਼ਲ ਰੇਲ ਕੋਰੀਡੋਰ ਪ੍ਰਦਾਨ ਕਰੇਗਾ।ਰੇਲਗੱਡੀ ਰਵਾਨਾ ਕਰਨ ਮੌਕੇ ਮੰਡਲ ਦੇ ਅਧਿਕਾਰੀ ਆਦਿ ਮੌਜੂਦ ਸਨ।

## ਪੰਡੋਰੀ ਨੇ 5 ਲਿੰਕ ਸੜਕਾਂ ਦੇ ਕੰਮਾਂ ਦਾ ਨੀਂਹ ਪੱਥਰ ਰੱਖਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਹਲਕਾ ਮਹਿਲ ਕਲਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ।ਆਉਂਦੇ ਦਿਨਾਂ ਚ ਵਿਕਾਸ ਕਾਰਜਾਂ ਦੀ ਮੁਹਿੰਮ 'ਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਇਹ ਪ੍ਰਗਟਾਵਾ ਵਿਸ਼ੇਸ਼ ਅਧਿਕਾਰ ਕਮੇਟੀ ਵਿਧਾਨ ਸਭਾ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਹਲਕਾ ਵਿਧਾਇਕ ਨੇ ਹਲਕੇ ਵਿਚ 4.36 ਕਰੋੜ ਦੀ ਲਾਗਤ ਵਾਲੀਆਂ 22.80 ਕਿਲੋਮੀਟਰ ਲੰਬਾਈ ਦੀਆਂ 5 ਲਿੰਕ ਸੜਕਾਂ ਦੇ ਕੰਮਾਂ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਵਿਧਾਇਕ ਪੰਡੋਰੀ ਨੇ ਕਿਹਾ ਕਿ ਪੱਖੋਂ ਤੋਂ ਬਖ਼ਤਗੜ੍ਹ, ਬਖ਼ਤਗੜ੍ਹ ਤੋਂ ਰਾਏਸਰ, ਠੀਕਰੀਵਾਲ ਤੋਂ ਵਜੀਦਕੇ ਕਲਾਂ, ਫ਼ਿਰਨੀ ਤੋਂ ਪਿੰਡ ਨਾਈਵਾਲਾ, ਚੀਮਾ ਤੋਂ ਨਾਈਵਾਲਾ ਸੜਕਾਂ ਦੇ ਮੁਰੰਮਤ ਦਾ ਕੰਮ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮਹਿਲ ਕਲਾਂ ਹਲਕੇ 'ਚ ਕਰੋੜਾਂ ਰੁਪਏ ਖ਼ਰਚ ਕੇ ਵਿਕਾਸ ਕਾਰਜ ਕਰਵਾਏ ਗਏ ਹਨ ਤੇ ਆਉਂਦੇ ਸਮੇਂ ਵੀ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਰਹਿਣਗੇ।

## 31ਵੇਂ ਬਾਲ ਮੇਲੇ ਦਾ ਅਗਾਜ਼ ਧੂਮ-ਧਾਮ ਨਾਲ ਕੀਤਾ




**ਸੰਗਰੂਰ (ਪ੍ਰਵੀਨ ਸਿੰਘ)**-ਸੰਗਰੂਰ ਕਲਾਂ ਕੇਂਦਰ ਤੇ ਰੰਗਸ਼ਾਲਾ ਦੇ ਡਾਇਰੈਕਟਰ ਯਸ਼ ਦੀ ਅਗਵਾਈ 'ਚ 31ਵੇਂ ਰਜਿੰਦਰ ਸਿੰਘ ਜਰਨਲਿਸਟ ਮੈਮੋਰੀਅਲ ਬਾਲ ਮੇਲੇ ਦਾ ਅਗਾਜ ਰਾਮ ਵਾਟਿਕਾ ਬੱਘੀਖਾਨਾ ਦੇ ਮੰਚ 'ਤੇ ਕੀਤਾ ਗਿਆ।ਇਸ ਦੌਰਾਨ ਗੁਰਪਿੰਦਰ ਸਿੰਘ ਸੰਧੂ, ਪੂਨਮ ਗਰਗ ਸੰਤੋਸ਼ ਗਰਗ ਨੇ ਜੋਤੀ ਜਗਾ ਕੇ ਮੇਲੇ ਦਾ ਉਦਘਾਟਨ ਕੀਤਾ।ਬਾਲ ਮੇਲੇ ਵਿੱਚ ਵੱਖ-ਵੱਖ ਸਕੂਲਾਂ ਤੇ ਅਕੈਡਮੀਆਂ ਦੇ 600 ਦੇ ਕਰੀਬ ਬੱਚਿਆਂ ਨੇ ਭਾਗ ਲਿਆ।ਬਾਲ ਮੇਲੇ ਦੇ ਪਹਿਲੇ ਦਿਨ ਗਾਇਨ ਕਲਾ, ਕਲਾਸੀਕਲ ਡਾਂਸ, ਫੋਕ ਡਾਂਸ ਤੇ ਭੰਗੜੇ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਬੱਚਿਆਂ ਨੇ ਖੂਬ ਧਮਾਲਾਂ ਪਾ ਕੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ।ਇਸ ਦੌਰਾਨ ਜੱਜਾਂ ਦੀ ਭੂਮਿਕਾ ਸੁਖਵਿੰਦਰ ਸਿੰਘ ਸੁੱਖੀ, ਮਨਸ਼ਾ ਅਰੋੜਾ, ਜਤਵਿੰਦਰ ਕੌਰ ਗਾਗਾ ਤੇ ਟੋਨੀ ਸੰਧੂ ਨੇ ਕੀਤੀ।ਮੰਚ ਦਾ ਸੰਚਾਲਨ ਸਿਮਰਨ ਅਰੋੜਾ ਤੇ ਮੁਸਕਾਨ ਸ਼ਰਮਾ ਨੇ ਕੀਤਾ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਸਡੀਐਮ ਦੇ ਰੀਡਰ ਮਨਦੀਪ ਸਿੰਘ ਤੇ ਜ਼ਿਲ੍ਹਾ ਪੀ ਸੀ ਆਰ ਇੰਚਾਰਜ ਇੰਸਪੈਕਟਰ ਜੋਗਿੰਦਰ ਸਿੰਘ ਸਨ।

# ਸ਼ਹੀਦੀ ਸ਼ਤਾਬਦੀ ਮੌਕੇ ਗੁ: ਕਰਹਾਲੀ ਸਾਹਿਬ ਵਿਖੇ ਨਗਰ ਕੀਰਤਨ ਸਜਾਇਆ

### 101 ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗਾਂ ਦੀ ਲੜੀ ਦੇ ਭੋਗ ਪਾਏ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਇਤਿਹਾਸਕ ਅਸਥਾਨ ਗੁਰਦੁਆਰਾ ਕਰਹਾਲੀ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਰ ਸਾਲ ਦੀ ਤਰ੍ਹਾਂ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਹੇਠ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਹੈੱਡ ਗ੍ਰੰਥੀ ਭਾਈ ਸਤਪਾਲ ਸਿੰਘ ਵੱਲੋਂ ਨਗਰ ਕੀਰਤਨ ਦੀ ਆਰੰਭਤਾਂ ਮੌਕੇ ਗੁਰੂ ਸਾਹਿਬ ਜੀ ਦੇ ਸਨਮੁਖ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ।ਸਾਲਾਨਾ ਸਮਾਗਮ ਮੌਕੇ ਜਿੱਥੇ ਵੱਡੇ ਇਕੱਠ ਦੇ ਰੂਪ 'ਚ ਸੰਗਤਾਂ ਵੱਲੋਂ ਸ਼ਰਧਾ ਤੇ ਸਤਿਕਾਰ ਭੇਟ ਕੀਤਾ ਗਿਆ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਕੋਰ ਕਮੇਟੀ ਮੈਂਬਰ ਸ੍ਰੋਮਣੀ ਅਕਾਲੀ ਦਲ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਮੈਂਬਰ ਐਸਜੀਪੀਸੀ, ਅਮਰਜੀਤ ਸਿੰਘ ਪੰਜਰਾਥ ਆਦਿ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਸੁਰਜੀਤ ਸਿੰਘ ਗੜ੍ਹੀ ਅੰਤਰਿੰਗ ਕਮੇਟੀ ਮੈਂਬਰ, ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਮੈਂਬਰ ਐਸਜੀਪੀਸੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਸ਼ਹਾਦਤ ਵਿਚੋ ਸਮੁੱਚੀ ਮਨੁੱਖਤਾ ਲਈ ਸ਼ਾਂਤੀ ਅਤੇ ਧਾਰਮਿਕ ਅਜ਼ਾਦੀ ਨਾਲ ਜੀਵਨ ਜਿਊਣ ਦਾ ਸੁਨੇਹਾ ਦੇਖਣ ਨੂੰ ਮਿਲਦਾ ਹੈ, ਇਸ ਲਈ ਸਾਨੂੰ ਗੁਰਬਾਣੀ ਦੀ ਰੌਸ਼ਨੀ ਹੇਠ ਚੱਲ ਕੇ, ਆਪਣਾ ਜੀਵਨ ਬਤੀਤ ਕਰਨ ਦੀ ਜੀਵਨ ਜਾਂਚ ਸਿੱਖਣ ਦੀ ਜ਼ਰੂਰਤ ਹੈ।ਇਹ ਵਿਸ਼ਾਨ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋ ਕੇ ਸਮੁੱਚੇ ਨਗਰ ਕਰਹਾਲੀ ਸਾਹਿਬ ਤੋਂ ਪੜਾਅ ਦਰ ਪੜਾਅ ਅੱਗੇ ਵਧਦਾ ਸ਼ਾਮ ਨੂੰ ਗੁਰਦੁਆਰਾ ਕਾਰਹਾਲੀ ਸਾਹਿਬ ਵਿਖੇ ਸਪੂਰਨ ਹੋਇਆ। ਇਸ ਸਮਾਗਮ ਮੌਕੇ ਚਾਹ ਤੇ ਜਲੇਬੀਆਂ ਦੇ ਅਤੁੱਟ ਲੰਗਰ ਵਰਤਾਏ ਗਏ।

# ਦਿੱਲੀ ਦਰਬਾਰ ਪਹੁੰਚੇ ਲਾਲ ਸਿੰਘ, ਰਾਹੁਲ ਗਾਂਧੀ ਨਾਲ ਮੁਲਾਕਾਤ



ਪਟਿਆਲਾ (ਰਾਜਿੰਦਰ ਸਿੰਘ ਥਿੰਦ) ਸਾਬਕਾ ਖਜ਼ਾਨਾ ਮੰਤਰੀ, ਸਾਬਕਾ ਪੰਜਾਬ ਕਾਂਗਰਸ ਦੇ ਪ੍ਰਧਾਨ ਲਾਲ ਸਿੰਘ ਨੇ ਦਿੱਲੀ ਪਹੁੰਚ ਕੇ ਕਾਂਗਰਸ ਦੇ ਕੌਮੀ ਲੀਡਰ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ।ਸੂਤਰਾਂ ਅਨੁਸਾਰ ਦੋਨੋਂ ਆਗੂਆਂ 'ਚ ਪੰਜਾਬ ਦੀ ਸਿਆਸਤ ਨੂੰ ਲੈ ਕੇ ਗੰਭੀਰ ਚਰਚਾ ਹੋਈ।ਪੰਜਾਬ ਦੀ ਮੌਜੂਦਾ ਕਾਂਗਰਸੀ ਸਿਆਸਤ 'ਚ ਲਾਲ ਸਿੰਘ ਸਭ ਤੋਂ ਪੁਰਾਣੇ ਲੀਡਰ ਹਨ, ਜਿਨ੍ਹਾਂ ਨੇ 1977 ਤੋਂ ਬਾਅਦ ਦੇ ਪੰਜਾਬ ਦੇ ਸਮੁੱਚੇ ਕਾਂਗਰਸੀ ਮੁੱਖ ਮੰਤਰੀਆਂ ਨਾਲ ਬਤੌਰ ਕੈਬਨਿਟ ਮੰਤਰੀ ਕੰਮ ਕੀਤਾ ਹੈ। ਉਨ੍ਹਾਂ ਕੋਲ ਕਾਂਗਰਸੀ ਸਿਆਸਤ ਦਾ 50 ਸਾਲ ਦਾ ਤਜਰਬਾ ਹੈ। ਇਸ ਦੌਰਾਨ ਕਾਂਗਰਸ 'ਚ ਕਈ ਵਾਰ ਭੰਨਤੋੜ ਹੋਈ ਅਤੇ ਕਾਂਗਰਸ 'ਚੋਂ ਨਿਕਲ ਕੇ ਕਈ ਤਿਵਾੜੀ ਕਾਂਗਰਸ, ਕਈ ਐਨ. ਸੀ. ਪੀ. ਵਰਗੀਆਂ ਪਾਰਟੀਆਂ ਬਣੀਆਂ, ਪਰ ਲਾਲ ਸਿੰਘ ਇਕ ਅਜਿਹੇ ਲੀਡਰ ਹਨ, ਜੋ ਹਮੇਸ਼ਾ ਗਾਂਧੀ ਪਰਵਾਰ ਦੀ ਅਗਵਾਈ ਵਾਲੀ ਕਾਂਗਰਸ ਨਾਲ ਖੜੇ ਰਹ। ਕਾਂਗਰਸ ਦਾ ਤਰਨਤਾਰਨ ਉਪ ਚੋਣ 'ਚ ਚੌਥੇ ਨੰਬਰ 'ਤੇ ਪਹੁੰਚਣਾ ਕਾਂਗਰਸ ਲਈ ਬੇਹੱਦ ਚਿੰਤਾਜਨਕ ਹੈ।ਮੌਜੂਦਾ ਰਾਜਨੀਤਕ ਵਾਤਾਵਰਣ 'ਚ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬੇਹੱਦ ਦੁੱਖੀ ਹਨ।ਅਕਾਲੀ ਦਲ ਫਿਰ ਤੋਂ ਖੜਾ ਹੋਣ ਲਈ ਬਹੁਤ ਜ਼ੋਰ ਲਾ ਰਿਹਾ ਹੈ, ਪਰ ਅਜੇ ਤੱਕ ਉਸ ਨੂੰ ਸਫਲਤਾ ਨਹੀਂ ਮਿਲੀ, ਜਦੋਂ ਕਿ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਲਗਾਤਾਰ ਅਜਿਹੇ ਫੈਸਲੇ ਕੀਤੇ ਜਾ ਰਹੇ ਹਨ, ਜਿਸ ਕਾਰਨ ਪੰਜਾਬ 'ਚ ਉਸ ਦਾ ਸਿਆਸੀ ਨੁਕਸਾਨ ਹੋ ਜਾਂਦਾ ਹੈ।ਅਜਿਹੇ 'ਚ ਲਾਲ ਸਿੰਘ ਵਰਗੇ ਆਗੂਆਂ ਦਾ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨਾ ਸਪੱਸ਼ਟ ਕਰਦਾ ਹੈ ਕਿ ਕਾਂਗਰਸ ਪਾਰਟੀ ਪੰਜਾਬ ਨੂੰ ਲੈ ਕੇ ਬੇਹੱਦ ਗੰਭੀਰ ਹੈ।

# ਲੋਕਾਂ ਨੂੰ ਗੁੰਮਰਾਹ ਕਰਕੇ ਧੱਕੇ ਨਾਲ ਭਰਾਏ ਜਾਂਦੇ ਸਨ ਪਾਣੀ ਤੇ ਸੀਵਰੇਜ ਦੇ ਬਿੱਲ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨਗਰ ਕੌਂਸਲ ਘੰਟਾਘਰ ਦੀ ਪੰਡ ਜੋ ਹਰ ਸਮੇਂ ਸੁਰਖੀਆਂ ਵਿੱਚ ਰਹਿੰਦੀ ਹੈ।ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ 'ਚ 125 ਗਜ਼ ਤੋਂ ਹੇਠਾਂ ਵਾਲਾ ਪਲਾਟਾਂ/ਮਕਾਨਾਂ ਦੇ ਪਾਣੀ ਤੇ ਸੀਵਰੇਜ ਦੇ ਬਿਲ ਮਾਫ ਕਰ ਦਿੱਤੇ ਸਨ।ਉਸ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਦੀਆਂ ਸਰਕਾਰ ਨੇ 125 ਗਜ ਦੇ ਪਲਾਟਾਂ/ਮਕਾਨਾਂ ਦੇ ਬਿਲਾਂ ਬਦਲਾਅ ਕੀਤਿਆਂ ਪਾਣੀ ਤੇ ਸੀਵਰੇਜ ਬਿੱਲਾਂ ਦੇ ਨਾਲ-ਨਾਲ ਹਰ ਪ੍ਰਕਾਰ ਦੇ ਮੂਲ ਰਕਮ, ਵਿਆਜ ਸਮੇਤ ਜੁਰਮਾਨਿਆਂ ਸਭ ਮਾਫ ਕਰ ਦਿੱਤੇ ਸਨ।ਇਸ ਦੇ ਬਾਵਜੂਦ ਨਗਰ ਕੌਂਸਲ ਵੱਲੋਂ ਖੱਕੇ ਨਾਲ 125 ਗਜ ਤੋਂ ਹੇਠਾਂ ਵਾਲੇ ਮਕਾਨਾਂ ਦੇਣ ਬਿਲ ਭਰਾਏ ਜਾ ਰਿਹਾ ਸਨ।ਜਦੋਂ ਕੋਈ ਵਿਅਕਤੀ ਮਕਾਨ ਜਾਂ ਪਲਾਟ ਦੀ ਰਜਿਸਟਰੀ ਜਾਂ ਹੋਰ ਲੋੜ ਲਈ ਐਨ.ਓ.ਸੀ. ਲੈਣ ਲਈ ਨਗਰ ਕੌਂਸਲ ਦਫਤਰ ਆਉਂਦਾ ਤਾਂ ਉਸ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਉਸ ਤੋਂ ਧੱਕੇ ਨਾਲ ਪੈਸੇ ਭਰਾਏ ਜਾਂਦੇ ਸਨ।ਇਥੇ ਤੱਕ ਕਿ ਕਿਸੇ ਵੱਲੋਂ ਨੂੰ ਗੁੰਮਰਾਹ ਕੀਤਾ ਜਾਂਦਾ ਸੀ, ਜੇਕਰ ਕੋਈ ਵਿਅਕਤੀ ਕਹਿੰਦਾ ਮੇਰਾ ਕੋਲ ਤਾਂ ਸਿਰਫ 70 ਗਜ ਜਗ੍ਹਾ ਹੈ, ਐਗੇਂ ਕਮੇਟੀ ਵਾਲੇ ਕਹਿਦੇ ਤੇਰੇ ਤਾਂ ਚੁਬਾਰੇ ਪਾਏ ਹੋਏ ਹਨ।ਥਣ ਗਲੀ ਨਾ 140 ਗਜ ਜਗ੍ਹਾ।ਇਹ ਕਹਿ ਕੇ ਪੈਸੇ ਭਰਾਏ ਜਾਂਦੇ ਸਨ। ਜੇਕਰ ਕੋਈ ਵਿਅਕਤੀ ਕਿਸੇ ਲੀਡਰ, ਜੇ.ਈ ਜਾਂ ਈ.ਓ. ਕੋਲ ਜਾਂਦਾ, ਸਭ ਇਹੀ ਕਹਿੰਦੇ ਸਨ ਇਹ ਪੈਸੇ ਤਾਂ ਭਰਨੇ ਪੈਣਗੇ।ਜਿਸ ਦੀ ਮਿਸਾਲ ਹੁਣ ਤੋਂ ਥਾਈ ਸਾਲ ਪਹਿਲਾਂ ਕਾਂਗਰਸ ਦੇ ਸਾਬਕਾ ਸ਼ਹਿਰੀ ਪ੍ਰਧਾਨ ਬਜ਼ੁਰਗ ਦਰਸ਼ਨ ਬਾਂਸਲ, ਜਿਸ ਕੋਲ 100 ਗਜ ਤੋਂ ਹੇਠਾਂ ਮਕਾਨ ਸੀ, ਉਸ ਨੇ ਐਨ.ਓ.ਸੀ ਲੈਣੀ ਸੀ, ਉਸ ਕੋਲ 24 ਹਜ਼ਾਰ ਦੇ ਕਰੀਬ ਰੁਪਏ ਕੱਢ ਦਿੱਤਾ ਤਾਂ ਉਸ 'ਤੇ ਧੱਕੇ ਨਾਲ ਪੈਸਾ ਭਰਾਉਣ ਦਾ ਦਬਾਅ ਪਾਇਆ ਗਿਆ।ਉਸ ਨੇ ਕਿਹਾ ਕਿ ਜਦੋਂ ਮੈਂ ਕੋਈ ਸਿਫਾਰਸ਼ ਲੈ ਕੇ ਜਾਂਦਾ ਹਾਂ ਤਾਂ ਦਫਤਰ ਵਾਲੇ ਮੇਰੇ ਨਾਲ ਹਰ ਵਾਰ ਦੀ ਦੁਰਵਿਹਾਰ ਕਰਦੇ ਹਨ।ਜਦੋਂ ਇਹ ਸਾਰਾ ਮਾਮਲਾ ਪੱਤਰਕਾਰ ਦੇ ਧਿਆਨ ਵਿੱਚ ਲਿਆਂਦਾ ਤਾਂ ਉਸ ਨੇ ਇਹ ਸਾਰਾ ਮਾਮਲਾ ਐੱਮ ਡੀ ਐਮ ਦੇ ਧਿਆਨ ਵਿੱਚ ਲਿਆ ਕੇ ਪੰਜਾਬ ਸਰਕਾਰ ਦੇ ਪਾਣੀ/ਸੀਵਰੇਜ ਬਿਲ ਮਾਫੀ ਵਾਲਾ ਨੋਟੀਫਿਕੇਸ਼ਨ ਵਿਖਾਇਆ ਤਾਂ ਐਸ ਡੀ ਐਮ ਨੇ ਕਿਹਾ ਇਸ ਮੁਤਾਬਕ ਤਾਂ ਇਕ ਵੀ ਪੈਸਾ ਨਹੀਂ ਭਰਾ ਸਕਦੇ। ਉਨ੍ਹਾਂ ਤੁਰੰਤ ਸ਼ਸ.ਈ.ਓ. ਨਗਰ ਕੌਂਸਲ ਨੂੰ ਕਿਹਾ ਕਿ ਦਰਸ਼ਨ ਬਾਂਸਲ ਨੂੰ ਬਿਨਾਂ ਪੈਸੇ ਭਰਾਏ ਹੁਣੇ ਐਨ.ਓ.ਸੀ ਜਾਰੀ ਕੀਤਾ ਜਾਵੇ। ਹੁਣ ਸੋਚਣ ਵਾਲੀ ਗੱਲ ਹੈ ਜੇ ਦਰਸ਼ਨ ਬਾਂਸਲ ਉਪਰਲਾ ਨਾ ਕਰਦਾ ਉਸਨੂੰ 24 ਹਜ਼ਾਰ ਰੁਪਏ ਦਾ ਚੂਨਾ ਲੱਗ ਜਾਣਾ ਸੀ। ਚਾਰ ਥੋਦਿਆ ਦਾ ਬਣ ਗਿਆ ਇਕ ਲੱਖ ਰੁਪਏ ਦੇ ਕਰੀਬ ਜੇ ਹੁਣ ਤੱਕ ਦਾ ਹਿਸਾਬ ਲਾਈਏ ਤਾਂ ਇਹ ਕਰੋੜਾਂ ਵਿੱਚ ਬਣਦਾ ਹੈ।ਇਸ ਘੁੰਟਾਲਿਆਂ ਦੀ ਪੰਡ ਨੂੰ ਸ਼ਹਿਰ ਦੇ ਚੁਰਾਹੇ ਵਿੱਚ ਖੋਲ੍ਹ ਦਿੱਤਾ ਜਾ ਸਕਦਾ ਹੈ ਸ਼ਹਿਰ ਵਾਸੀਆਂ ਦੇ ਹੋਰ ਉਸ ਕੀਤੇ ਗਏ, ਜਿਨ੍ਹਾਂ ਲੋਕਾਂ ਨੇ ਐਨ.ਓ.ਸੀ. ਲੈਣ ਲਈ ਨਗਰ ਕੌਂਸਲ ਦਫਤਰ ਵਿੱਚ ਪੈਸੇ ਭਰੇ ਸਨ, ਉਨ੍ਹਾਂ ਦਾ ਦਫਤਰ ਵਿੱਚ ਕੋਈ ਰਿਕਾਰਡ ਨਹੀਂ ਹੈ।ਰਜਿਸਟਰ ਤੱਕ ਗਾਇਬ ਹਨ।ਜ਼ਾਹਰ ਹੈ ਈ.ਓ. ਨਗਰ ਕੌਂਸਲ ਕਹਿ ਰਹੇ ਹਨ ਕਿ ਇਸ ਸਬੰਧ ਵਿੱਚ ਦੇ ਆਊਟਸੋਰਸ ਮੁਲਾਜ਼ਮਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ, ਇੱਕ ਮੁਲਾਜ਼ਮ ਨੂੰ ਸਸਪੈਂਡ ਕਰ ਦਿੱਤਾ ਹੈ ਤੇ ਇਕ ਮੁਲਾਜ਼ਮ ਨੂੰ ਸ਼ੋਅ ਕਾਜ਼ ਜਾਰੀ ਕਰ ਦਿੱਤਾ ਹੈ। ਇਸ ਦੀ ਜਾਂਚ ਤਾਂ ਈ.ਡੀ ਵਰਗੀ ਏਜੰਸੀ ਤੋਂ ਕਰਵਾਈ ਜਾਵੇ। ਇਥੇ ਹੋਰ ਵੀ ਵੱਡੇ ਘੋਟਾਲੇ ਨਿਕਲ ਸਕਦੇ ਹਨ।

# ਜੈ ਨਗਰ (ਦੇਵੀਗੜ੍ਹ) 'ਚ ਗੰਦੇ ਪਾਣੀ ਦੀ ਨਿਕਾਸੀ ਬੰਦ ਹੋਣ ਕਾਰਨ ਰਾਹਗੀਰ ਪ੍ਰੇਸ਼ਾਨ



ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ) ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਪਿੰਡ ਜੈ ਨਗਰ ਵਿਖੇ ਗੰਦੇ ਪਾਣੀ ਦੀ ਨਿਕਾਸੀ ਦਾ ਬੁਰਾ ਹਾਲ ਹੈ, ਜਿਸ ਕਰਕੇ ਪਿੰਡ ਦੀਆਂ ਬਹੁਤ ਸਾਰੀਆਂ ਨਾਲੀਆਂ ਵਿਚ ਨਿਕਾਸੀ ਨਾ ਹੋਣ ਕਰਕੇ ਗੰਦਾ ਪਾਣੀ ਸੜਕ ਵਿਚ ਪਏ ਟੋਇਆਂ ਵਿਚ ਇਹ ਪਾਣੀ ਖੜ ਜਾਂਦਾ ਹੈ, ਜਿਸ ਕਰਕੇ ਪਿੰਡ ਵਾਸੀਆਂ ਨੂੰ ਆਉਣ-ਜਾਣ ਬੜਾ ਮੁਸ਼ਕਲ ਹੋ ਰਿਹਾ ਹੈ।ਪਿੰਡ ਰੁੜਕੀ ਬੁੱਧ ਸਿੰਘ ਦੇ ਸਮਾਜ ਸੇਵੀ ਅਤੇ ਸੀਨੀਅਰ ਆਗੂ ਮਨਜਿੰਦਰ ਸਿੰਘ ਸੰਧਰ ਤੇ ਹੋਰ ਪਿੰਡ ਵਾਸੀਆਂ ਤੇ ਰਾਹਗੀਰਾਂ ਨੇ ਦੱਸਿਆ ਹੈ ਕਿ ਇਹ ਪਿੰਡ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦਾ ਹੈ, ਪਰ ਨਗਰ ਪੰਚਾਇਤ ਨੇ ਇਸ ਪਿੰਡ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਹੱਲ ਨਹੀਂ ਕੀਤਾ।ਪਿੰਡ ਦੀਆਂ ਬਹੁਤ ਸਾਰੀਆਂ ਗਲੀਆਂ ਨਾਲੀਆਂ ਵਿਚ ਗੰਦੇ ਪਾਣੀ ਦੀ ਨਿਕਾਸੀ ਬੰਦ ਪਈ ਹੈ, ਜਿਸ ਕਰਕੇ ਗੰਦਾ ਪਾਣੀ ਓਵਰਫਲ ਹੋ ਕੇ ਪਿੰਡ ਦੀਆਂ ਗਲੀਆਂ ਤੇ ਬਹਿਰੂ ਨੂੰ ਜਾਂਦੀ ਮੇਨ ਸੜਕ ਵਿਚ ਖੜ੍ਹ ਜਾਂਦਾ ਹੈ, ਜਿਸ ਕਰਕੇ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਗਲੇ ਪਿੰਡਾਂ ਨੂੰ ਜਾਣ ਵਾਲੇ ਰਾਹਗੀਰਾਂ ਨੂੰ ਇਥੋਂ ਦੀ ਲੰਘਣਾ ਬਹੁਤ ਮੁਸ਼ਕਲ ਹੋਇਆ ਪਿਆ ਹੈ।ਉਨ੍ਹਾਂ ਕਿਹਾ ਕਿ ਦੇਵੀਗੜ੍ਹ ਤੋਂ ਪਿੰਡ ਜੈਨਗਰ ਤੋਂ ਬਹਿਰੂ ਨੂੰ ਜਾਂਦੀ ਸੜਕ ਦੇ ਟੋਇਆਂ ਵਾਲੀ ਕੁੱਝ ਜਗ੍ਹਾ 'ਤੇ ਨਗਰ ਪੰਚਾਇਤ ਨੇ ਇੱਟਰ ਲਗਵਿਡ ਟਾਇਲਾਂ ਲਾਈਆਂ ਸਨ, ਪਰ ਇਸ ਵੱਲੋਂ ਉਹ ਵੀ ਉਖੜ ਗਈਆਂ ਹਨ, ਜਿਸ ਕਾਰਨ ਕਈ ਹਾਦਸੇ ਵੀ ਵਾਪਰ ਚੁੱਕੇ ਹਨ।ਸੰਧਰ ਨੇ ਕਿਹਾ ਕਿ ਨਗਰ ਪੰਚਾਇਤ ਦੇ ਅਧਿਕਾਰੀ ਇਸ ਪਾਸੇ ਜ਼ਰਾ ਵੀ ਧਿਆਨ ਨਹੀਂ ਦੇ ਰਹੇ, ਜਦੋਂ ਕਿ ਪਿੰਡ ਦੀਆਂ ਮੁਸ਼ਕਲਾਂ ਦਾ ਖਿਆਲ ਰੱਖਣਾ ਨਗਰ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਆਪ ਸਰਕਾਰ ਦੇ ਨੁਮਾਇੰਦਿਆਂ ਤੋਂ ਮੰਗ ਕੀਤੀ ਹੈ ਕਿ ਉਹ ਇਸ ਪਿੰਡ ਦੀ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਜਲਦ ਹੱਲ ਕਰਾਏ ਤੇ ਦੇਵੀਗੜ੍ਹ ਤੋਂ ਬਹਿਰੂ, ਸਰਸਤੀਗੜ੍ਹ ਨੂੰ ਜਾਂਦੀ ਇਸ ਸੜਕ ਨੂੰ ਬਣਾਇਆ ਜਾਵੇ ਤਾਂ ਜੁ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਕੋਈ ਦਿੱਕਤ ਨਾ ਆਵੇ।

# ਦੇਸ਼ ਭਗਤ ਕਾਲਜ ਟਰੱਸਟ ਨੇ ਵਿਸ਼ਾਲ ਨਗਰ ਕੀਰਤਨ ਸਜਾਇਆ

## ਨਗਰ ਕੀਰਤਨ ਦਾ ਧੂਰੀ ਪ੍ਰੁੱਜਣ 'ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ



ਧੂਰੀ, (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)-ਦੇਸ਼ ਭਗਤ ਕਾਲਜ ਟਰੱਸਟ ਬਰੜਵਾਲ (ਧੂਰੀ) ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਭੈਰੋ ਮਾਜਰਾ ਵਾਲੇ, ਕਾਰ ਸੇਵਾ ਜੱਥਾ, ਦੇਸ਼ ਭਗਤ ਕਾਲਜ ਬਰੜਵਾਲ ਤੇਗ ਟਰੱਸਟ, ਗੁਰੂ ਬਹਾਦਰ ਪਬਲਿਕ ਸਕੂਲ ਬਰੜਵਾਲ ਧੂਰੀ, ਦੇਸ਼ ਭਗਤ ਕਾਲਜ ਬਰੜਵਾਲ ਧੂਰੀ, ਦੇਸ਼ ਭਗਤ ਪੋਲੀਟੈਕਨੀਕਲ ਕਾਲਜ ਬਰੜਵਾਲ, ਦੇਸ਼ ਭਗਤ ਕਾਲਜ ਆਫ ਐਜੂਕੇਸ਼ਨ ਬਰੜਵਾਲ, ਸੰਤ ਬਾਬਾ ਕਰਤਾਰ ਸਿੰਘ ਇਨਫਾਰਮੇਸ਼ਨ ਟੈਕਨੋਲੋਜੀ ਸੈਂਟਰ ਬਰੜਵਾਲ, ਮਾਤਾ ਗੁਜਰੀ ਨਰਸਿੰਗ ਕਾਲਜ ਬੱਬਨਪੁਰ ਧੂਰੀ ਤੇ ਸਮੂਹ ਟਰੱਸਟ, ਸਟਾਫ਼ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਜਾਇਆ ਗਿਆ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਮੂਲੋਵਾਲ ਤੋਂ ਚੱਲ ਕੇ ਪਿੰਡ ਰਣੀਕੇ, ਬੁਗਰਾ, ਰਾਜੋਮਾਜਰਾ, ਕੱਕੜਵਾਲ ਹੁੰਦਾ ਹੋਇਆ ਧੂਰੀ ਪੁੱਜਿਆ, ਜਿੱਥੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ।ਉਪਰੰਤ ਨਗਰ ਕੀਰਤਨ ਸ਼ਹਿਰ ਦੇ ਬੱਸ ਅੱਡਾ ਰੋਡ, ਲੋਹਾ ਬਜ਼ਾਰ ਹੁੰਦਾ ਹੋਇਆ ਪਿੰਡ ਬਰੜਵਾਲ, ਰੁਲਦੂ ਸਿੰਘ ਵਾਲਾ ਤੇ ਬੱਬਨਪੁਰ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਵਿਖੇ ਪੁੱਜ ਕੇ ਸੰਪੂਰਨ ਹੋਇਆ।ਇਸ ਮੌਕੇ ਨਗਰ ਕੀਰਤਨ ਵਿੱਚ ਟਰੱਸਟ ਦੇ ਪ੍ਰਬੰਧਕਾਂ 'ਚ ਸੇਵਾ ਮੁਕਤ ਡੀ.ਆਈ.ਜੀ. ਪਰਮਜੀਤ ਸਿੰਘ ਗਿੱਲ, ਬਲਵੰਤ ਸਿੰਘ ਮੀਮਸਾ, ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਗੁਰਵਿੰਦਰ ਸਿੰਘ ਜੱਗਾ, ਡਾ. ਸੁਖਵਿੰਦਰ ਸਿੰਘ ਧਾਂਦਰਾ, ਪ੍ਰਿੰਸੀਪਲ ਬਲਵੀਰ ਸਿੰਘ, ਪ੍ਰਿੰਸੀਪਲ ਸਤਬੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਤਵੰਤਿਆਂ, ਪਿੰਡਾਂ ਦੇ ਪੰਚਾਂ-ਸਰਪੰਚਾਂ ਤੇ ਸੰਗਤਾਂ ਨੇ ਹਾਜ਼ਰੀ ਲੁਆਈ।

# ਸ਼ਹੀਦੀ ਦਿਵਸ ਮੌਕੇ ਕਰਵਾਏ ਮੁਕਾਬਲਿਆਂ 'ਚ ਸਪ੍ਰਿੰਗ ਸਕੂਲ ਦੇ ਵਿਦਿਆਰਥੀ ਅੱਵਲ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗੁਰਮਿਤ ਐਮੀਨੈਂਸ ਸਕੂਲ ਲੜਕੇ ਬਾਘਾ ਪੁਰਾਣਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਅੰਤਰ ਸਕੂਲ ਯੁਵਕ ਮੇਲਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਨੈਤਿਕ ਸਿੱਖਿਆ, ਇਤਿਹਾਸ, ਸਮਾਜ ਤੇ ਵਾਤਾਵਰਨ ਸਬੰਧੀ ਵਿਸ਼ਿਆਂ ਨੂੰ ਲੈ ਕੇ ਪ੍ਰਤੀਯੋਗਤਾ ਹੋਈ। ਸਪਰਿੰਗ ਫੀਲਡ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਆਪਣੇ ਵਿਚਾਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ, ਜਿਸ ਵਿੱਚ ਜਸ਼ਨੂਰ ਸਿੰਘ ਪੰਜਵੀਂ ਕਲਾਸ, ਸੁਖਨੂਰ ਸਿੰਘ ਤੀਸਰੀ ਕਲਾਸ, ਕਰਨਵੀਰ ਸਿੰਘ ਛੇਵੀਂ ਕਲਾਸ, ਗੁਰਨੂਰ ਸਿੰਘ ਦਸਵੀਂ ਕਲਾਸ, ਸਹਿਜਦੀਪ ਸਿੰਘ ਨੌਵੀਂ ਕਲਾਸ ਸਭ ਬੱਚਿਆਂ ਵਿੱਚੋਂ ਅੱਵਲ ਰਹੇ ਅਤੇ ਇਨ੍ਹਾਂ ਨੇ ਵਿਸ਼ੇਸ਼ ਇਨਾਮ ਪ੍ਰਾਪਤ ਕੀਤੇ।ਇਸ ਮੌਕੇ ਇਨ੍ਹਾਂ ਦਸਤਾਰ ਬੰਦੀ ਦੇ ਮੁਕਾਬਲੇ ਵਿੱਚ ਹਰਜੋਤ ਸਿੰਘ ਪੰਜਵੀਂ ਕਲਾਸ ਸੁੰਦਰ ਦਸਤਾਰ ਹੋਣ 'ਤੇ ਦੂਸਰੇ ਸਥਾਨ 'ਤੇ ਆਇਆ ਤੇ ਰਵਨੀਤ ਕੌਰ ਨੌਵੀਂ ਕਲਾਸ ਨੇ ਦੁਮਾਲਾ ਮੁਕਾਬਲੇ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।ਇਸ ਪ੍ਰੋਗਰਾਮ ਦੀ ਤਿਆਰੀ ਤੇ ਅਗਵਾਈ ਅਧਿਆਪਕ ਹਰਜੀਤ ਸਿੰਘ ਸ਼ਾਹ ਨੇ ਕੀਤੀ।ਸਕੂਲ ਚੇਅਰਮੈਨ ਨਰ ਸਿੰਘ ਬਰਾੜ, ਪ੍ਰਿੰਸੀਪਲ ਬਾਦਿਜੂ ਵਿਜੇ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਹਰਜੀਤ ਸਿੰਘ ਸ਼ਾਹ ਦੀ ਬੱਚਿਆਂ ਨੂੰ ਮਿਹਨਤ ਨਾਲ ਤਿਆਰੀ ਕਰਵਾਉਣ ਦੀ ਪ੍ਰਸ਼ੰਸਾ ਕੀਤੀ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ 'ਚ ਪੁਸਤਕ ਸਮੀਖਿਆ ਸੈਸ਼ਨ



ਸਰਾਲਾ, (ਸੁਰਜੀਤ ਸਿੰਘ) ਵਿਦਿਆਰਥਣਾਂ 'ਚ ਸਿਲੇਬਸ ਦੀ ਪੜ੍ਹਾਈ ਤੋਂ ਇਲਾਵਾ ਉਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਦੇ ਵਿਕਾਸ ਦੇ ਮੰਤਵ ਨਾਲ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ, ਝਾਰ ਸਾਹਿਬ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਸਿੱਖਿਆ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ।ਇਸੇ ਸਿਲਸਿਲੇ ਤਹਿਤ ਆਪਣੇ ਆਪ ਵਿੱਚ ਇੱਕ ਵਿਲੱਖਣ ਪਹਿਲ ਦੀ ਸ਼ੁਰੂਆਤ ਕਰਦਿਆਂ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਸਾਹਿਤ ਦੇ ਨਾਮਵਰ ਲੇਖਕਾਂ ਦੀਆਂ ਪੁਸਤਕਾਂ ਦਾ ਅਧਿਐਨ ਤੇ ਪੁਸਤਕ ਸਮੀਖਿਆ ਸੈਸ਼ਨ ਦਾ ਆਯੋਜਨ ਕੀਤਾ ਗਿਆ।

ਇਸ ਸਮਾਰੋਹ ਦੀ ਅਗਵਾਈ ਪੰਜਾਬੀ ਵਿਭਾਗ ਦੀ ਮੁਖੀ ਡਾ. ਮਹਿਪਿੰਦਰ ਕੌਰ ਨੇ ਕੀਤੀ, ਜਿਨ੍ਹਾਂ ਦੇ ਨਾਲ ਪੰਜਾਬੀ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ ਜਸਵੀਰ ਕੌਰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।ਇਸ ਸੈਸ਼ਨ 'ਚ ਕਾਲਜ ਲਾਇਬ੍ਰੇਰੀ ਦੀ ਇੰਚਾਰਜ ਜਸਪ੍ਰੀਤ ਕੌਰ ਦੀ ਵਿਸ਼ੇਸ਼ ਭੂਮਿਕਾ ਰਹੀ।ਡਾ. ਜਸਵੀਰ ਕੌਰ ਨੇ ਵਿਦਿਆਰਥੀਆਂ ਦੀਆਂ ਪੁਸਤਕਾਂ ਸਮੀਖਿਆਵਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਤਾਬਾਂ ਸਾਨੂੰ ਰਾਹ ਦਿਖਾਉਂਦੀਆਂ ਹਨ ਤੇ ਜਦੋਂ ਇਹਨਾਂ ਮਜਬੂਤ ਹੋਣ ਤਾਂ ਵਿਸ਼ਵਾਸ ਵੀ ਪੱਕਾ ਹੋ ਜਾਂਦਾ ਹੈ।ਐਮ.ਏ. (ਪੰਜਾਬੀ) ਪਹਿਲੇ ਤੇ ਦੂਜੇ ਸਾਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸਾਹਿਤਕ ਰਚਨਾਵਾਂ ਦੀਆਂ ਗੰਭੀਰ ਸਮੀਖਿਆਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿਚ ਅਰਸ਼ਦੀਪ ਕੌਰ ਨੇ ਕਪੂਰ ਸਿੰਘ ਘੁੰਮਣ ਦੀ ਰਚਨਾ 'ਰਾਣੀ ਕੋਕਲਾਂ' ਦੀ, ਰਮਨਦੀਪ ਕੌਰ ਨੇ ਅਜਮੇਰ ਔਲਖ ਦੀ ਰਚਨਾ 'ਝਨਾਅ ਦਾ ਪਾਣੀ' ਦੀ, ਧਰਮਜੀਤ ਕੌਰ ਨੇ ਬਲਵੰਤ ਗਰਗੀ ਦੀ ਰਚਨਾ 'ਲੋਹਾ ਕੁੱਟ' ਦੀ, ਸੰਗੀਤਾ ਅਤੇ ਨਵਦੀਪ ਕੌਰ ਨੇ ਸੋਹਣ ਸਿੰਘ ਸ਼ੀਤਲ ਦੀ ਕਿਤਾਬ 'ਜੁਗ ਬਦਲ ਗਿਆ' ਦਾ ਰਿਵਿਊ ਪੇਸ਼ ਕੀਤਾ। ਜੋਤੀ ਤੇ ਹਰਪ੍ਰੀਤ ਕੌਰ ਨੇ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਪੂਰਨਮਾਸ਼ੀ' ਦੀ, ਇਸੇ ਤਰ੍ਹਾਂ ਹੁਸਨਪ੍ਰੀਤ ਅਤੇ ਅਮਨਪ੍ਰੀਤ ਕੌਰ ਨੇ ਨਾਨਕ ਸਿੰਘ ਦੀ ਕਿਤਾਬ 'ਪਵਿੱਤਰ ਪਾਪੀ' ਦੀ ਸਮੀਖਿਆ ਪੇਸ਼ ਕੀਤੀ। ਪ੍ਰਿੰਸਿਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਿਤਾਬਾਂ ਸਾਨੂੰ ਮਜ਼ਬੂਤ ਸੰਸਕਾਰ ਦੇਂਦੀਆਂ ਹਨ ਤੇ ਇਤਿਹਾਸਕ ਤੇ ਸਮਾਜਿਕ ਪ੍ਰਸੰਗਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

# ਕਿਸਾਨ ਬਲਜਿੰਦਰ ਸਿੰਘ ਵਜੀਦਕੇ ਕਲਾਂ ਨੇ ਪਰਾਲੀ ਨੂੰ ਬਣਾਇਆ ਆਮਦਨ ਦਾ ਸਾਧਨ



ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਪਿੰਡ ਵਜੀਦਕੇ ਕਲਾਂ (ਬਰਨਾਲਾ) ਦੇ ਅਗਾਂਹਵਧੂ ਕਿਸਾਨ ਬਲਜਿੰਦਰ ਸਿੰਘ ਨੇ ਸਬਸਿਡੀ 'ਤੇ ਮਿਲੇ ਬੇਲਰ ਦੀ ਸਹਾਇਤਾ ਨਾਲ ਲਗਭਗ 550 ਏਕੜ ਰਕਬੇ 'ਚੋਂ ਤਕਰੀਬਨ 15000 ਕੁਇੰਟਲ ਪਰਾਲੀ ਇੱਕਠੀ ਕੀਤੀ ਹੈ।ਇਸ ਪਰਾਲੀ ਨੂੰ ਸੁਚੱਜੇ ਢੰਗ ਨਾਲ ਸੰਭਾਲ ਕਰਕੇ ਇਸ ਨੂੰ ਕਮਾਈ ਦਾ ਸਾਧਨ ਬਣਾਇਆ ਗਿਆ ਹੈ, ਜੋ ਹੋਰਨਾਂ ਕਿਸਾਨਾਂ ਲਈ ਇੱਕ ਪ੍ਰੇਰਨਾਦਾਇਕ ਉਦਾਹਰਣ ਹੈ। ਅਗਾਂਹਵਧੂ ਕਿਸਾਨ ਦਾ ਕਹਿਣਾ ਹੈ ਕਿ ਉਹ 4 ਏਕੜ 'ਚ ਖੇਤੀ ਕਰਦਾ ਹੈ।ਉਸ ਨੇ ਪਿਛਲੇ ਕਈ ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਾਈ।ਪਹਿਲਾਂ ਉਹ ਪਰਾਲੀ ਦੀ ਤੂੜੀ ਬਣਾਉਂਦੇ ਸਨ।ਸਾਲ 2018 'ਚ ਉਸ ਨੂੰ ਸੁਪਰਸੀਡਰ 'ਤੇ ਸਬਸਿਡੀ ਮਿਲੀ, ਉਸ ਤੋਂ ਬਾਅਦ ਉਹ ਸੁਪਰਸੀਡਰ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ।ਇਸ ਸਾਲ ਉਸ ਨੂੰ ਬੇਲਰ ਸਬਸਿਡੀ 'ਤੇ ਨਿਕਲਿਆ ਹੈ, ਜਿਸ ਨਾਲ ਉਸ ਨੇ ਆਪਣੇ ਖੇਤ ਦੇ ਨਾਲ-ਨਾਲ ਹੋਰਨਾਂ ਪਿੰਡਾਂ ਦੇ ਕਿਸਾਨਾਂ ਦੇ ਲਗਭਗ 550 ਏਕੜ ਵਿੱਚੋਂ ਲਗਭਗ 15000 ਕੁਇੰਟਲ ਪਰਾਲੀ ਇੱਕੱਠੀ ਕੀਤੀ। ਉਸ ਨੇ ਆਪਣੀ ਜ਼ਮੀਨ 'ਚ ਪਰਾਲੀ ਦਾ ਡੰਪ ਲਾ ਕੇ ਪਰਾਲੀ ਸਟੋਰ ਕੀਤੀ ਹੈ, ਇਸ ਨਾਲ ਪਰਾਲੀ ਸਟੋਰੇਜ ਦਾ ਖਰਚਾ ਘਟਿਆ ਤੇ ਉਹ ਜ਼ਿਆਦਾ ਏਰੀਆ ਕਵਰ ਕਰਕੇ ਜ਼ਿਆਦਾ ਮਾਤਰਾ ਵਿੱਚ ਪਰਾਲੀ ਇੱਕਠੀ ਕਰਕੇ ਜ਼ਿਆਦਾ ਲਾਭ ਹੋਇਆ।ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਕਿਸਾਨ ਬਲਜਿੰਦਰ ਸਿੰਘ ਦੇ ਉੱਦਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਜ਼ਿਲ੍ਹੇ ਦੇ ਕਿਸਾਨ ਜੇਕਰ ਬਲਜਿੰਦਰ ਸਿੰਘ ਵਜੀਦਕੇ ਕਲਾਂ ਵਾਂਗ ਬੇਲਰ, ਰੀਪਰ, ਮਲਚਰ, ਹੈਪੀਸੀਡਰ, ਸੁਪਰ ਸੀਡਰ ਦੀ ਵਰਤੋਂ ਸਮੇਂ ਸਿਰ ਤੇ ਸਹੀ ਤਰੀਕੇ ਨਾਲ ਕਰਨ ਤਾਂ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਇ ਇਸ ਨੂੰ ਪੂੰਜੀ ਵਜੋਂ ਵਰਤ ਕੇ ਆਮਦਨ 'ਚ ਭਾਰੀ ਵਾਧਾ ਕਰ ਸਕਦੇ ਹਨ।

# ਕੁਲੀ, ਗੁਲੀ ਤੇ ਜੁਲੀ ਤੋਂ ਮੁਥਾਜ਼ ਬਜ਼ੁਰਗ ਬਚਨ ਕੌਰ ਦਾ ਪਰਵਾਰ

ਧਰਮਕੋਟ : ਹਲਕੇ ਦੇ ਪਿੰਡ ਕਾਵਾਂ ਵਾਲਾ ਵਿੱਚ ਬਜ਼ੁਰਗ ਮਾਤਾ ਬਚਨ ਕੌਰ ਦਾ ਪਰਵਾਰ ਗੁਰਬਤ ਦਾ ਜੀਵਨ ਹੰਢਾਅ ਰਿਹਾ ਹੈ। ਪਰਵਾਰ ਦੇ ਨਸੀਬ ਹਨੇਰੇ 'ਚ ਗੁਆਚ ਗਏ ਲੱਗਦੇ ਹਨ। ਦੇਸ਼ ਦੀ ਆਜ਼ਾਦੀ ਸਮੇਂ ਕੁਲੀ, ਗੁਲੀ ਅਤੇ ਜੁਲੀ ਦਾ ਲੱਗਿਆ ਨਾਅਰਾ ਇਸ ਪਰਵਾਰ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕ ਸਕਿਆ। ਲੰਘੇ 30 ਵਰ੍ਹਿਆਂ ਤੋਂ ਮਾਤਾ ਬਚਨ ਕੌਰ ਪਿੰਡ ਤੋਂ ਬਾਹਰ ਵਿਰਾਨ ਵਿਚ ਪੰਚਾਇਤ ਦੇ ਇੱਕ ਜ਼ਮੀਨੀ ਟੁਕੜੇ ਵਿਚ ਆਪਣਾ ਜੀਵਨ ਬਿਤਾ ਕਰ ਰਹੀ ਹੈ। ਉਸ ਦੇ ਪਰਵਾਰ ਵਿੱਚ ਇਸ ਵੇਲੇ ਦੋ ਪੁੱਤਰਾਂ ਸਮੇਤ ਕੁੱਲ 10 ਜੀਅ ਹਨ। ਉਨ੍ਹਾਂ ਦਾ ਮਿੱਟੀ ਨਾਲ ਬਣਾਇਆ ਕੱਚਾ ਘਰ ਹੌਲੀ-ਹੌਲੀ ਖੁਰ ਕੇ ਖੰਡਰ ਬਣ ਗਿਆ ਅਤੇ ਹੁਣ ਪਰਵਾਰ ਤਰਪਾਲਾਂ ਦੇ ਬਣਾਏ ਤੰਬੂ-ਨੁਮਾ ਘਰ ਵਿੱਚ ਰਹਿ ਰਿਹਾ ਹੈ। ਪਰਵਾਰ ਬਿਜਲੀ ਅਤੇ ਸਾਫ਼ ਪਾਣੀ ਤੋਂ ਪੂਰੀ ਤਰ੍ਹਾਂ ਵਿਹੂਣਾ ਹੈ। ਸਰਕਾਰੀ ਸਹੂਲਤਾਂ ਨੇ ਅਜੇ ਇਸ ਪਰਵਾਰ ਦੇ ਦਰ ਉੱਤੇ ਦਸਤਕ ਨਹੀਂ ਦਿੱਤੀ । ਦਿਨ ਭਰ ਮਿਹਨਤ-ਮਜ਼ਦੂਰੀ ਕਰਕੇ ਪਰਵਾਰ ਦਾ ਪਾਲਣ ਪੋਸ਼ਣ ਮੁਸ਼ਕਲ ਨਾਲ ਹੋ ਰਿਹਾ ਹੈ। ਮਾਤਾ ਬਚਨ ਕੌਰ ਨੂੰ ਝੋਰਾ ਹੈ ਕਿ ਪਿੰਡ ਦੀ ਪੰਚਾਇਤ ਤੋਂ ਲੈ ਕੇ ਕਿਸੇ ਮੰਤਰੀ ਨੇ ਉਨ੍ਹਾ ਦਾ ਦੁੱਖ ਨਹੀਂ ਜਾਣਿਆ। ਸਿਤਮ ਦੀ ਗੱਲ ਹੈ ਕਿ ਪੰਚਾਇਤ ਪਰਵਾਰ ਤੋਂ ਆਪਣੀ ਜਗ੍ਹਾ ਦੇ ਟੁਕੜੇ ਦਾ ਸਲਾਨਾ ਸੱਤ ਹਜ਼ਾਰ ਰੁਪਏ ਮਾਲੀਆ ਵੀ ਵਸੂਲ ਰਹੀ ਹੈ। ਮਾਤਾ ਦੇ ਦੋ ਪੋਤਰੇ ਕਈ ਕੋਹਾਂ ਦਾ ਪੈਦਲ ਸਫ਼ਰ ਤੈਅ ਕਰਕੇ ਕਮਾਲਕੇ ਸਰਕਾਰੀ ਸਕੂਲ ਪੜ੍ਹਨ ਜਾਂਦੇ ਹਨ। ਬੱਚਿਆਂ ਨੂੰ ਪੜ੍ਹਾਈ ਦਾ ਸ਼ੌਕ ਹੈ, ਪਰ ਪਰਵਾਰ ਦੀ ਆਰਥਕਤਾ ਅੜਿੱਕਾ ਬਣਦੀ ਦਿਖਾਈ ਦੇ ਰਹੀ ਹੈ। ਬੱਚਿਆਂ ਦਾ ਸੁਪਨਾ ਪੜ੍ਹ-ਲਿਖ ਕੇ ਫੌਜ ਜਾਂ ਪੁਲਸ ਵਿੱਚ ਭਰਤੀ ਹੋ ਕੇ ਦੇਸ਼ ਸੇਵਾ ਕਰਨ ਦਾ ਹੈ।

# ਜ਼ਿਲ੍ਹਾ ਪੁਲਸ ਮੁਖੀ ਦੀ ਅਗਵਾਈ ਹੇਠ ਕ੍ਰਾਈਮ ਤੇ ਕਾਨੂੰਨ ਵਿਵਸਥਾ ਦੀ ਸਮੀਖਿਆ ਮੀਟਿੰਗ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਜ਼ਿਲ੍ਹਾ ਪੁਲਸ ਮੁਖੀ ਸ੍ਰੀ ਅਭਿਮੰਨਿਊ ਰਾਣਾ ਵੱਲੋਂ ਜ਼ਿਲ੍ਹੇ ਨੂੰ ਨਸ਼ਾ-ਮੁਕਤ ਬਣਾਉਣ, ਅਪਰਾਧਾਂ 'ਤੇ ਨਕੇਲ ਕੱਸਣ ਅਤੇ ਪਬਲਿਕ ਨੂੰ ਪਾਰਦਰਸ਼ੀ ਤੇ ਜ਼ਿੰਮੇਵਾਰ ਪੁਲਿਸਿੰਗ ਮੁਹੱਈਆ ਕਰਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਇਸ ਸਬੰਧ ਵਿੱਚ ਡੀ.ਪੀ.ਓ. ਵਿਖੇ ਸਾਰੇ ਐਸ.ਪੀ, ਡੀ.ਐਸ.ਪੀ, ਐਸ.ਐਚ.ਓ, ਗਜਟਿਡ ਅਧਿਕਾਰੀ ਤੇ ਯੂਨਿਟ ਇੰਚਾਰਜਾਂ ਨਾਲ ਵਿਸਤ੍ਰਿਤ ਮੀਟਿੰਗ ਕੀਤੀ ਗਈ।

ਉਨ੍ਹਾਂ ਕਿਹਾ ਕਿ ਜਿਲ੍ਹਾ ਪੁਲਿਸ ਦੀ ਕਾਰਗੁਜ਼ਾਰੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਹਰ ਸਬ ਡਿਵੀਜ਼ਨ ਇੰਚਾਰਜ਼ ਨੂੰ ਆਪਣੇ ਕੰਮ ਦੀ ਰੋਜ਼ਾਨਾ ਸਮੀਖਿਆ ਕਰਨੀ ਹੋਵੇਗੀ।ਹਰ ਥਾਣੇ ਨੂੰ ਆਪਣੇ ਇਲਾਕੇ ਵਿੱਚ ਮੌਜੂਦ ਸੰਵੇਦਨਸ਼ੀਲ ਜਗ੍ਹਾ ਦੀ ਲਿਸਟ ਤਿਆਰ ਕਰਕੇ ਹੱਲ ਲਈ ਤੁਰੰਤ ਰਣਨੀਤੀ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ।

ਉਹਨਾਂ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਦਾ ਮੁੱਖ ਟੀਚਾ ਪਬਲਿਕ ਦਾ ਭਰੋਸਾ ਜਿੱਤਣਾ ਤੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨਾ ਹੈ।ਮੀਟਿੰਗ ਵਿੱਚ ਜਿਲ੍ਹਾ ਪੁਲਸ ਮੁਖੀ ਵੱਲੋਂ ਨਸ਼ੇ ਦੇ ਪੂਰਨ ਖਾਤਮੇ ਲਈ ਵਿਸ਼ੇਸ਼ ਰਣਨੀਤੀ ਤਿਆਰ ਕਰਕੇ ਸਾਰੇ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਜਾਰੀ ਕੀਤੇ ਗਏ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ, ਸਪਲਾਇਰਾਂ ਅਤੇ ਨਸ਼ੇ ਦੇ ਗੈਰਕਾਨੂੰਨੀ ਧੰਧੇ ਨਾਲ ਜੁੜੇ ਹਰੇਕ ਵਿਅਕਤੀ ਵਿਰੁੱਧ ਲੜੀਵਾਰ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਨਸ਼ੇ ਦੇ ਮਾਮਲਿਆਂ ਵਿੱਚ ਚੇਨ ਐਨਾਲਿਸਿਸ ਕਰਕੇ ਪੂਰੇ ਨੈੱਟਵਰਕ ਤੱਕ ਪਹੁੰਚਿਆ ਜਾਵੇ।ਉਨ੍ਹਾਂ ਹਦਾਇਤ ਕੀਤੀ ਕਿ ਨਸ਼ਾ ਤਸਕਰੀ ਨਾਲ ਬਣੀ ਗੈਰ-ਕਾਨੂੰਨੀ ਜਾਇਦਾਦ ਦੀ ਪਛਾਣ ਕਰਕੇ ਅਗਲੀ ਕਾਰਵਾਈ ਨੂੰ ਪਹਿਲ ਦਿੱਤੀ ਜਾਵੇ। ਮਹਿਲਾ ਹੈਲਪਲਾਈਨ ਤੇ ਸ਼ਕਤੀ ਹੈਲਪ ਡੈਸਕ ਨੂੰ ਹੋਰ ਮਜ਼ਬੂਤ ਕਰਨ ਤੇ ਜਾਗਰੂਕਤਾ ਕੈਂਪ ਲਗਾਤਾਰ ਜਾਰੀ ਰੱਖਣ ਲਈ ਕਿਹਾ ਗਿਆ।ਅਮਨ-ਕਾਨੂੰਨ ਤੇ ਸਦਭਾਵਨਾ ਕਾਇਮ ਰੱਖਣ ਦੇ ਨਿਰਦੇਸ਼ ਐਸ.ਐਸ.ਪੀ ਸ੍ਰੀ ਅਭਿਮੰਨਿਊ ਰਾਣਾ ਨੇ ਸਾਰੇ ਐਸ.ਪੀ, ਡੀ.ਐਸ.ਪੀ ਅਤੇ ਐਸ.ਐਚ.ਓਜ਼ ਨਾਲ ਕੀਤੀ ਕ੍ਰਾਈਮ ਰਿਵਿਊ ਮੀਟਿੰਗ ਵਿੱਚ ਕਿਹਾ ਕਿ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਲਈ ਹਰ ਅਧਿਕਾਰੀ ਨੂੰ ਆਪਣੀ ਡਿਊਟੀ ਬਖ਼ੂਬੀ ਨਿਭਾਉਣੀ ਹੋਵੇਗੀ।

# ਭਾਜਪਾ ਆਗੂਆਂ ਨੇ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਸੌਂਪਿਆ ਮੰਗ ਪੱਤਰ



ਧੂਰੀ, (ਮੋਹਿਤ ਗਰਗ, ਮਨੋਹਰ ਸੱਗੂ)-ਬੀਤੀ ਸ਼ਾਮ ਸਥਾਨਕ ਭਾਜਪਾ ਆਗੂਆਂ ਨੇ ਡੀ.ਐੱਸ.ਪੀ. ਧੂਰੀ ਰਣਬੀਰ ਸਿੰਘ ਨਾਲ ਐੱਸ.ਐੱਚ.ਓ. ਸਿਟੀ ਧੂਰੀ ਜਸਵੀਰ ਸਿੰਘ ਤੂਰ ਦੀ ਹਾਜ਼ਰੀ 'ਚ ਮੁਲਾਕਾਤ ਕਰਦਿਆਂ ਹਾਦਸਿਆਂ ਦਾ ਕਾਰਨ ਬਣਦੇ ਜਾ ਰਹੇ ਸ਼ਹਿਰ ਦੇ ਕੱਕੜਵਾਲ ਚੌਕ 'ਚ ਟ੍ਰੈਫਿਕ ਲਾਇਟਾਂ ਚਲਾਉਣ ਤੇ ਟ੍ਰੈਫਿਕ ਮੁਲਾਜ਼ਮਾਂ ਦੀ ਗਿਣਤੀ 'ਚ ਵਾਧਾ ਕੀਤੇ ਜਾਣ ਦੀ ਮੰਗ ਕੀਤੀ ਹੈ।ਮੰਗ ਪੱਤਰ 'ਚ ਸ਼ੁਮਾਰ ਮੰਗਾਂ ਬਾਰੇ ਵੇਰਵਾ ਦਿੰਦਿਆਂ ਭਾਜਪਾ ਆਗੂ ਜਸਵਿੰਦਰ ਸਿੰਘ ਰਿਖੀ, ਸੂਬਾਈ ਆਗੂ ਬਰਜੇਸ਼ਵਰ ਗੋਇਲ ਤੇ ਮੰਡਲ ਪ੍ਰਧਾਨ ਅਰੁਣ ਆਰਿਆ ਨੇ ਦੱਸਿਆ ਕਿ ਕੱਕੜਵਾਲ ਚੌਕ ਧੂਰੀ ਵਿੱਚ ਦਿਨ-ਰਾਤ ਚੁਫੇਰੇ ਵਧੇਰੇ ਵਾਹਨ ਚੱਲਣ ਕਰਕੇ ਟ੍ਰੈਫਿਕ ਦੀ ਸਥਿਤੀ ਬਹੁਤ ਗੰਭੀਰ ਬਣੀ ਰਹਿੰਦੀ ਹੈ।ਇਸ ਚੌਕ ਰਾਹੀਂ ਵੱਡੇ ਰਿਹਾਇਸ਼ੀ ਖੇਤਰਾਂ ਦੇ ਨਾਲ ਦਰਜਨਾਂ ਪਿੰਡਾਂ ਦੀ ਆਵਾਜਾਈ ਹੁੰਦੀ ਹੈ।ਇਸ ਰਾਹ ਦੀ ਸਟੇਟ ਹਾਈਵੇਅ ਵਜੋਂ ਮਹੱਤਤਾ ਹੋਣ ਕਰਕੇ ਹਰ ਸਮੇਂ ਭਾਰੀ ਵਾਹਨਾਂ ਦੀ ਆਵਾਜਾਈ ਰਹਿੰਦੀ ਹੈ, ਜਿਸ ਕਾਰਨ ਹਾਦਸਿਆਂ ਦੇ ਵਾਪਰਨ ਦੀ ਸੰਭਾਵਨਾ ਵੀ ਕਾਫੀ ਵਧੀ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਕੱਕੜਵਾਲ ਪੁਲ ਤੇ ਬੱਸ ਸਟੈਂਡ ਰੋਡ ਧੂਰੀ ਵਿਖੇ ਟ੍ਰੈਫਿਕ ਪ੍ਰਬੰਧਨ ਦੀ ਸਥਿਤੀ ਹੋਰ ਵੀ ਚਿੰਤਾਜਨਕ ਹੈ।ਰੇਹੜੀਆਂ ਵਾਲਿਆਂ ਤੇ ਬੇਤਰਤੀਬ ਖੜ੍ਹੇ ਵਾਹਨਾਂ ਕਰਕੇ ਹਰ ਵੇਲੇ ਟ੍ਰੈਫਿਕ ਜਾਮ ਦੀ ਸਥਿਤੀ ਬਣੀ ਰਹਿੰਦੀ ਹੈ।ਇਸ ਨਾਲ ਆਮ ਲੋਕ, ਵਿਦਿਆਰਥੀ, ਵਪਾਰੀ ਤੇ ਐਮਰਜੈਂਸੀ ਸੇਵਾਵਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਮੰਗ ਕੀਤੀ ਕਿ ਕੱਕੜਵਾਲ ਚੌਕ ਵਿਖੇ ਟ੍ਰੈਫਿਕ ਲਾਈਟਾਂ ਫੌਰੀ ਚਾਲੂ ਕੀਤੀਆਂ ਜਾਣ ਜਾਂ ਪੁਲਸ ਮੁਲਾਜ਼ਮਾਂ ਦੀ ਗਿਣਤੀ ਵਧਾਈ ਜਾਵੇ ਤੇ ਕੱਕੜਵਾਲ ਪੁਲ ਨੇੜੇ ਟ੍ਰੈਫਿਕ ਸੁਧਾਰ ਲਈ ਪੱਕੇ ਕਦਮ ਚੁੱਕੇ ਜਾਣ।ਇਸ ਮੌਕੇ ਅਨੀਸ਼ ਗਰਗ, ਮਾਸਟਰ ਮਦਨ ਮੋਹਣ ਕਪੂਰ ਸਮੇਤ ਵੱਡੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ।

# ਕਲਾਸੀਫਾਈਡ ਇਸ਼ਤਿਹਾਰ

## ਨਾਂਅ ਦੀ ਬਦਲੀ

ਮੈਂ, ਨੀਤਿਕਾ ਪੁੱਤਰੀ ਧਰਮਵੀਰ, ਵਾਸੀ ਪਿੰਡ ਵਾੜਾ, ਡਾਕਖਾਨਾ ਲੱਖਣਪਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੈਂ ਆਪਣਾ ਨਾਂਅ ਨੀਤਿਕਾ ਤੋਂ ਬਦਲ ਕੇ ਨਿਤਿਕਾ ਭਰਦਵਾਜ ਰੱਖ ਲਿਆ ਹੈ।

## Change of Name

I Abhishek S/O Manjit Singh R/O Village Dhesian P/O Nainakot Teh And Distt Gurdaspur have change My Name Abhishek to Abhishek Singh And Surname As Singh.

I Shammi Mehra Alias Shashi Mehra S/o Devi Kumar Mehra R/o 263, Fatehgarh Churian Road, Varindavan Garden, Dayanand Nagar Nangli PO. Distt. Punjab Have changed my name from Shammi Mehra Alias Shashi Mehra to Shammi Mehra. All concerned may please note.

I Gurbax Kaur W/o Tarlochan Singh R/o Vill Ramgarh Paniali Khurd PO Kathgarh, Teh. Balachaur, Distt. SBS Nagar Punjab have changed my name to Gurbakhsh Kaur. All please note.

I Manjeet Kaur W/o Jagdish Kumar R/o Ward Mp 4 Bhaddi Road Balachaur, Teh. Balachaur, Distt. SBS Nagar, Punjab have changed my name to Manjit Kaur. All please note.

I, Mohinder Singh S/o Sohan Singh R/o Village Channa Tehsil Ajnala District Amritsar have changed my name to Mahinder Singh.

I, Navneet Kaur W/o Harsimran Singh Deo R/o Bhagat Namdev Avenue, Ajnala, District Amritsar have changed my name from Navneet Kaur to Given name Navneet Surname Kaur.

I, Manjinder Singh s/o Harvinder Singh r/o H.No. 95, Adarsh Nagar, Kartarpur (Rural) Jalandhar-144801, Punjab, India declare that Given name as Manjinder & Surname as Singh. All Please Note.

I, Tirath Kaur w/o Mazor Singh Nahal r/o Vill. Nahal, Po. Basti Guzan, Distt. Jalandhar have changed my name from Tirath Kaur to Tirath Kaur Nahal. All Please Note.

I, Anju w/o Pupesh Kumar r/o H.No.92, Surat Nagar, Near Maqsudan, Jalandhar, Punjab have changed my minor daughter name from Harshita to Harshiita. All Please Note.

I, Kamaljit Singh Lidhar s/o Amrik Singh r/o H.No.24, Raja Garden, Basti Peer Daad Khan, Jalandhar, Punjab. have delete my surname as Kamaljit Singh. All Please Note.

I, Komal D/o Shri Nachhattar Pal R/o Village Khalwara, Po. Pandori Tehsil Phagwara, Distt. Kapurthala, Punjab have changed my name from Komal to Komal Kaur. (Surname as Kaur) All Please Note.

I, Manjot Singh S/o Santokh Singh R/o H.No. 673, Chander Nagar, Batala, District Gurdaspur, Punjab-143505 have changed my name from Manjot Singh to Singh Manjot. That Singh is my Surname and Manjot is Given Name. Concerned Note.

I, Monika W/O Pushpinder Singh, R/o VPO Pur Hiran, Purhiran, Hoshiarpur, Punjab-146111. have changed my name and shall hereafter be Known as Monika Singh.

I, Surjeet Singh S/O kulwant Singh, R/o Jama Rakhia Hithar, Mamdot, Frozepur, Punjab-152023, have changed my name and shall hereafter be Known as Philip. I have changed only my name to my religion.

I, Baljeet Kaur W/o Baldev Singh R/o VPO Nathupur, Distt. Hoshiarpur, Punjab-144202 have changed my name from Baljeet Kaur to Baljit Kaur. All concerned please note.

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ AP30/561 ਜੈ ਰਾਮ ਪੁੱਤਰ ਗੰਗਾ ਰਾਮ, ਵਾਸੀ ਮਹਿਤਪੁਰ ਤੋਂ ਨਾਂਅ ਬਦਲੀ ਕਰਕੇ ਸੁਰਿੰਦਰ ਕੌਰ ਪਤਨੀ ਜੈ ਰਾਮ, ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP01/780 ਪਿਆਰਾ ਸਿੰਘ ਪੁੱਤਰ ਘਨੱਈਆ ਸਿੰਘ, ਵਾਸੀ ਆਦਰਾਮਾਨ ਤੋਂ ਨਾਂਅ ਬਦਲੀ ਕਰਕੇ ਪਵਨਦੀਪ ਸਿੰਘ ਪੁੱਤਰ ਕੁਲਦੀਪ ਸਿੰਘ, ਵਾਸੀ ਆਦਰਾਮਾਨ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP17702 ਗੱਜਣ ਸਿੰਘ ਪੁੱਤਰ ਹਜਾਰਾ ਸਿੰਘ, ਵਾਸੀ ਅਕਬਰਪੁਰ ਤੋਂ ਨਾਂਅ ਬਦਲੀ ਕਰਕੇ ਪਰਮਜੀਤ ਕੌਰ ਪਤਨੀ ਗੁਰਦੀਪ ਸਿੰਘ, ਵਾਸੀ ਬਾਦਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP17/308 ਗੱਜਣ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਅਕਬਰਪੁਰ ਤੋਂ ਨਾਂਅ ਬਦਲੀ ਕਰਕੇ ਸ਼ਰਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ, ਵਾਸੀ ਬਾਦਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP30/472 ਗੱਜਣ ਸਿੰਘ ਪੁੱਤਰ ਹਜਾਰਾ ਸਿੰਘ, ਵਾਸੀ ਅਕਬਰਪੁਰ ਤੋਂ ਨਾਂਅ ਬਦਲੀ ਕਰਕੇ ਸਿਮਰਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ, ਵਾਸੀ ਬਾਦਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP30/125 ਗੱਜਣ ਸਿੰਘ ਪੁੱਤਰ ਹਜਾਰਾ ਸਿੰਘ, ਵਾਸੀ ਅਕਬਰਪੁਰ ਤੋਂ ਨਾਂਅ ਬਦਲੀ ਕਰਕੇ ਸਿਮਰਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਬਾਦਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਲਿਖਤੀ ਦਰਜ ਕਰਵਾ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਪ੍ਰਵੀਨ ਪਤਨੀ ਸੁਖਵਿੰਦਰ, ਵਾਸੀ ਪਿੰਡ ਦਾਖਲਾ, ਡਾਕ: ਸਾਹੋਵਾਲ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143531, ਮੇਰਾ ਛੋਟਾ ਬੇਟਾ ਪ੍ਰਵੇਜ, ਜੋ ਮੇਰੇ ਅਤੇ ਮੇਰੇ ਬਾਕੀ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਰਕੇਸ਼ ਕੁਮਾਰ ਪੁੱਤਰ ਮੰਗਲ ਦਾਸ ਅਤੇ ਬੱਬੂ ਪਤਨੀ ਰਕੇਸ਼ ਕੁਮਾਰ, ਵਾਸੀ ਐੱਮ 2/2418, ਗੁਰੂ ਗੋਬਿੰਦ ਸਿੰਘ ਕਾਲੋਨੀ, ਬਾਹਰਵਾਰ ਗਿਲਵਾਲੀ ਗੇਟ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਪ੍ਰੀਆ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਇਸ ਨੇ ਆਪਣੀ ਮਰਜ਼ੀ ਨਾਲ ਰਾਜੂ ਨਾਲ ਵਿਆਹ ਕਰਵਾ ਲਿਆ ਹੈ। ਸਾਡਾ ਅਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰਮਪ੍ਰੀਤ ਕੌਰ ਵਿਧਵਾ ਗੁਰਸੇਵਕ ਸਿੰਘ, ਵਾਸੀ ਪਿੰਡ ਤਖਤੂਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਸ਼ਰਨ ਸਿੰਘ ਅਤੇ ਉਸ ਦੀ ਪਤਨੀ ਮੁਸਕਾਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗਿਆਨ ਚੰਦ ਪੁੱਤਰ ਬਿਸ਼ੇਸ਼ਰ ਨਾਥ ਵਾਸੀ ਮਕਾਨ ਨੰ: 928/30, ਰਮੇਸ਼ਵਰ ਕਲੋਨੀ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੀਵ ਕੁਮਾਰ, ਉਸਦੀ ਪਤਨੀ ਵੰਦਨਾ ਅਤੇ ਮੇਰੀਆਂ ਤਿੰਨੋ ਲੜਕੀਆਂ ਰਾਣੋ, ਨੀਲਮ ਅਤੇ ਰੇਨੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਦਲਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਮੱਲੀ ਮਾਰਕੀਟ, ਡੇਰਾ ਬਾਬਾ ਨਾਨਕ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਗਗਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਹੋਏ ਹਰੇਕ ਚੰਗੇ ਮਾੜੇ ਕੰਮ, ਲੈਣ ਦੇਣ ਅਤੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਗੁਰਜੰਟ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਰਾਮ ਨਗਰ ਬਸਤੀ ਧੂਰੀ (ਸੰਗਰੂਰ) ਆਪਣੇ ਲੜਕੇ ਹੁਸਨ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਅਜੀਤ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਚੱਕ ਮਹਿਮਾਂ ਡਾਕਖਾਨਾ ਕਾਲਾ ਅਫਗਾਨਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਜੀਤ ਕੌਰ ਜੋ ਕਿ ਆਪਣੀ ਮਨ ਮਰਜ਼ੀ ਕਰਦੀ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ, ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਅੱਜ ਤੋਂ ਬਾਅਦ ਗੁਰਜੀਤ ਕੌਰ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜਿੰਮੇਵਾਰ ਹੋਵੇਗਾ।

ਮੈਂ ਅਜੀਤ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਚੱਕ ਮਹਿਮਾਂ ਡਾਕਖਾਨਾ ਕਾਲਾ ਅਫਗਾਨਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੰਗਲ ਸਿੰਘ ਜੋ ਕਿ ਆਪਣੀ ਮਨ ਮਰਜ਼ੀ ਕਰਦਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ, ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਅੱਜ ਤੋਂ ਬਾਅਦ ਮੰਗਲ ਸਿੰਘ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜਿੰਮੇਵਾਰ ਹੋਵੇਗਾ।

ਮੈਂ ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਗਲੀ ਨੰਬਰ 2 ਡੋਗਰ ਬਸਤੀ ਤਹਿਸੀਲ ਅਤੇ ਜਿਲਾ ਫਰੀਦਕੋਟ ਦਾ ਰਹਿਣ ਵਾਲਾ ਹਾਂ । ਮੇਰੀ ਲੜਕੀ ਪ੍ਰਭਸਿਮਰਨ ਕੌਰ ਪੁੱਤਰੀ ਅਵਤਾਰ ਸਿੰਘ , ਜਿਸ ਨੇ ਆਪਣੇ ਮਰਜ਼ੀ ਨਾਲ ਕਿਸੇ ਲੜਕੇ ਨਾਲ ਸ਼ਾਦੀ ਕਰ ਲਈ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ ।

ਮੈਂ, ਬਸੰਤ ਕੌਰ ਵਿਧਵਾ ਸ. ਤੇਜਾ ਸਿੰਘ, ਵਾਸੀ ਪਿੰਡ ਬੀੜ ਰਾਉਕੇ, ਜ਼ਿਲ੍ਹਾ ਮੋਗਾ ਦੀ ਵਸਨੀਕ ਹਾਂ। ਇਹ ਕਿ ਮੈਂ ਆਪਣੇ ਪੋਤਰੇ ਸੁਖਚੈਨ ਸਿੰਘ ਅਤੇ ਉਸ ਦੀ ਪਤਨੀ ਰਿਤੂ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਰਹੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸ਼ਿਗਾਰਾ ਸਿੰਘ ਪੁੱਤਰ ਗੰਡਾ ਸਿੰਘ, ਵਾਸੀ ਢਾਣੀ ਫੂਲਾ ਸਿੰਘ (ਢੰਡੀ ਖੁਰਦ), ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਮੇਰੀ ਨੂੰਹ ਸੀਮਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕ੍ਰਿਸ਼ਨ ਲਾਲ ਪੁੱਤਰ ਲੇਟ ਹੰਸ ਰਾਜ, ਵਾਸੀ ਪੱਤੀ ਪੱਦੀ ਦਰਵਾਜ਼ਾ, ਪਿੰਡ ਤੇ ਡਾਕਖਾਨਾ ਬੜਾ ਪਿੰਡ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਰਵ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਮੈਂ, ਮਨਜੀਤ ਕੌਰ ਪਤਨੀ ਸ੍ਰੀ ਪ੍ਰੇਮ ਸਿੰਘ, ਵਾਸੀ ਬਸੰਤ ਕਾਲੋਨੀ, ਤਾਜਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਦਿੱਤ ਸਿੰਘ ਅਤੇ ਨੂੰਹ ਦਾਮਿਨੀ ਪਤਨੀ ਗੁਰਦਿੱਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਤੋਂ ਪ੍ਰੇਸ਼ਾਨ ਹੋ ਕੇ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਿਰਨਦੀਪ ਕੌਰ ਪਤਨੀ ਸਤਰਾਜ ਸਿੰਘ, ਵਾਸੀ ਪਿੰਡ ਠੱਠੀ ਸੋਹਲ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹੁਸਨਪ੍ਰੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਹਰ ਕਿਸਮ ਦੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਹੈ।

ਮੈਂ, ਲਾਡੀ ਪੁੱਤਰ ਯਸ਼ਪਾਲ, ਵਾਸੀ 261/4 ਪੰਛੀ ਕਾਲੋਨੀ, ਡਾਕਖਾਨਾ ਸਿੱਧਵਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143529। ਮੇਰੀ ਲੜਕੀ ਨੰਦਨੀ (ਕੁਆਰੀ) ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## PUBLIC NOTICE

I, Rahul Gorkha S/o Roor Chand, R/o H. No. 108/11, Prem Nagar Takhia Hardochanni Road, Gurdaspur, Punjab-143521, India declare that my given name as Rahul and my Surname as Gorkha.

## PUBLIC NOTICE

Under the instruction of AU Small Finance Bank Ltd Branch Mall Road Amritsar. I hereby brought to notice of general public that Ashok Kumar S/o Jai Lal R/o 6/201 old Grain Market Tarn Taran is Owner of property the detail as under :- Property bearing MC No. B-4/702 measuring 1 Marlas 45 feet having measurement 15 1/2 feet & 17 feet 3 inch situated in the area of inside Abadi Railway road Tarn Taran Tehsil & Distt Tarn Taran Ashok Kumar S/o Jai Lal had lost his previous sale deed No 3123 dated 16-02-2018 and regarding that lost Information report also given vide letter no 645275/2025 dated 06-11-2025 has also been got registered in this respect. Anyhody having claim or claiming any manner in this property or has raised loan by depositing the aforesaid document to any person / bank /corporation/ Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with AU Small Finance Bank Ltd Branch Mall Road Amritsar.

Harpal Singh Nijjar (Advocate)
Office address-First Floor, Near Rishu Photo Studio, Kacheri Chownk, Amritsar.
Mobile No. 9815610005

## PUBLIC NOTICE

Notice is given to all concerned that Mr. Gaurav Kumar Sharma S/o Late Ashok Kumar Sharma residence of Granstangen 14-A, 1051 Oslo Norway, At present address House no. 1505/8 Gali No. 3, Islamabad Amritsar. Mr. Gaurav Kumar Sharma is owner of the property unit no PH3-08-0202 admeasuring located at sq. Mts. 134.71 situated in Emaar Plam Hills sector 77 village Gurgaon (Gurugram) Haryana.

Mr. Gaurav Kumar Sharma has lost/Misplaced the original buyers agreement, allotment letter, payment receipts and handover letter. All person are hereby informed not to deal or carry out any transaction with anyone on the basis of the said missing documents. If anyone on the basis of the said missing document. If anyone has already carried out or being carried out kindly inform the undersigned in writing on below mention address.

RANJIT SINGH SHERGILL ADVOCATE
PH/2955/2022
Chamber No. 25/2A,
Distt. Courts Amritsar.

## COURT NOTICE

In The Court of
Ms. Gurpreet Kaur-II
Judicial Magistrate First Class-2, Zira
CNR No.:- PBFZA1-002034-2024
Next Date:-02-12-2025
The Ferozepur Central Cooperative Bank Ltd
Vs.
Gurwinder Kaur
Detail of Offence:-
Notice To:
Gurwinder Kaur Spouse :- Gurdev Singh
Bhgarana Teh. Zira, Distt. Fzr.

In above titled case, the accused could not be served. It is ordered that accused should appear in person or through counsel on 02-12-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate First Class-2 Zira
Dated, this day of 14-11-2025

## PUBLIC NOTICE

I Gurpreet kaur W/o Jatinder singh S/O Prem singh R/o H.no. 1584 gali Khanayiya wali Katda Bagia, Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by me vide sale deed dated-15.11.2023 bearing Doc. No: 2023-24/89/1/6608. registered at sub-Registrar, Distt. Amritsar.

Anybody having any claim or objection in creating mortgage over said property in favour of above Bank shall approach concerned authority within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY:
All that pieces and parcels of non agricultural and residential Property House no 856, 857 Khana Shumari, Total Area 76 Square Yards situated at Amritsar Katra Karam Singh Mushki Mohalla, Tehsil & District Amritsar. as per sale deed with all present and future superstructure thereon.

Name & address
Gurpreet kaur W/o Jatinder singh
Vikas Verma Advocate
Mobile no . 9815156302

## UMMEED HOUSING FINANCE PVT. LTD

Registered office at: 2009-2014, 20th Floor, Magnum Global Park,Sector-58, Gurugram (Haryana)-122002"
CIN:U65922HR2016PTC057984.

ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ

ਜਦੋਂਕਿ ਕਰਜ਼ਾ ਖਾਤਾ ਐੱਨ ਪੀ ਏ ਹੋ ਗਿਆ ਹੈ, ਇਸ ਲਈ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਏ ਕਰਜ਼ਦਾਰ/ਬਿਨੈਕਾਰ/ਗਰੰਟਰ/ ਰਹਿਣਕਾਰ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ 60 ਦਿਨਾਂ ਦਾ ਡਿਮਾਂਡ ਨੋਟਿਸ ਜਾਰੀ ਕੀਤਾ ਹੈ। ਨੋਟਿਸ ਅਨੁਸਾਰ ਜੇਕਰ ਕਰਜ਼ਦਾਰ 60 ਦਿਨਾਂ ਦੇ ਅੰਦਰ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਰਕਮ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਨਿਲਾਮੀ ਰਾਹੀਂ ਵਸੂਲ ਕੀਤੀ ਜਾਵੇਗੀ। ਇਸ ਲਈ ਕਰਜ਼ਦਾਰਾਂ ਨੂੰ ਸਾਰੀ ਰਕਮ ਸਮੇਤ ਭਵਿੱਖੀ ਵਿਆਜ ਅਤੇ ਖਰਚਿਆਂ ਦੇ ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਸੂਚਨਾ ਦਿੱਤੀ ਗਈ ਹੈ, ਨਹੀਂ ਤਾਂ ਉਕਤ ਐਕਟ ਦੇ ਸੈਕਸ਼ਨ 13 [4] ਅਤੇ 14 ਦੀਆਂ ਵਿਵਸਥਾਵਾਂ ਤਹਿਤ, ਅਧਿਕਾਰਤ ਅਫਸਰ ਹੇਠਾਂ ਦਰਸਾਈ ਰਹਿਣ ਜਾਇਦਾਦ/ਸਕਿਉਰਡ ਐੱਸਟਸ ਦੀ ਵਿਕਰੀ ਲਈ ਕਬਜ਼ਾ ਹਾਸਲ ਕਰ ਰਿਹਾ ਹੈ।

ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ ਕਰਜ਼ਦਾਰ ਧਿਆਨ ਦੇਣ ਕਿ ਐਕਟ 2002 ਦੀਆਂ 13[13] ਸ਼ਰਤਾਂ ਅਨੁਸਾਰ ਤੁਹਾਡੇ 'ਤੇ ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਸਕਿਉਰਡ ਐੱਸਟਸ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਰੋਕ ਅਤੇ ਪਾਬੰਦੀ ਹੈ। ਕਰਜ਼ਦਾਰ ਦਾ ਧਿਆਨ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 3 (5) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (8) ਵੱਲ ਦਿਵਾਇਆ ਜਾਂਦਾ ਹੈ ਕਿ ਕਰਜ਼ਦਾਰ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਹੇਠਾਂ ਦਰਸਾਏ ਸਾਰੇ ਬਕਾਏ ਮੁਕੰਮਲ ਤੌਰ 'ਤੇ ਅਦਾ ਕਰਕੇ ਸਕਿਉਰਡ ਐੱਸਟਸ ਦਾ ਪੁਨਰਗ੍ਰਹਿਣ ਕਰ ਸਕਦੇ ਹਨ, ਜਿਸ ਦੀ ਬਾਅਦ 'ਚ ਹੋਂਦ ਖਤਮ ਹੋ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਕਾਰ ਦਾ ਨਾਂਅ | ਸੈਕਸ਼ਨ 13[2] ਤਹਿਤ ਡਿਮਾਂਡ ਨੋਟਿਸ ਦੀ ਰਾਸ਼ੀ ਅਤੇ ਮਿਤੀ |
|---|---|---|
| 1. | 1. ਅਮਰਨਾਥ ਪੁੱਤਰ ਹਰੀਰਾਮ (ਕਰਜ਼ਦਾਰ)<br>2. ਪ੍ਰੇਮਾ ਦੇਵੀ ਪਤਨੀ ਅਮਰਨਾਥ (ਸਹਿ-ਕਰਜ਼ਦਾਰ)<br>ਦੋਵੇਂ ਵਾਸੀ ਪਿੰਡ ਅਜਨਾਲੀ, ਮੰਡੀ ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ, ਪੰਜਾਬ-147301<br>ਕਰਜ਼ਾ ਨੰ. : ਐੱਲ ਐੱਕਸ ਸੀ ਐਚ ਡੀ 01224-250045029 ਅਤੇ ਐੱਲ ਐੱਕਸ ਸੀ ਐੱਚ ਡੀ 02424-250047237<br>ਕਰਜ਼ਾ ਇਕਰਾਰਨਾਮਾ ਮਿਤੀ : 27 ਨਵੰਬਰ 2024 ਅਤੇ 28 ਜਨਵਰੀ 2025<br>ਕਰਜ਼ਾ ਰਕਮ ਰੁਪਏ 20,00,000/- + ਰੁਪਏ 4,68,592/- | 12 ਨਵੰਬਰ 2025<br>12 ਨਵੰਬਰ 2025 ਨੂੰ ਰੁਪਏ 2,044,740/- + ਰੁਪਏ 5,00,784/- ਰਕਮਾਂ ਦਾ ਕੁੱਲ ਜੋੜ 25,45,524/- (ਪੱਚੀ ਲੱਖ ਪੰਜਤਾਲੀ ਹਜ਼ਾਰ ਪੰਜ ਸੌ ਚੌਵੀ ਰੁਪਏ ਕੇਵਲ) + 13 ਨਵੰਬਰ 2025 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਜਾਇਦਾਦ ਪਲਾਟ ਰਕਬਾ 0-3 ਬਿਸਵਾ, ਖੱਤਾ ਨੰ. 129/333, ਖਸਰਾ ਨੰ. 521(6-13), 522/1(5-2) ਅਤੇ ਖਤੌਨੀ ਨੰ. 334, ਖਸਰਾ ਨੰ. 519/1(4-10), 520(3-7) ਕੁੱਲ ਜ਼ਮੀਨ ਰਕਬਾ 19 ਬਿੱਘਾ 12 ਬਿਸਵੇ, ਇਸ ਦਾ ਹਿੱਸਾ 60/7840, ਜੋ ਕਿ 0-3 ਬਿਸਵਾ, ਪਿੰਡ ਅਜਨਾਲੀ ਵਿਖੇ ਸਥਿਤ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।

ਮਿਤੀ : 26.11.2025
ਸਥਾਨ : ਗੁਰੂਗ੍ਰਾਮ
ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ -96500-55701
ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ

## ਦਰੱਖਤਾਂ ਦੀ ਬੋਲੀ

ਗ੍ਰਾਮ ਪੰਚਾਇਤ ਸੈਦਪੁਰ, ਬਲਾਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪੰਚਾਇਤੀ ਰਕਬੇ ਵਿਚ ਖੜ੍ਹੇ ਕੁਲ 185 ਦਰੱਖਤ (ਸਫੈਦਾ 162, ਸ਼ੀਸਮ 13, ਡੇਕ 10) ਦੀ ਬੋਲੀ ਮਿਤੀ 02.12.2025 ਨੂੰ ਸਵੇਰੇ 11.00 ਵਜੇ ਪੰਚਾਇਤ ਘਰ ਸੈਦਪੁਰ ਵਿਖੇ ਕੀਤੀ ਜਾਵੇਗੀ। ਬੋਲੀ ਦੇਣ ਲਈ ਪੰਜਾਹ ਹਜ਼ਾਰ ਰੁਪਏ ਸਕਿਉਰਿਟੀ ਜਮ੍ਹਾਂ ਕਰਾਈ ਜਾਵੇਗੀ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਬਲਵੀਰ ਕੌਰ ਸਰਪੰਚ
ਗ੍ਰਾਮ ਪੰਚਾਇਤ ਸੈਦਪੁਰ
ਮੋਬਾ: ਨੰ: 94170-69257

ਬੀ. ਡੀ. ਪੀ. ਓ. ਮਾਹਿਲਪੁਰ
ਮੋਬਾ: ਨੰ: 99151-50120

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

26 Nov Page 8.qxd 11/25/2025 10:07 PM Page 1



## 3 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਸਮੇਤ ਇੱਕ ਕਾਬੂ, ਦੂਜਾ ਫਰਾਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੇ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਾਣਯੋਗ ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਉਪ ਕਪਤਾਨ ਪੁਲਿਸ ਸਬ ਡਵੀਜਨ ਬਲਾਚੌਰ ਦੀ ਯੋਗ ਅਗਵਾਈ ਹੇਠ



ਸਬ ਇੰਸਪੈਕਟਰ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਪੋਜੇਵਾਲ ਅਤੇ ਐਸ ਆਈ ਹੁਸਨ ਲਾਲ ਥਾਣਾ ਪੋਜੇਵਾਲ ਸਮੇਤ ਪੁਲਿਸ ਪਾਰਟੀ ਦੇ ਬ੍ਰਾਏ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਗਸ਼ਤ ਕਰ ਰਹੇ ਸੀ ਤਾਂ ਦੌਰਾਨੇ ਗਸ਼ਤ ਪੁਲਿਸ ਪਾਰਟੀ ਵੱਲੋ ਦੁਕਾਨ ਕਲਾਸਿਕ ਹੱਬ ਦੇ ਨਾਲ ਤੋ ਇਕ ਕੱਚਾ ਰਸਤਾ ਜਾਨਬ ਪੂਰਬ ਉੱਤੇ ਦੋ ਮੋਨੇ ਨੌਜਵਾਨ ਇਕ ਮੋਟਰ ਸਾਈਕਲ ਦੇ ਕਰੀਬ ਇਕ ਲੜਕੇ ਵੱਲੋਂ ਦੂਜੇ ਲੜਕੇ ਨੂੰ ਇਕ ਕਾਲੇ ਰੰਗ ਦਾ ਵਜਨਦਾਰ ਲਿਫਾਫਾ ਲੈਣ ਦੇਣ ਕਰਦਿਆਂ ਦੇਖਿਆ ਗਿਆ ਅਤੇ ਸ਼ੱਕ ਦੀ ਬਿਨ੍ਹਾ ਤੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਕ ਵਿਅਕਤੀ ਮੌਕਾ ਤੋ ਭੱਜ ਗਿਆ ਅਤੇ ਦੂਸਰੇ ਕੁਲਦੀਪ ਉਰਫ ਲੱਭੂ ਪੁੱਤਰ ਸੰਤੋਖ ਸਿੰਘ ਵਾਸੀ ਕਟਵਾਰਾ ਥਾਣਾ ਪੋਜੇਵਾਲ ਜ਼ਿਲਾ ਸ.ਭ.ਸ ਨਗਰ ਨੂੰ ਕਾਬੂ ਕਰਕੇ ਜਿਸ ਨੇ ਭੱਜਣ ਵਾਲੇ ਵਿਅਕਤੀ ਦਾ ਨਾਂਅ ਜਸਵੀਰ ਉਰਫ ਜੱਸੀ ਪੁੱਤਰ ਦਰਸ਼ਨ ਲਾਲ ਵਾਸੀ ਕਰੀਮਪੁਰ ਧਿਆਨੀ ਥਾਣਾ ਪੋਜੇਵਾਲ ਦੱਸਿਆ ਅਤੇ ਇਹਨਾ ਪਾਸੋ 3 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬ੍ਰਾਮਦ ਹੋਣ ਤੇ ਦੋਸ਼ੀ ਕੁਲਦੀਪ ਉਰਫ ਲੱਭੂ ਅਤੇ ਜਸਵੀਰ ਉਰਫ ਜੱਸੀ ਉਕਤਾਨ ਦੇ ਖਿਲਾਫ ਮੁਕੱਦਮਾ ਥਾਣਾ ਪੋਜੇਵਾਲ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੋਸ਼ੀ ਕੁਲਦੀਪ ਉਰਫ ਲੱਭੂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

## ਹਮਲਾਵਰਾਂ ਵੱਲੋਂ ਘਰ 'ਚ ਦਾਖਲ ਹੋ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

**ਅਲਾਵਲਪੁਰ (ਮਦਨ ਬੰਗੜ)**- ਅਗਿਆਤ ਹਮਲਾਵਰਾ ਵੱਲੋਂ ਅਲਾਵਲਪੁਰ ਵਿਖੇ ਇੱਕ ਪਰਵਾਰ ਦੇ ਮੈਂਬਰਾਂ ਉੱਪਰ ਜਾਨਲੇਵਾ ਹਮਲਾ ਕਰਕੇ ਗੰਭੀਰ ਰੂਪ ਵਿੱਚ ਜ਼ਖਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 6 ਅਗਿਆਤ ਹਮਲਾਵਰਾਂ ਵੱਲੋਂ ਤੇਜਧਾਰ ਹਥਿਆਰਾਂ ਨਾਲ



ਮੁਹੱਲਾ ਰਾਮਗੜ੍ਹੀਆ ਦੇ ਵਾਸੀ ਪਰਮਜੀਤ ਸਿੰਘ ਪੁੱਤਰ ਹਰੀਦਾਸ ਉਮਰ 60 ਸਾਲ, ਗੌਰਵ ਕੁਮਾਰ ਪੁੱਤਰ ਪਰਮਜੀਤ ਉਮਰ 29 ਸਾਲ, ਰਜਿੰਦਰ ਕੌਰ ਪਤਨੀ ਪਰਮਜੀਤ ਉਮਰ 56 ਸਾਲ, ਵਿੱਕੀ ਕੁਮਾਰ ਪੁੱਤਰ ਪਰਮਜੀਤ ਉਮਰ 32 ਸਾਲ ਉੱਪਰ 6 ਹਮਲਾਵਰਾਂ ਵੱਲੋਂ ਘਰ ਦੀ ਚਾਰ ਦੀਵਾਰੀ ਦੀ ਕੰਧ ਟੱਪ ਕੇ ਘਰ ਅੰਦਰ ਦਾਖਲ ਹੋ ਕੇ ਉਪਰੋਕਤ ਪਰਵਾਰਕ ਮੈਂਬਰਾਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ। ਹਮਲਾਵਰ ਉਸ ਵੇਲੇ ਭੱਜਣ ਵਿੱਚ ਕਾਮਯਾਬ ਹੋ ਗਏ ਜਦੋਂ ਪੀੜਤ ਪਰਵਾਰ ਵੱਲੋਂ ਰੌਲਾ ਪਾਇਆ ਗਿਆ ਅਤੇ ਆਂਢ ਗੁਆਂਢ ਦੇ ਲੋਕਾਂ ਦੇ ਉੱਠਣ ਤੋਂ ਪਹਿਲਾਂ ਹੀ ਹਮਲਾਵਰ ਭੱਜਣ ਵਿੱਚ ਕਾਮਯਾਬ ਹੋ ਗਏ। ਮੌਕੇ ਤੇ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਸ ਸਬੰਧੀ ਪੁਲਸ ਚੌਕੀ ਅਲਾਵਲਪੁਰ ਦੇ ਏ ਐਸ ਆਈ ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਹਮਲਾਵਰਾਂ ਨੂੰ ਫੜਨ ਲਈ ਪੁਲਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ। ਪੀੜਿਤ ਪਰਵਾਰ ਉੱਪਰ ਹੋਏ ਹਮਲੇ ਸਬੰਧੀ ਉਨਾਂ ਦਾ ਕਹਿਣਾ ਹੈ ਕਿ ਕੋਈ ਰੰਜਿਸ਼ ਦਾ ਮਾਮਲਾ ਲੱਗਦਾ ਹੈ। ਸ਼ਹਿਰ ਵਿੱਚ ਲੱਗੇ ਹੋਏ ਸੀਸੀ ਟੀਵੀ ਕੈਮਰਿਆਂ ਦੀ ਫੁਟੇਜ ਕੰਗਾਲੀ ਜਾ ਰਹੀ ਹੈ।ਜਲਦ ਹੀ ਹਮਲਾਵਰਾਂ ਨੂੰ ਕਾਬੂ ਕਰ ਲਿਆ ਜਾਵੇਗਾ। ਜ਼ਿਕਰਜੋਗ ਹੈ ਕਿ ਹਮਲਾਵਰ ਪੈਦਲ ਹੀ ਆਉਂਦੇ ਕੁਝ ਸੀਸੀਟੀਵੀ ਕੈਮਰਿਆਂ ਵਿੱਚ ਦਿਖਾਈ ਦਿੱਤੇ ਹਨ।

## ਪਾਂਸ਼ਟਾ 'ਚ ਸਾਲਾਨਾ ਫੁੱਟਬਾਲ ਟੂਰਨਾਮੈਂਟ ਆਰੰਭ

**ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਯੰਗ ਫੁੱਟਬਾਲ ਕਲੱਬ ਪਾਂਸ਼ਟਾ ਵੱਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਪਿੰਡ ਪਾਸ਼ਟਾ ਦੇ ਸਮੂਹ ਨਗਰ ਨਿਵਾਸੀਆਂ,ਗ੍ਰਾਮ ਪੰਚਾਇਤ ਪਾਂਸ਼ਟਾ ,ਐਨ ਆਰ ਆਈ ਸਭਾ ਦੇ ਸਹਿਯੋਗ ਨਾਲ 24 ਨਵੰਬਰ ਤੋ 30 ਨਵੰਬਰ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪਬਲਿਕ ਹਾਈ ਸਕੂਲ ਪਾਂਸ਼ਟਾ ਨਰੂੜ ਦੀ ਗਰਾਊਂਡ ਵਿੱਚ ਕਰਵਾਏ ਜਾ ਰਹੇ ਟੂਰਨਾਮੈਂਟ ਦਾ ਉਦਘਾਟਨ ਸੰਸਾਰ ਸਿੰਘ (ਸਾਬਕਾ ਪ੍ਰਧਾਨ ਗੁਰਦੁਆਰਾ ਸ਼ਹੀਦ ਗੰਜ ਪਾਂਸ਼ਟਾ)ਵੱਲੋਂ ਅਰਦਾਸ ਕਰਨ ਉਪਰੰਤ ਆਪਣੇ ਕਰ ਕਮਲਾਂ ਨਾਲ ਉਦਘਾਟਨ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦੌਰਾਨ ਪੰਜਾਬ ਦੀਆਂ ਨਾਮਵਰ ਟੀਮਾਂ ਹਿੱਸਾ ਲੈਣਗੀਆਂ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨੀ ਮੈਚ ਭੁੰਗਰਨੀ ਅਤੇ ਜਾਗਣੀਵਾਲ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਭੁੰਗਰਨੀ ਦੀ ਟੀਮ ਤਿੰਨ ਗੋਲਾਂ ਨਾਲ ਜੇਤੂ ਰਹੀ।ਉਨ੍ਹਾਂ ਦੱਸਿਆ ਕਿ 30 ਨਵੰਬਰ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸਰਦਾਰ ਪਰਮਿੰਦਰ ਸਿੰਘ ਯੂ ਕੇ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਲੰਗਰ ਦੀ ਸੇਵਾ ਐਨ ਆਰ ਆਈ ਸਭਾ ਕੈਨੇਡਾ ਵੱਲੋਂ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਮੌਕੇ ਪਿੰਡ ਪੱਧਰ ਉਪਨ ਦੀਆ ਟੀਮਾਂ) 24 ਟੀਮਾਂ ਭਾਗ ਲੈਣਗੀਆਂ। ਉਨ੍ਹਾਂ ਦੱਸਿਆ ਕਿ ਪਹਿਲਾ ਇਨਾਮ 51000 ਰੁਪਏ ਤੇ ਟਰਾਫ਼ੀ ਅਤੇ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਨੂੰ 41000 ਰੁਪਈਏ ਤੇ ਟਰਾਫ਼ੀ ਦਿੱਤੀ ਜਾਵੇਗੀ। ਇਸੇ ਤਰ੍ਹਾਂ 2008 ਦੀਆਂ 08 ਟੀਮਾਂ ਭਾਗ ਲੈਣਗੀਆਂ। ਇਨ੍ਹਾਂ ਨੂੰ ਪਹਿਲਾਂ ਇਨਾਮ 15000 ਰੁਪਏ ਅਤੇ ਟਰਾਫ਼ੀ ਅਤੇ ਦੂਜਾ ਇਨਾਮ 13000 ਰੁਪਏ ਤੇ ਟਰਾਫ਼ੀ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਫ਼ਾਈਨਲ ਮੁਕਾਬਲੇ ਵਾਲੇ ਦਿਨ 40 ਸਾਲ ਵਾਲੇ ਉਮਰ ਵਾਲਿਆ ਪਿੰਡ ਨਰੂੜ ਅਤੇ ਪਾਂਸ਼ਟਾ ਵਿਚਕਾਰ ਕਰਵਾਇਆ ਜਾਵੇਗਾ।





## ਸਾਲਾਨਾ ਕਬੱਡੀ ਕੱਪ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਦੇਵ ਸਪੋਰਟਸ ਕਲੱਬ ਬਹੂਆ,ਗ੍ਰਾਮ ਪੰਚਾਇਤ, ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਕਬੱਡੀ ਕੱਪ ਕਰਵਾਇਆ ਗਿਆ। ਇਸ ਕਬੱਡੀ ਕੱਪ 'ਚ 8 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲਾ ਬਹੂਆ+ ਮੰਢਾਲੀ ਅਤੇ ਬੁੱਲੇਵਾਲ ਵਿਚਕਾਰ ਹੋਇਆ ਜਿਸ ਬਹੂਆ+ ਮੰਢਾਲੀ ਜੇਤੂ ਰਹੇ। ਪ੍ਰਬੰਧਕਾਂ ਵੱਲੋਂ ਖਿਡਾਰੀਆਂ ਅਤੇ ਸਹਿਯੋਗੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਕੋਲਡ ਡਰਿੰਕ,ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਕਬੱਡੀ ਕੱਪ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਇਸ ਮੌਕੇ ਅਮਰਜੀਤ ਸਿੰਘ ਪੰਚ, ਗੁਰਦਿਆਲ ਸਿੰਘ ਨੰਬਰਦਾਰ, ਮਨਜੀਤ ਸਿੰਘ,ਪੀਤਾ ਕੇਨੇਡਾ, ਮੱਖਣ ਸਿੰਘ , ਲੱਕੀ ਕੇਨੇਡਾ, ਸ਼ਿੰਦਰ ਬੈਂਸ, ਰਘਵੀਰ ਸਿੰਘ, ਪਰਮਿੰਦਰ ਸਿੰਘ ,ਅਮਰ ਸਿੰਘ ਜੀਤ,ਬਿੱਟਾ ਸੰਧੂ, ਜਸਵੰਤ ਸਿੰਘ, ਗੁਰਦੀਪ ਸਿੰਘ ਬਾਹੀ, ਲਖਵੀਰ ਸਿੰਘ ਸਹੋਤਾ, ਮਨਜੀਤ ਸਿੰਘ ਸ਼ੇਰਗਿੱਲ, ਕਸਤੂਰੀ ਲਾਲ ਕੁਲਥਮ,ਅਭਨਿੰਦਰ ਸਿੰਘ ਤੋਂ ਇਲਾਵਾ ਭਾਰੀ ਗਿਣਤੀ 'ਚ ਦਰਸ਼ਕ ਹਾਜ਼ਰ ਸਨ।

## ਪੰਜਾਬ ਦੇ ਲੋਕ ਅਕਾਲੀ ਦਲ (ਅ) ਨੂੰ ਮਜ਼ਬੂਤ ਕਰਨ : ਜਥੇ. ਸੁਲੱਖਣ ਸਿੰਘ

**ਸ਼ਾਹਕੋਟ (ਗਿਆਨ ਸੈਦਪੁਰੀ)**- ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲੇ ਕੁਝ ਹਲਕਿਆਂ ਵੱਲੋਂ ਅਕਾਲੀ ਦਲ ਅਤੇ ਭਾਜਪਾ ਦੇ ਸਿਆਸੀ ਗੱਠਜੋੜ ਹੋਣ ਦੀਆਂ ਕਿਆਸ ਅਰਾਈਆਂ ਲਾਈਆਂ ਜਾ ਰਹੀਆਂ ਹਨ। ਇਨ੍ਹੀਂ ਦਿਨੀਂ ਸੁਖਬੀਰ ਸਿੰਘ ਬਾਦਲ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਤੇ ਭਾਜਪਾ ਦੀ ਕੀਤੀ ਜਾ ਰਹੀ ਆਲੋਚਨਾ ਨੂੰ ਵੀ ਭਵਿੱਖੀ ਸਿਆਸੀ ਗੱਠਜੋੜ ਦੇ ਨਜ਼ਰੀਏ ਤੋਂ ਵੀ ਵੇਖਿਆ ਜਾ ਰਿਹਾ ਹੈ। ਇਸ ਸੰਦਰਭ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੂਬਾਈ ਆਗੂ ਜਥੇਦਾਰ ਸੁਲੱਖਣ ਸਿੰਘ ਸ਼ਾਹਕੋਟ ਨੇ ਟਿੱਪਣੀ ਕੀਤੀ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਪੰਜਾਬ ਤੇ ਖਾਸ ਕਰਕੇ ਸਿੱਖ ਭਾਈਚਾਰਾ ਨੁਕਸਾਨ ਲਈ ਤਿਆਰ ਰਹੇ। ਉਹਨਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦੀਆਂ ਬਣਦੀਆਂ ਰਹੀਆਂ ਸਰਕਾਰਾਂ ਮੌਕੇ ਭਾਈਚਾਰਕ ਸਾਂਝ ਦੇ ਨਾਹਰੇ ਹੇਠ ਲੁਕਵੇਂ ਅਤੇ ਜ਼ਾਹਰਾ ਤੌਰ 'ਤੇ ਸਿੱਖਾਂ ਦੇ ਮਸਲਿਆਂ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇਸ ਗੱਠਜੋੜ ਦੀਆਂ ਸਰਕਾਰਾਂ ਮੌਕੇ ਹੀ ਪੰਜਾਬ ਵਿੱਚ ਨਜਾਇਜ਼ ਨਸ਼ਿਆਂ ਦਾ ਕਾਰੋਬਾਰ ਵਧਿਆ। ਪੰਜਾਬ ਦੀ ਤਰਾਸਦੀ ਹੈ ਕਿ ਕਾਂਗਰਸੀ ਸਰਕਾਰਾਂ ਤੇ ਆਪ ਸਰਕਾਰ ਵੀ ਨਸ਼ਿਆਂ ਨਾਲ ਪੰਜਾਬ ਦੀ ਜਵਾਨੀ ਦੀ ਹੁੰਦੀ ਬਰਬਾਦੀ ਨੂੰ ਰੋਕਣ ਵਿੱਚ ਸਫਲ ਨਹੀਂ ਹੋਈ। ਜਥੇਦਾਰ ਸੁਲੱਖਣ ਸਿੰਘ ਨੇ ਅਕਾਲੀ ਦਲ (ਬਾਦਲ) ਦੀ ਦੋਗਲੀ ਨੀਤੀ ਦੀ ਨਿੰਦਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਦੇ ਮਨਸੂਬਿਆਂ ਨੂੰ ਸਮਝ ਕੇ ਅਕਾਲੀ ਦਲ (ਅੰਮ੍ਰਿਤਸਰ) ਨੂੰ ਸਿਆਸੀ ਤੌਰ 'ਤੇ ਮਜਬੂਤ ਕਰਨ ਲਈ ਅੱਗੇ ਆਉਣ।



## ਕੰਧਾਲਾ ਜੱਟਾਂ ਦਾ ਨਾਂਅ ਰੌਸ਼ਨ ਕਰਨ 'ਤੇ ਇੰਜੀਨੀਅਰ ਦਾ ਸਨਮਾਨ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿੱਚ ਸਥਿਤ ਤਪ ਅਸਥਾਨ ਸ੍ਰੀਮਾਨ ਸੰਤ ਬਾਬਾ ਬਿਸ਼ਨ ਸਿੰਘ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਜੀਨੀਅਰ ਸਰਬਜੀਤ ਸਿੰਘ ਰਾਜੂ ਦਾ ਚੀਫ ਇੰਜੀਨੀਅਰ ਇਨਫੋਰਸਮੈਂਟ ਪਟਿਆਲਾ (ਵਿਭਾਗ ਪੰਜਾਬ ਰਾਜ ਬਿਜਲੀ ਬੋਰਡ) ਦਾ ਆਹੁਦਾ ਪ੍ਰਾਪਤ ਕਰਨ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਮੈਂਬਰਾਂ ਨੇ ਜਿੱਥੇ ਇੰਜ. ਸਰਬਜੀਤ ਸਿੰਘ ਰਾਜੂ ਨੂੰ ਵਧਾਈ ਦਿੱਤੀ, ਉੱਥੇ ਹੀ ਪਰਵਾਰਕ ਮੈਂਬਰ ਪਿਤਾ ਰਿਟਾਇਰਡ ਪ੍ਰਿੰਸੀਪਲ ਕੁੰਦਨ ਸਿੰਘ ਨੂੰ ਵਿਸ਼ੇਸ਼ ਮਹਿਮਾਨ ਵਜੋਂ ਬੁਲਾ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਅੰਮ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਪ੍ਰਬੰਧਕ ਕਮੇਟੀ, ਜੱਥੇਦਾਰ ਅਵਤਾਰ ਸਿੰਘ, ਮਨਜੀਤ ਸਿੰਘ ਧਾਲੀਵਾਲ, ਕੁਲਬੰਤ ਸਿੰਘ, ਇੰਜ.ਸਤਵਿੰਦਰ ਸਿੰਘ ਜੇ ਈ, ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜ਼ਾਨਚੀ, ਤਜਿੰਦਰ ਸਿੰਘ ਉੱਪ ਖਜ਼ਾਨਚੀ, ਸੁਰਿੰਦਰ ਸਿੰਘ, ਸੁੱਖਨਿੰਦਰ ਸਿੰਘ, ਦਰਸ਼ਨ ਸਿੰਘ, ਗੁਰਮੇਲ ਸਿੰਘ, ਇੰਦਰਜੀਤ ਸਿੰਘ, ਬਲਸਾਹਿਬ ਸਿੰਘ, ਤਨਵਪ੍ਰੀਤ ਸਿੰਘ, ਹੈਡ ਗ੍ਰੰਥੀ ਬਾਬਾ ਰਣਜੀਤ ਸਿੰਘ, ਉੱਪ ਗ੍ਰੰਥੀ ਦਾਨ ਸਿੰਘ, ਮਨਜੀਤ ਸਿੰਘ, ਮਨਦੀਪ ਸਿੰਘ ਮੰਨਾ, ਪੰਚ ਵਰਿੰਦਰ ਸਿੰਘ, ਪੰਚ ਸੁੱਚਾ ਸਿੰਘ, ਪੰਚ ਬਲਦੇਵ ਸਿੰਘ, ਜਰਨੈਲ ਸਿੰਘ, ਜਗਜੀਤ ਸਿੰਘ ਲਾਡਾ, ਬਲਜੀਤ ਸਿੰਘ ਬੱਲੂ, ਕੈਪਟਨ ਹਰੀ ਓਮ ਸਿੰਘ, ਅਮਰੀਕ ਸਿੰਘ ਮੀਕਾ, ਮਨਦੀਪ ਸਿੰਘ ਲਾਈਨਮੈਨ, ਕਮਲਜੀਤ ਸਿੰਘ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿਖੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਕੀਰਤਨ ਸਮਾਗਮ ਕਰਵਾਇਆ ਗਿਆ।ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਚੜ੍ਹਦੀ ਪੱਤੀ ਪਿੰਡ ਕੰਧਾਲਾ ਜੱਟਾਂ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ 23 ਨਵੰਬਰ ਤੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗਾਂ ਦੀ ਸੰਪੂਰਨਤਾ ਉਪਰੰਤ ਭਾਈ ਮਹਿੰਦਰ ਸਿੰਘ ਬਾਇੰਚ ਅਤੇ ਕਾਕਾ ਮਨਰਾਜ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।ਇਸ ਮੌਕੇ ਹੈੱਡ ਗ੍ਰੰਥੀ ਬਾਬਾ ਅਵਤਾਰ ਸਿੰਘ ਜੀ, ਬਾਬਾ ਗੁਰਵੀਰ ਸਿੰਘ ਹੈੱਡ ਗ੍ਰੰਥੀ ਪਿੰਡ ਢੱਟਾਂ, ਪ੍ਰਧਾਨ ਗੁਰਵਿੰਦਰ ਸਿੰਘ ਗਿੱਤਾ, ਇੰਦਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਧਾਲੀਵਾਲ, ਸੈਕਟਰੀ ਮਨਜੀਤ ਸਿੰਘ, ਜਸਵੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ, ਅਵਤਾਰ ਸਿੰਘ ਅਮਰੀਕਾ, ਹਰਵਿੰਦਰਪਾਲ ਸਿੰਘ ,ਜਤਿੰਦਰਪਾਲ ਸਿੰਘ ਕਾਕਾ, ਇਕਬਾਲ ਸਿੰਘ ਬਾਲੀ, ਸੁੱਚਾ ਸਿੰਘ ਲੰਬੜਦਾਰ, ਰੇਸ਼ਮ ਸਿੰਘ, ਸਤਵਿੰਦਰ ਸਿੰਘ, ਅਮਰੀਕ ਸਿੰਘ ਬੱਬੀ, ਜਸਪਾਲ ਸਿੰਘ ਭੱਟੀ, ਰਸ਼ਪਾਲ ਸਿੰਘ, ਮਹਿੰਦਰ ਸਿੰਘ ਬਿੱਲਾ, ਪ੍ਰਭਸਿਮਰਤ ਸਿੰਘ, ਦਲਸ਼ੇਰ ਸਿੰਘ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।



## ਫ੍ਰੀ ਮੈਡੀਕਲ ਕੈਂਪ ਲਗਾਇਆ



**ਬਿਆਸ (ਪਰਮਜੀਤ ਸਿੰਘ ਰੱਖੜਾ)** ਰਵਿੰਦਰ ਸਿੰਘ ਭੁੱਲਰ ਕੈਨੇਡਾ ਵਾਲਿਆਂ ਦੇ ਸਮੂਹ ਪਰਵਾਰ ਅਤੇ ਸਰਬੱਤ ਦਾ ਭਲਾ ਟੀਮ ਵੱਲੋਂ ਪਿੰਡ ਕੋਟ ਮਹਿਤਾਬ (ਅੰਮ੍ਰਿਤਸਰ) ਵਿੱਚ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿਚ ਨੱਕ, ਕੰਨ, ਗਲਾ, ਦੰਦਾਂ ਅਤੇ ਅੱਖਾਂ ਦੇ ਮਾਹਰ ਡਾਕਟਰ ਪ੍ਰਤੀਕ ਗੁਪਤਾ ਅਤੇ ਡਾਕਟਰ ਜੇ. ਕੇ ਗੁਪਤਾ ਕਪੂਰਥਲਾ ਵਾਲਿਆਂ ਚੈੱਕਅੱਪ ਕਰ ਕੇ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਸਰਪੰਚ ਸ਼ਰਨ ਪੱਡਾ, ਡਾਕਟਰ ਬਲਵਿੰਦਰ ਸਿੰਘ ਵਜ਼ੀਰ ਭੁੱਲਰ, ਕਲਵਿੰਦਰ ਸਿੰਘ ਮਾਨਾਂ ਤਲਵੰਡੀ, ਸ਼ਬੇਗ ਸਿੰਘ, ਮਨਜੋਤ ਪੱਡਾ ਮੈਂਬਰ ਪੰਚਾਇਤ, ਮਾਸਟਰ ਮਨਜੀਤ ਪੱਡਾ, ਮਲੂਕ ਸਿੰਘ, ਗੁਰਪ੍ਰਕਾਰ ਪੱਡਾ, ਰਘਬੀਰ ਸਿੰਘ, ਪਰਮਜੀਤ ਸਿੰਘ ਅਤੇ ਪਿੰਡ ਦੇ ਮੋਹਤਬਰ ਹਾਜ਼ਰ ਸਨ।

## ਦਿੱਲੀ 'ਚ ਸਾਫ਼ ਹਵਾ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਬੰਗਾ (ਅਵਤਾਰ ਕਲੇਰ)**- ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਨੇ ਦਿੱਲੀ ਵਿਚ ਵੱਧ ਰਹੇ ਹਵਾ ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਇੰਡੀਆ ਗੇਟ 'ਤੇ ਇਕੱਠੇ ਹੋਏ 23 ਸ਼ਾਂਤਮਈ ਪ੍ਰਦਰਸ਼ਨਕਾਰੀਆਂ—ਜਿਨ੍ਹਾਂ ਵਿਚ 11 ਕੁੜੀਆਂ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕਰਨ, ਰਾਤ-ਭਰ



ਹਿਰਾਸਤ ਵਿਚ ਰੱਖਕੇ ਤਸ਼ੱਦਦ ਕਰਨ ਅਤੇ ਤਿੰਨ ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਭੇਜਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਕਿਹਾ ਕਿ ਆਪਣੇ ਸਿਹਤ ਉੱਪਰ ਮੰਡਰਾਉਂਦੇ ਪ੍ਰਦੂਸ਼ਿਤ ਵਾਤਾਵਰਨ ਦੇ ਖ਼ਤਰੇ ਖ਼ਿਲਾਫ਼ ਸ਼ਾਂਤਮਈ ਤਰੀਕੇ ਨਾਲ ਵਿਰੋਧ ਦਰਜ ਕਰਾਉਣਾ ਨਾਗਰਿਕਾਂ ਦਾ ਸੰਵਿਧਾਨਕ ਹੱਕ ਹੈ। ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੇ ਪਬਲਿਕ ਸਿਹਤ ਸੰਕਟ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਬਜਾਏ ਦਿੱਲੀ ਪੁਲਿਸ-ਪ੍ਰਸ਼ਾਸਨ ਵਿਦਿਆਰਥੀਆਂ ਨੂੰ ਜਬਰ ਰਾਹੀਂ ਦਹਿਸ਼ਤਜ਼ਦਾ ਕਰਨ ਦੇ ਰਾਹ ਤੁਰਿਆ ਹੋਇਆ ਹੈ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਸਾਰੇ ਗ੍ਰਿਫ਼ਤਾਰ ਪ੍ਰਦਰਸ਼ਨਕਾਰੀਆਂ ਨੂੰ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

## ਬ੍ਰਹਮ ਨਿਵਾਸ ਆਸ਼ਰਮ ਵਿਖੇ ਧਰਮ ਸਮਾਗਮ ਕਰਵਾਇਆ




**ਭਲਾਣ (ਹਰਭਜਨ ਢਿੱਲੋਂ)** ਸ੍ਰੀ ਬ੍ਰਹਮ ਨਿਵਾਸ ਆਸ਼ਰਮ (ਕੁੱਟੀਆ) ਬੇਲਾ ਧਿਆਨੀ ਗੁਜਰ ਵਸਤੀ ਵਿਖੇ ਸਾਲਾਨਾ ਧਰਮ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੇਦਾਂਤ ਅਚਾਰੀਆ ਸੁਆਮੀ ਚੇਤਨਾ ਨੰਦ ਜੀ ਮਹਰਾਜ ਭੂਰੀ ਵਾਲੇ ਮੌਜੂਦਾ ਗੱਦੀ ਨਸ਼ੀਨ ਵਾਲਿਆਂ ਵੱਲੋਂ ਸਤਸੰਗ ਰਾਹੀਂ ਵੱਡੀ ਗਿਣਤੀ ਵਿੱਚ ਆਈਆਂ ਸੰਗਤਾਂ ਨੂੰ ਗੁਰੂ ਬਾਣੀ ਦੇ ਨਾਲ ਜੋੜਿਆ। ਉਹਨਾਂ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਕਿਹਾ ਸਾਨੂੰ ਦੁਨਿਆਵੀ ਕੰਮ ਕਰਦੇ ਹੋਏ ਵੀ ਹਰ ਸਮੇਂ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ।ਅਤੇ ਉਹਨਾਂ ਦੀ ਨਾਮ ਦੀ ਮਹਿਮਾ ਦਾ ਗੁਣਗਾਨ ਕਰਨਾ ਚਾਹੀਦਾ ਹੈ।ਸਾਨੂੰ ਸਾਰਿਆਂ ਨੂੰ ਸਤਸੰਗ ਜ਼ਰੂਰ ਸੁਣਨਾ ਚਾਹੀਦਾ ਹੈ। ਕਿਉਂਕਿ ਸੰਤਾਂ ਮਹਾਂਪੁਰਸ਼ਾਂ ਦੇ ਸਤਸੰਗ ਸੁਣਨ ਨਾਲ ਮਨ ਦੇ ਅਨੇਕਾਂ ਸ਼ੰਕੇ ਦੂਰ ਹੋ ਜਾਂਦੇ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ।ਇਸ ਮੌਕੇ ਗੁੱਜਰ ਵਸਤੀ ਬੇਲਾ ਧਿਆਨੀ ਦੀ ਸੰਗਤ ਵੱਲੋਂ ਦੇਸੀ ਘਿਓ ਨਾਲ ਤਿਆਰ ਕੀਤਾ ਲੰਗਰ ਪੀ ਜੀ ਆਈ ਚੰਡੀਗੜ੍ਹ ਲਈ ਭੇਜਿਆ ਗਿਆ।ਸੰਗਤ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਰਿਟਾਇਰ ਥਾਣੇਦਾਰ ਬਲਦੇਵ ਸਿੰਘ ਪੋਸਵਾਲ, ਜੀਤ ਰਾਮ ਬਾਂਠ, ਦਰਸ਼ਨ ਬਾਂਠ,ਬਲਦੇਵ ਚੰਦਰ ਪੋਸਵਾਲ, ਚਮਨ ਲਾਲ, ਗਰਧਾਰੀ ਲਾਲ,ਜਨਕ ਰਾਜ, ਬਲਰਾਜ ਸਿੰਘ ,ਮਹਿੰਦਰ ਸਿੰਘ, ਕੁਲਦੀਪ, ਐਸ ਆਈ, ਰਜਿੰਦਰ ਪੋਸਵਾਲ,ਗੁਰਜਿੰਦਰ ਸਿੰਘ, ਦਿਲਬਾਗ ਬਾਂਠ,ਬਲਵੀਰ ਚੰਦ, ਮਹਿੰਦਰ ਸਿੰਘ ਭੱਟੋ,ਦਿਪੂ ਭੱਟੋ,ਰਾਜਕੁਮਾਰ,ਵਿਜੇਕੁਮਾਰ,ਆਦਿ ਵੱਡੀ ਗਿਣਤੀ ਵਿੱਚ ਸੰਗਤ ਹਾਜਰ ਸੀ।

## ਚਾਂਦਪੁਰੀਆ ਨੇ ਪੇਸਕੋ ਕਰਮਚਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਲੈਫਟੀਨੈਂਟ ਜਨਰਲ ਅਜੇ ਚਾਂਦਪੁਰੀਆ (ਏ.ਵੀ.ਐਸ.ਐਮ, ਵੀ.ਐਸ.ਐਮ) ਨੇ ਹਾਲ ਹੀ ਵਿਚ ਆਪਣੇ ਹੁਸ਼ਿਆਰਪੁਰ ਦੌਰੇ ਦੌਰਾਨ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ (ਪੇਸਕੋ) ਦੇ ਕਰਮਚਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸਰਾਹਨਾ ਕਰਦੇ ਹੋਏ ਉਨ੍ਹਾਂ ਦਾ ਹੌਂਸਲਾ ਵਧਾਇਆ। ਇਸ ਮੌਕੇ ਡਿਪਟੀ ਜਨਰਲ ਮੈਨੇਜਰ (ਪੇਸਕੋ) ਮੇਜਰ ਰਿਤਿਕਾ ਸ਼ਰਮਾ (ਰਿਟਾ:) ਲੈਫਟੀਨੈਂਟ ਜਨਰਲ



ਚਾਂਦਪੁਰੀਆ ਨੂੰ ਸੰਖੇਪ ਵਿਚ ਜਾਣੂ ਕਰਵਾਇਆ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਦੇ ਪੁਨਰ ਰੁਜ਼ਗਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਕੜੀ ਵਿਚ ਪੇਸਕੋ ਵਲੋਂ ਕੰਢੀ ਹਲਕੇ ਵਿਚ ਸਾਬਕਾ ਸੈਨਿਕਾਂ ਨੂੰ ਉਨ੍ਹਾਂ ਦੇ ਘਰ ਨੇੜੇ ਰੋਜ਼ਗਾਰ ਉਪਲਬੱਧ ਕਰਵਾ ਕੇ ਉਨ੍ਹਾਂ ਦੇ ਕਲਿਆਣ ਲਈ ਮਹੱਤਵਪੂਰਨ ਯੋਗਦਾਨ ਦਿੱਤਾ ਜਾ ਰਿਹਾ ਹੈ। ਮੇਜਰ ਰਿਤਿਕਾ ਸ਼ਰਮਾ ਨੇ ਦੱਸਿਆ ਕਿ ਪੇਸਕੋ ਦਾ ਮੁੱਖ ਉਦੇਸ਼ ਸਾਬਕਾ ਸੈਨਿਕਾਂ ਨੂੰ ਸਨਮਾਨਜਨਕ ਅਤੇ ਸੁਰੱਖਿਅਤ ਰੋਜ਼ਗਾਰ ਉਪਲਬੱਧ ਕਰਵਾਉਣਾ ਹੈ ਜਿਸ ਵਿਚ ਉਹ ਆਪਣੀ ਕੌਸ਼ਲ ਸਮਰੱਥਾ ਦਾ ਉਪਯੋਗ ਕਰਦੇ ਹੋਏ ਰਾਜ ਦੇ ਵਿਕਾਸ ਵਿਚ ਭਾਗੀਦਾਰੀ ਬਣ ਸਕਣ। ਉਨ੍ਹਾਂ ਕਿਹਾ ਕਿ ਸੰਗਠਨ ਵਲੋਂ ਲਗਾਤਾਰ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਤਾਇਨਾਤ ਕਰਮਚਾਰੀ ਬਿਹਤਰ ਕਾਰਜ ਵਾਤਾਵਰਣ ਅਤੇ ਜ਼ਰੂਰੀ ਸੁਵਿਧਾਵਾਂ ਨਾਲ ਆਪਣੀਆਂ ਸੇਵਾਵਾਂ ਦੇ ਸਕਣ।

## ਤਰਨ ਤਾਰਨ ਦੀ ਚੋਣ ਜਿੱਤਣ ਨਾਲ ਆਪ ਹੋਰ ਮਜ਼ਬੂਤ ਹੋਈ : ਸੰਘਾ, ਰਾਣਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਕਸਬਾ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਨਾਮ ਸਿੰਘ ਸੰਘਾ ਤੇ ਦਲਵੀਰ ਸਿੰਘ ਰਾਣਾ ਸੁੰਨੜਵਾਲ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਤਰਨ ਤਾਰਨ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਇਤਿਹਾਸਕ ਤੇ ਰਿਕਾਰਡ ਤੋੜ ਜਿੱਤ ਨੇ ਇਹ ਸਾਬਤ ਕਰ ਦਿੱਤਾ ਕਿ 2027 ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਆਪ ਸਰਕਾਰ ਹੋਰ ਮਜ਼ਬੂਤ ਹੋਈ ਹੈ ਤੇ ਮੁੜ ਸੱਤਾ ਵਿੱਚ ਆਵੇਗੀ। ਸਤਨਾਮ ਸਿੰਘ ਸੰਘਾ ਤੇ ਦਲਵੀਰ ਸਿੰਘ ਰਾਣਾ ਨੇ ਹੋਰ ਕਿਹਾ ਕਿ ਸੂਬੇ ਅੰਦਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਵਿਕਾਸ ਦੇ ਕਾਰਜ ਪੂਰੀ ਇਮਾਨਦਾਰੀ ਤਨਦੇਹੀ ਤੇ ਲਗਨ ਨਾਲ ਹੋ ਰਹੇ ਹਨ।



## ਬੇਲਾ ਕਾਲਜ ਦੀ ਟੀਮ ਨੇ ਚੌਥੀ ਵਾਰ ਜਿੱਤੀ ਚੈਂਪੀਅਨਸ਼ਿਪ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਰੋਇੰਗ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਈ ਗਈ ਅੰਤਰ ਕਾਲਜ ਚੈਂਪੀਅਨਸ਼ਿਪ ਦੇ ਪੁਰਸ਼ ਅਤੇ ਮਹਿਲਾ ਵਰਗ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲਗਾਤਾਰ ਚੌਥੀ ਵਾਰ ਚੈਂਪੀਅਨਸ਼ਿਪ ਜਿੱਤੀ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਪੁਰਸ਼ ਮੁਕਾਬਲਿਆਂ ਵਿੱਚ ਗੁਰਸੇਵਕ ਸਿੰਘ ਨੇ ਲਾਈਟ ਵੇਟ ਸਿੰਗਲ ਸਕੱਲ ਈਵੈਂਟ ਦੇ ਦੋ ਕਿਲੋਮੀਟਰ ਵਿੱਚ ਸੋਨ ਤਮਗਾ ਅਤੇ 500 ਮੀਟਰ ਵਿੱਚ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਟੀਮ ਪੱਧਰ ਤੇ ਦਿਲਪ੍ਰੀਤ ਸਿੰਘ ਅਤੇ ਸ਼ਰਨਦੀਪ ਸਿੰਘ ਨੇ 2 ਕਿਲੋਮੀਟਰ ਅਤੇ 500 ਮੀਟਰ ਦੇ ਦੋਵਾਂ ਮੁਕਾਬਲਿਆਂ ਵਿੱਚ ਸੋਨ ਤਮਗੇ ਜਿੱਤ ਕੇ ਬਿਹਤਰਹੀਨ ਖੇਡ ਦਾ ਪ੍ਰਦਰਸ਼ਨ ਕੀਤਾ। ਮਹਿਲਾ ਮੁਕਾਬਲਿਆਂ ਵਿੱਚ ਖਿਡਾਰਨ ਅਮਨਦੀਪ ਕੌਰ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ 2 ਕਿਲੋਮੀਟਰ ਅਤੇ 500 ਮੀਟਰ ਦੋਵਾਂ ਈਵੈਂਟਾਂ ਵਿੱਚ ਸੋਨ ਤਮਗਾ ਜਿੱਤਿਆ। ਇਸ ਮੌਕੇ ਪ੍ਰੋ. ਲੈਫਟੀਨੈਂਟ ਪ੍ਰਿਤਪਾਲ ਸਿੰਘ, ਪ੍ਰੋ. ਅਮਰਜੀਤ ਸਿੰਘ, ਪ੍ਰੋ. ਸੁਨੀਤਾ ਰਾਣੀ, ਪ੍ਰੋ. ਪਰਮਿੰਦਰ ਕੌਰ ਤੇ ਪ੍ਰੋ. ਰਮਨਜੀਤ ਕੌਰ ਆਦਿ ਹਾਜ਼ਰ ਸਨ।

## ਸੁਨਿਆਰੇ ਦੀ ਦੁਕਾਨ 'ਚ ਚੋਰੀ ਕਰਨ ਵਾਲਾ ਗ੍ਰਿਫਤਾਰੀ

● 1 ਕਰੋੜ 28 ਲੱਖ 50 ਹਜ਼ਾਰ ਦੇ ਸੋਨੇ ਤੇ ਹੀਰੇ ਦੇ ਗਹਿਣੇ ਬਰਾਮਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਦਿਲਪ੍ਰੀਤ ਸਿੰਘ, ਕਪਤਾਨ ਪੁਲਸ ਸਿਟੀ, ਜ਼ਿਲ੍ਹਾ ਐਸ ਏ ਐਸ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ ਏ ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਹਾਲੀ ਪੁਲਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿਮ ਦੌਰਾਨ ਮਿਤੀ 2-11-2025 ਨੂੰ ਜੇਸ਼ਾਈਨ ਸੌਕ ਪ੍ਰਾਈਵੇਟ ਲਿਮਟਿਡ ਸੈਕਟਰ-66 ਮੋਹਾਲੀ ਵਿੱਚ ਚੋਰੀ ਕਰਨ ਵਾਲੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ, ਉਸ ਪਾਸੋਂ ਚੋਰੀ ਕੀਤੇ ਗਹਿਣੇ ਸੋਨਾ ਅਤੇ ਡਾਇਮੰਡ (ਜਿਨਾਂ ਦੀ ਕੀਮਤ ਕਰੀਬ 1 ਕਰੋੜ 28 ਲੱਖ 50 ਹਜਾਰ ਰੁਪਏ ਹੈ) ਬਰਾਮਦ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ।ਦਿਲਪ੍ਰੀਤ ਸਿੰਘ, ਕਪਤਾਨ ਪੁਲਸ ਸਿਟੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਅੱਗੇ ਦੱਸਿਆ ਕਿ ਮਿਤੀ 3-11-2025 ਨੂੰ ਵਿਕਰਮ ਸਿੰਘ ਸੰਧੂ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ: ਡੀ 1501, ਸਿਗਨੇਚਰ ਟਾਵਰ ਸੈਕਟਰ-661 ਥਾਣਾ ਆਈ.ਟੀ. ਸਿਟੀ ਮੋਹਾਲੀ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਬਿਆਨਾਂ ਦੇ ਅਧਾਰ ਤੇ ਨਾ-ਮਾਲੂਮ ਦੋਸ਼ੀ ਵਿਰੁੱਧ ਮੁਕੱਦਮਾ ਥਾਣਾ ਆਈ ਟੀ ਸਿਟੀ, ਜ਼ਿਲ੍ਹਾ ਐਸ.ਏ.ਐਸ. ਨਗਰ ਦਰਜ ਹੋਇਆ ਸੀ ਕਿ ਉਹਨਾਂ ਦੀ ਜਿਊਲਰ ਸ਼ਾਪ ਜੇਸ਼ਾਈਨ ਸੌਕ ਪ੍ਰਾਈਵੇਟ ਲਿਮਟਿਡ ਜੋ ਕਿ ਐਸ ਸੀ ਓ 53-54 ਦੂਜੀ ਮੰਜ਼ਿਲ, ਸੈਕਟਰ 66-1, ਜੇ ਐਲ ਪੀ ਐਲ, ਸੈਕਟਰ-82 ਦੇ ਸਾਹਮਣੇ, ਜੇ ਐਲ ਪੀ ਐਲ, ਮੋਹਾਲੀ ਵਿਖੇ ਸਥਿਤ ਹੈ, ਵਿੱਚ ਚੋਰੀ ਹੋਈ ਹੈ। ਉਕਤ ਚੋਰੀ ਦੀ ਵੱਡੀ ਵਾਰਦਾਤ ਹੋਣ ਕਰਕੇ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ ਜਿਲਾ ਐਸ.ਏ.ਐਸ. ਨਗਰ ਵੱਲੋਂ ਮੁਕੱਦਮਾ ਨੂੰ ਹਰ ਹਾਲਤ ਵਿੱਚ ਟਰੇਸ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਜਿਸ ਤੇ ਹਰਸਿਮਰਨ ਸਿੰਘ ਬੱਲ ਉੱਪ ਕਪਤਾਨ ਪੁਲਿਸ ਸਿਟੀ-2 ਮੋਹਾਲੀ ਅਤੇ ਰਾਜਨ ਪਰਮਿੰਦਰ ਸਿੰਘ ਉਪ-ਕਪਤਾਨ ਪੁਲਿਸ (ਜਾਂਚ) ਦੀ ਨਿਗਰਾਨੀ ਹੇਠ ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਅਤੇ ਇੰਸ: ਸਤਵਿੰਦਰ ਸਿੰਘ ਮੁੱਖ ਅਫਸਰ ਥਾਣਾ ਆਈ ਟੀ ਸਿਟੀ ਦੀਆਂ ਟੀਮਾਂ ਬਣਾਈਆਂ ਗਈਆਂ ਸਨ ਅਤੇ ਹਦਾਇਤ ਕੀਤੀ ਸੀ ਕਿ ਉਕਤ ਮੁਕੱਦਮਾ ਦੇ ਦੋਸ਼ੀ ਦਾ ਸੁਰਾਗ ਲਗਾਕੇ ਤੁਰੰਤ ਮੁਕੱਦਮਾ ਟਰੇਸ ਕਰੇ। ਜਿਸ ਤੇ ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ., ਇੰਸ: ਸਤਵਿੰਦਰ ਸਿੰਘ ਮੁੱਖ ਅਫਸਰ ਥਾਣਾ ਆਈ.ਟੀ. ਸਿਟੀ ਅਤੇ ਉਹਨਾਂ ਦੀਆਂ ਟੀਮਾਂ ਵੱਲੋਂ ਕਾਰਵਾਈ ਕਰਦੇ ਹੋਏ, ਤਕਨੀਕੀ ਅਤੇ ਮਾਨਵੀ ਵਸੀਲਿਆਂ ਦੀ ਮਦਦ ਨਾਲ ਜਿਊਲਰ ਸ਼ਾਪ ਵਿੱਚ ਬਤੌਰ ਮੈਨੇਜਰ ਕੰਮ ਕਰਦੇ ਦੋਸ਼ੀ ਦੀਪਕ ਕੁਮਾਰ ਭਾਰਦਵਾਜ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਪਾਸੋਂ ਚੋਰੀ ਕੀਤੇ ਸੋਨੇ ਅਤੇ ਹੀਰੇ ਦੇ ਗਹਿਣੇ ਵੀ ਬ੍ਰਾਮਦ ਕਰ ਲਏ ਹਨ।ਦੋਸ਼ੀ ਦੀ ਪੁੱਛਗਿੱਛ ਤੇ ਖੁਲਾਸਾ ਹੋਇਆ ਕਿ ਦੋਸ਼ੀ ਕ੍ਰੀਬ 04 ਸਾਲਾਂ ਤੋਂ ਜਿਊਲਰ ਸ਼ੌਪ ਵਿੱਚ ਬਤੌਰ ਮੈਨੇਜਰ ਕੰਮ ਕਰਦਾ ਸੀ। ਜਿਸਨੇ ਬੜੀ ਚੁਸਤੀ ਅਤੇ ਹੁਸ਼ਿਆਰੀ ਨਾਲ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਦੋਸ਼ੀ ਪੁਲਿਸ ਰਿਮਾਂਡ ਅਧੀਨ ਹੈ, ਜਿਸ ਪਾਸੋਂ ਡੀ.ਵੀ.ਆਰ., ਕੈਸ਼ ਅਤੇ ਈ ਪੀ ਏ ਬੀ ਐਕਸ ਮਸ਼ੀਨ ਦੀ ਬ੍ਰਾਮਦਗੀ ਕਰਵਾਈ ਜਾ ਰਹੀ ਹੈ।

## ਜ਼ਿਮਨੀ ਚੋਣ 'ਚ ਗੈਂਗਸਟਰਾਂ ਤੇ ਪੁਲਸ ਦੀ ਭੂਮਿਕਾ ਚਿੰਤਾਜਨਕ (ਸਫ਼ਾ 4 ਦਾ ਬਾਕੀ)

ਇਹਦਾ ਕਾਰਨ ਇਹ ਕਿ ਇਨ੍ਹਾਂ ਦੋਵਾਂ ਪਾਰਟੀਆਂ ਨਾਲ ਉਹ ਪਿੰਡਾਂ ਦੇ ਚੌਧਰੀ ਸਨ, ਜਿਨ੍ਹਾਂ ਦਾ ਪਿੰਡ ਵਿੱਚ ਸਮਾਜਿਕ ਦਬਦਬਾ ਹੈ ਅਤੇ ਆਰਥਿਕ ਤੌਰ 'ਤੇ ਸੰਪੰਨ ਹਨ, ਜਿਨ੍ਹਾਂ ਦੇ ਪੁਲਸ ਤੇ ਅਧਿਕਾਰੀਆਂ ਨਾਲ ਹੱਥ ਮਿਲੇ ਹੋਏ ਹਨ। ਦੂਸਰਾ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀ, ਕਿਉਂਕਿ ਵਧੇਰੇ ਕਰਕੇ ਸੰਪੰਨ ਪਰਵਾਰਾਂ ਦੇ ਅਤੇ ਰਵਾਇਤੀ ਰਾਜਸੀ ਪਾਰਟੀਆਂ ਦੇ ਰਾਜ ਕਾਲ ਵਿੱਚ ਭਰਤੀ ਹੋਏ ਸਨ, ਸੋ ਉਨ੍ਹਾਂ ਦੀ ਹਮਦਰਦੀ ਤੇ ਨੇੜਤਾ ਇਨ੍ਹਾਂ ਨਾਲ ਹੀ ਰਹੀ। ਇਹਦੀ ਮਿਸਾਲ ਹੈ ਕਿ ਤਰਨ ਤਾਰਨ ਹਲਕੇ ਦੇ ਦਰਜਨ ਤੋਂ ਵੱਧ ਕਾਂਗਰਸੀ ਸਰਪੰਚਾਂ ਉਤੇ 2020 ਤੋਂ ਲੈ ਕੇ 2024 ਤੱਕ ਗਬਨ ਦੀ ਜਾਂਚ ਵੀ ਹੋਈ ਤੇ ਕੇਸ ਦਰਜ ਹੋਏ, ਪਰ ਅੱਗੇ ਕੋਈ ਕਾਰਵਾਈ ਨਹੀਂ ਹੋਈ ਹਰਮੀਤ ਸਿੰਘ ਸੰਧੂ ਵੀ ਜਿਹੜਾ 8-9 ਸਾਲ ਤੋਂ ਸਤਾ ਤੋਂ ਬਾਹਰਸੀ ਲਈ ਇਹ ਸੌਦਾ ਕਰਨਾ ਹੀ, ਬਿਹਤਰ ਰਾਹ ਸੀ। ਹਰਮੀਤ ਸੰਧੂ ਕਿਉਂਕਿ ਬਾਦਲ ਅਕਾਲੀ ਦਲ 'ਚੋਂ ਆਇਆ ਸੀ ਅਤੇ 10 ਸਾਲ ਬਾਦਲ ਸਰਕਾਰ ਵੇਲੇ ਵਿਧਾਇਕ ਰਿਹਾ, ਉਹਦਾ ਪਿੰਡਾਂ ਵਿੱਚ ਨੈੱਟਵਰਕ ਵੀ ਸੀ ਅਤੇ ਦਬਦਬਾ ਵੀ ਸੀ, ਨਾਲ ਹੀ ਸੁਖਬੀਰ ਬਾਦਲ ਤੇ ਵਿਰਸਾ ਸਿੰਘ ਵਲਟੋਹਾ ਦੇ ਦਾਅ-ਪੇਚਾਂ ਦਾ ਭੇਤੀ ਸੀ, ਸੋ 'ਆਪ' ਲਈ ਬਿਹਤਰ ਚੋਣ ਸੀ।

ਅਕਾਲੀ ਦਲ ਬਾਦਲ ਨੇ ਜੋ ਉਮੀਦਵਾਰ ਆਜ਼ਾਦ ਗਰੁੱਪ ਵੱਲੋਂ ਆਪਣੀ ਝੋਲੀ ਪੁਆਇਆ ਸੀ, ਵੀ ਹਲਕੇ 'ਚੋਂ ਨਹੀਂ, ਬਾਹਰੋਂ ਸੀ। ਜਿਸ ਨੂੰ ਧਰਮੀ ਫੌਜੀ ਪਰਵਾਰ ਵਿੱਚੋਂ ਪ੍ਰਚਾਰਿਆ ਜਾਂਦਾ ਰਿਹਾ ਅਤੇ ਜਿਸ ਬਾਰੇ ਚਰਚਾ ਸੀ ਕਿ ਉਹ ਜੂਨ ਚੁਰਾਸੀ ਤੋਂ ਪਹਿਲਾਂ ਹੀ ਫੌਜ ਛੱਡ ਕੇ ਆ ਚੁੱਕਾ ਸੀ। ਉਮੀਦਵਾਰ ਦਾ ਨਾਂਅ ਅੰਮ੍ਰਿਤਪਾਲ ਬਾਠ ਦੀ ਸੱਸ ਵਜੋਂ ਵੀ ਸਾਹਮਣੇ ਆਇਆ, ਜਿਸ ਨੂੰ ਵਿਰੋਧੀ ਧਿਰ ਨੇ ਇਕ ਗੈਂਗਸਟਰ ਦੇ ਰੂਪ ਵਿੱਚ ਪ੍ਰਚਾਰਿਆ। ਅੰਮ੍ਰਿਤਪਾਲ ਬਾਲ ਕੈਨੇਡਾ ਬੈਠਾ ਹੈ, ਜਿਥੋਂ ਉਹ ਵੀਡਿਓ ਜਾਰੀ ਕਰਦਾ ਹੈ। ਉਸ ਦਾ ਸੰਬੰਧ ਕਈ ਸਰਪੰਚਾਂ ਦੇ ਕਤਲਾਂ ਵਿਸ਼ੇਸ਼ ਕਰਕੇ ਮੋਨੂੰ ਚੀਮਾ ਸਰਪੰਚ ਦੇ ਕਤਲ ਨਾਲ ਵੀ ਜੋੜਿਆ ਗਿਆ, ਇਹ ਉਹੀ ਮੋਨੂੰ ਚੀਮਾ ਹੈ, ਜਿਸ ਦੇ ਪਿੰਡ ਦਾ ਇਕ ਮਜ਼ਦੂਰ, ਜੋ ਇਨ੍ਹਾਂ ਦੀ ਆੜ੍ਹਤ 'ਤੇ ਮਜ਼ਦੂਰ ਵਜੋਂ ਕੰਮ ਕਰਦਾ ਸੀ, ਕਿਸਾਨ ਸੰਘਰਸ਼ ਦੌਰਾਨ ਨਿਹੰਗ ਸਿੰਘਾਂ ਵੱਲੋਂ ਸਿੰਘੂ ਬਾਰਡਰ 'ਤੇ ਕਤਲ ਕੀਤਾ ਗਿਆ ਸੀ। ਉਹਨੂੰ ਦਿਲੀ ਕਿਸਾਨ ਸੰਘਰਸ਼ ਵਿੱਚ ਕੌਣ ਲੈ ਕੇ ਗਿਆ, ਇਹ ਰਹੱਸ ਹੀ ਹੈ। ਉਂਝ ਪਿੰਕੀ ਕੈਟ ਦਾ ਨਾਂਅ ਵੀ ਇਸ ਨਾਲ ਤੇ ਮੋਨੂੰ ਚੀਮਾ ਨਾਲ ਜੁੜਦਾ ਰਿਹਾ ਹੈ। ਅੰਮ੍ਰਿਤਪਾਲ ਬਾਠ ਮੁਤਾਬਕ ਇਹ ਦੋਵੇਂ ਹੀ ਭਾਵ ਬਾਠ ਤੇ ਸੋਨੂੰ-ਮੋਨੂੰ ਚੀਮਾ ਆਦਿ ਅਕਾਲੀ ਦਲ ਦੀ ਸਰਕਾਰ ਸਮੇਂ ਹਰਮੀਤ ਸੰਧੂ ਨਾਲ ਹੀ ਹੁੰਦੇ ਸਨ। ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਅੰਮ੍ਰਿਤਪਾਲ ਬਾਠ ਤੇ ਸੋਨੂੰ-ਮੋਨੂੰ ਚੀਮਾ ਦਰਮਿਆਨ ਸ਼ਬਦੀ ਜੰਗ ਚਲਦੀ ਰਹੀ ਹੈ। ਅੰਮ੍ਰਿਤਪਾਲ ਬਾਠ ਦੇ ਨਾਂਅ 'ਤੇ ਬਹੁਤ ਸਾਰੇ ਪਿੰਡਾਂ ਵਿੱਚ ਫੋਨਾਂ ਰਾਹੀਂ ਵਿਰੋਧੀਆਂ ਵਿਸ਼ੇਸ਼ ਕਰਕੇ ਆਪ ਦੇ ਵਰਕਰਾਂ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ। ਬਹੁਤ ਸਾਰੇ ਵਰਕਰ ਤਾਂ ਚੁੱਪ ਹੀ ਰਹੇ, ਪਰ ਪੱਧਰੀ ਕਲਾਂ ਦੇ ਇਕ ਪਰਵਾਰ ਨੇ ਮੰਗ ਕੀਤੀ ਕਿ ਅੰਮ੍ਰਿਤਪਾਲ ਬਾਠ ਦੇ ਨਾਂਅ ਹੇਠ ਫੋਨ 'ਤੇ ਧਮਕੀਆ ਦੇਣ ਵਾਲੇ ਅਨਸਰਾਂ ਦੀ ਪਹਿਚਾਣ ਹੋਣੀ ਚਾਹੀਦੀ ਹੈ, ਕਿਉਂਕਿ ਬਾਠ ਕੈਨੇਡਾ ਬੈਠਾ ਹੈ ਤੇ ਇਹ ਸੰਭਵ ਨਹੀਂ ਕਿ ਉਹ ਐਨੀ ਵੱਡੀ ਪੱਧਰ 'ਤੇ ਪਿੰਡਾਂ ਵਿੱਚ ਫੋਨ ਕਰੇ। ਭਾਵ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿੱਚ ਮਾਹੌਲ ਤਿਆਰ ਕਰਨ ਲਈ ਵਿਰੋਧੀਆਂ ਉਤੇ ਦਹਿਸ਼ਤ ਪਾਉਣ ਦਾ ਜੋ ਹਥਿਆਰ ਵਰਤਿਆ ਗਿਆ ਹੈ, ਇਹ ਮੰਦਭਾਗਾ ਵਰਤਾਰਾ ਹੈ ਅਤੇ ਇਹਦਾ ਜੁਆਬ ਸੁਖਬੀਰ ਬਾਦਲ ਨੂੰ ਦੇਣਾ ਬਣਦਾ ਹੈ। ਜਦੋਂ ਅਕਾਲੀ ਦਲ ਦੀ ਉਮੀਦਵਾਰ ਇਹ ਦਾਅਵਾ ਕਰਦੀ ਹੈ ਕਿ 50 ਪਿੰਡਾਂ ਵਿੱਚ ਅਕਾਲੀਆਂ ਤੋਂ ਬਿਨਾਂ ਹੋਰ ਕਿਸੇ ਪਾਰਟੀ ਦੇ ਬੂਥ ਨਹੀਂ ਲੱਗੇ, ਤਾਂ ਇਹਦਾ ਮਤਲਬ ਕੀ ਹੈ?

ਵੈਸੇ ਪਿੰਡ ਮੀਆਂਪੁਰ, ਜਿਹੜਾ ਅੰਮ੍ਰਿਤਪਾਲ ਬਾਠ ਦਾ ਪਿੰਡ ਹੈ, ਵਿੱਚ ਕਿਸੇ ਵੀ ਹੋਰ ਪਾਰਟੀ ਦਾ ਬੂਥ ਹੀ ਨਹੀਂ ਲੱਗਾ ਜਾਂ ਲੱਗਣ ਹੀ ਨਹੀਂ ਦਿੱਤਾ, ਇਥੋਂ ਅਕਾਲੀ ਦਲ ਨੂੰ 900 ਅਤੇ ਹਰਮੀਤ ਸੰਧੂ (ਆਪ) ਨੂੰ ਸਿਰਫ਼ 63 ਵੋਟਾਂ ਹੀ ਪਈਆਂ। ਅਜਿਹਾ ਹੀ ਵਰਤਾਰਾ ਪਿੰਡ ਚੀਮੇ ਵਿੱਚ ਵੇਖਣ ਨੂੰ ਮਿਲਿਆ, ਜਿਥੇ ਅਕਾਲੀ ਦਲ ਦਾ ਕੋਈ ਵਿਧੀਵਤ ਬੂਥ ਨਹੀਂ ਲੱਗਾ ਤੇ ਇਕਪਾਸੜ ਹਰਮੀਤ ਸੰਧੂ ਨੂੰ ਵੋਟਾਂ ਵਧੇਰੇ ਪਈਆਂ। ਇਹ ਸੋਨੂੰ ਦਾ ਪਿੰਡ ਹੈ। ਇਨ੍ਹਾਂ ਸਾਰੇ ਪਿੰਡਾਂ ਸਮੇਤ ਝਬਾਲ ਪਿੰਡ ਵਿੱਚ ਅਕਾਲੀ ਦਲ ਦੀ ਪੁਜ਼ੀਸ਼ਨ ਮਜ਼ਬੂਤ ਸੀ। ਇਹ ਮਜ਼ਬੂਤੀ ਇਸ ਕਰਕੇ ਨਹੀਂ ਕਿ ਅਕਾਲੀ ਦਲ ਬਾਦਲ ਨੂੰ ਲੋਕ ਚਾਹੁੰਦੇ ਸਨ। 10 ਨਵੰਬਰ ਦੀ ਸ਼ਾਮ ਰਾਤ ਨੂੰ ਨੌਜਵਾਨ ਮੋਟਰਸਾਈਕਲਾਂ 'ਤੇ ਮੂੰਹ ਬੰਨ੍ਹ ਕੇ ਵਿਰੋਧੀਆਂ ਦੇ ਘਰਾਂ 'ਚ ਇਹ ਧਮਕੀਆਂ ਦਿੰਦੇ ਰਹੇ ਕਿ ਹਰਮੀਤ ਸੰਧੂ ਦਾ ਬੂਥ ਨਹੀਂ ਲੱਗਣਾ ਚਾਹੀਦਾ। ਇਸ ਵਰਤਾਰੇ ਨੇ ਅੱਤਵਾਦ ਦੇ ਦੌਰ ਨੂੰ ਹੀ ਦੁਹਰਾਇਆ ਅਤੇ ਯਾਦ ਕਰਵਾਇਆ। ਜ਼ਿਮਨੀ ਚੋਣਾ ਵਿੱਚ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਲੜਕੀ ਤੇ ਅੰਮ੍ਰਿਤਪਾਲ ਬਾਠ ਦੀ ਪਤਨੀ ਕੰਚਨਪ੍ਰੀਤ ਕੌਰ ਦੀ ਭੂਮਿਕਾ ਵੀ ਚਰਚਿਤ ਰਹੀ। ਕੈਨੇਡਾ ਤੋਂ ਨੇਪਾਲ ਰਾਹੀਂ ਆਈ ਕੰਚਨਪ੍ਰੀਤ ਦੀ ਤਿੱਖੀ ਤੇ ਹਮਲਾਵਰ ਸ਼ਬਦਾਵਲੀ ਪੁਲਸ ਅਧਿਕਾਰੀਆਂ ਨਾਲ ਬਹਿਸਬਾਜ਼ੀਆਂ ਤੇ ਧਮਕੀਆਂ ਨੇ ਉਸ ਨੂੰ ਚਰਚਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਹਦੇ ਕਾਰਨ ਹੀ ਅੰਮ੍ਰਿਤਸਰ ਦੇ ਐੱਸ ਐੱਸ ਪੀ ਨੂੰ ਵੀ ਸਰਕਾਰ ਵੱਲੋਂ ਖਮਿਆਜ਼ਾ ਭੁਗਤਣਾ ਪਿਆ, ਕਿਉਂਕਿ ਉਹ ਨੂੰ ਗ੍ਰਿਫ਼ਤਾਰ ਨਾ ਕਰਨ ਤੋਂ ਖਫ਼ਾ ਭਗਵੰਤ ਮਾਨ ਸਰਕਾਰ ਨੇ ਪੁਲਸ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ। ਇਸ ਦੌਰਾਨ ਪਿੰਡਾਂ ਵਿੱਚ ਜਿਹੜਾ ਦਹਿਸ਼ਤਜ਼ ਦਾ ਮਹੌਲ ਬਣਿਆ, ਉਸ ਨੇ 80ਵਿਆਂ ਦੇ ਦੌਰ ਨੂੰ ਯਾਦ ਕਰਵਾ ਦਿੱਤਾ। ਸੁਖਬੀਰ ਬਾਦਲ ਨੇ ਪਿੰਡਾਂ ਵਿੱਚ ਧੜੇਬੰਦੀਆਂ ਤੇ ਦੁਸ਼ਮਣੀਆਂ ਤੇ ਦੁਸ਼ਮਨੀਆ ਨੂੰ ਫਿਰ ਹਵਾ ਦੇ ਕੇ ਸਾਹਮਣੇ ਲਿਆਂਦਾ, ਜਿਹੜੀਆਂ ਕਿਸਾਨ ਘੋਲ ਪਿੱਛੋਂ ਮੱਧਮ ਪੈ ਚੁੱਕੀਆਂ ਸਨ। ਚੋਣਾਂ ਪਿੱਛੋਂ ਵੀ ਜਿਹੜੀ ਭਾਸ਼ਾ ਸੁਖਬੀਰ ਅਤੇ ਵਿਰਸਾ ਸਿੰਘ ਵਲਟੋਹਾ ਸਮੇਤ ਹੋਰ ਅਕਾਲੀ ਬੋਲ ਰਹੇ ਹਨ। ਇਹ ਇਸ ਖ਼ਤਰਨਾਕ ਵਰਤਾਰੇ ਨੂੰ ਹੋਰ ਉਤੇਜਿਤ ਕਰਨ ਦੀ ਹੀ ਭੂਮਿਕਾ ਨਿਭਾ ਰਹੇ ਹਨ। ਭਾਜਪਾ ਨੇ ਪਹਿਲੀ ਵਾਰ ਤਰਨ ਤਾਰਨ ਦੇ ਪਿੰਡਾਂ ਵਿੱਚ ਵਿਸ਼ੇਸ਼ ਕਰਕੇ ਮਜ਼ਦੂਰ ਵਿਹੜਿਆਂ ਵਿੱਚ ਆਪਣਾਂ ਪੈਰ-ਧਰਾਵਾ ਕੀਤਾ, ਜਿਹੜਾ ਕਿਸਾਨਾਂ-ਮਜ਼ਦੂਰਾਂ ਵਿੱਚ ਲੀਕਾਂ ਖਿੱਚਣ, ਤਕਰਾਰਾਂ, ਟਕਰਾਵਾਂ ਤੇ ਝਗੜਿਆ ਦੀ ਜ਼ਮੀਨ ਤਿਆਰ ਕਰੇਗਾ।

ਇਸ ਜ਼ਿਮਨੀ ਚੋਣ ਨੇ ਇਹ ਤੱਥ ਸਾਹਮਣੇ ਲਿਆਂਦਾ ਕਿ ਅਗਲੇਰੀ ਚੋਣਾ ਵਿੱਚ ਪੈਸਾ, ਭਾਈਬੰਦੀਆਂ, ਰਿਸ਼ਤੇਦਾਰੀਆਂ ਹੀ ਨਹੀਂ, ਪੁਲਸ ਦੀ ਨਿਸੰਗ ਵਰਤੋਂ ਅਤੇ ਮਾਹੌਲ ਨੂੰ ਦਹਿਸ਼ਤਜ਼ਦਾ ਕਰਨ ਲਈ ਲੰਪਨ ਗਰੋਹਾਂ ਤੇ ਗੈਂਗਸਟਰਾਂ ਦੀ ਲੋੜ ਪਹਿਲਾਂ ਨਾਲੋਂ ਕਿਤੇ ਵਧ ਗਈ ਹੈ। ਵੋਟਰਾਂ ਤੇ ਵਿਰੋਧੀਆਂ ਨੂੰ ਦਹਿਸ਼ਤਜ਼ਦਾ ਕਰਨ ਲਈ ਹਥਿਆਰਬੰਦ ਲੰਪਨ ਗਰੋਹਾਂ ਤੇ ਪੁਲਸ ਦੀ ਖੁੱਲ੍ਹੀ ਵਰਤੋਂ ਜਮਹੂਰੀਅਤ ਤੇ ਨਿਰਪੱਖ ਚੋਣਾਂ ਦੇ ਦਾਅਵਿਆਂ ਦੀ ਵੀ ਫੂਕ ਕੱਢਦੀ ਹੈ।

ਲੋਕਾਂ ਵੱਲੋਂ ਸਰਕਾਰ ਚੁਣਨ ਦਾ ਅਧਿਕਾਰ ਜਦੋਂ ਦਹਿਸ਼ਤਜ਼ਦਾ ਮਹੌਲ ਦੀ ਗ੍ਰਿਫ਼ਤ 'ਚ ਆ ਜਾਵੇ ਤਾਂ ਸਧਾਰਨ ਲੋਕਾਂ ਤੇ ਚਿੰਤਕਾਂ ਲਈ ਕਈ ਸੁਆਲ ਖੜੇ ਕਰ ਦਿੰਦਾ ਹੈ। ਉਸ ਵੇਲੇ ਹੋਰ ਵੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ, ਜਦੋਂ ਲੋਕ ਮਸਲੇ ਗਾਇਬ ਕਰ ਦਿੱਤੇ ਜਾਣ ਤੇ ਚੋਣ ਕਪਟ, ਝੂਠ, ਮਕਾਰੀ, ਦਹਿਸ਼ਤ, ਪੈਸੇ ਤੇ ਪੁਲਸ ਦੇ ਦਮ 'ਤੇ ਹੀ ਲੜੀ ਜਾਵੇ ਤਾਂ ਲੋਕ ਹਿਤੈਸ਼ੀ ਤੇ ਜਮਹੂਰੀਅਤ ਚਾਹੁੰਣ ਵਾਲੀਆਂ ਤਾਕਤਾਂ ਲਈ ਕੋਈ ਥਾਂ ਨਹੀਂ ਬਚਦੀ। ਦੇਸ਼ ਵਿੱਚ ਪਸਰ ਰਿਹਾ ਇਹ ਵਰਤਾਰਾ ਤੇ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਕੀਤਾ ਗਿਆ ਇਹ ਪ੍ਰਯੋਗ ਇਕ ਖ਼ਤਰਨਾਕ ਰੁਝਾਨ ਹੈ।

**# ਸੰਪਰਕ : 93544-30211**

## ਤਰਕਸ਼ੀਲ ਸੋਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਨੂੰ ਪਹਿਲਾ ਸਥਾਨ ਪ੍ਰਾਪਤ

**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਵਿਦਿਆਰਥੀ ਚੇਤਨਾ ਪ੍ਰੀਖਿਆ ਕਰਵਾਈ ਜਾਂਦੀ ਹੈ। ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ, ਪੰਜਾਬ ਦੇ ਸ਼ਾਨਾ ਮਤੇ



ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਸਮਾਜ ਦੇ ਅਸਲ ਨਾਇਕਾਂ ਦੇ ਰੂ-ਬ-ਰੂ ਕਰਵਾਉਣ ਦੇ ਉਦੇਸ਼ ਨਾਲੇ ਉਪਰਾਲਾ ਕੀਤਾ ਜਾਂਦਾ ਹੈ। ਇਸ ਵਾਰ ਸੱਤਵੀਂ ਵਿਦਿਆਰਥੀ ਚੇਤਨਾ ਪਰਖ 'ਗ਼ਦਰੀ ਗੁਲਾਬ' ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੀ। ਰੱਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਤਰਕਸ਼ੀ ਸੋਸਾਇਟੀ ਦੇ ਮੁੱਖ ਦਫਤਰਕਸ਼ੀਲ ਭਵਨ ਬਰਨਾਲਾ ਵਿਖੇ ਸੂਬਾਈ ਸਮਾਗਮ ਕੀਤਾ ਗਿਆ। ਇਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਇਕਾਈਆਂ ਦੇ ਕਾਰਕੂਨ, ਵਿਦਿਆਰਥੀ, ਅਧਿਆਪਕ ਅਤੇ ਮਾਪਿਆਂ ਨੇ ਸ਼ਮੂਲੀਅਤ ਕੀਤੀ। ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਇਕਾਈਆਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਸਮਾਗਮ ਵਿੱਚ ਤਰਕਸ਼ੀਲ ਇਕਾਈ ਸ਼ਾਹਕੋਟ ਨੂੰ ਚੇਤਨਾ ਪਰਖ ਪ੍ਰੀਖਿਆ ਵਿੱਚ ਸਭ ਤੋਂ ਵੱਧ 2293 ਵਿਦਿਆਰਥੀਆਂ ਨੂੰ ਰਜਿਸਟਰ ਕਰਨ ਕਰਕੇ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਹੋਇਆ। ਇਹ ਸਨਮਾਨ ਸਮਾਗਮ ਦੇ ਮੁੱਖ ਮਹਿਮਾਨ ਗੁਰਮੀਤ ਕੜਿਆਲਵੀ, ਮਹਿਮਾਨ ਅਤੇ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਕਾਰਜਕਰਨੀ ਦੇ ਮੈਂਬਰ ਨੇ ਭੇਂਟ ਕੀਤਾ। ਸ਼ਾਹਕੋਟ ਕਾਈ ਵੱਲੋਂ ਇਹ ਇਨਾਮ ਸੁਖਵਿੰਦਰ ਬਾਗਪੁਰ, ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਪਾਲ ਬਾਗਪੁਰ ਆਦਿ ਨੇ ਪ੍ਰਾਪਤ ਕੀਤਾ।

## ਸਾਬਕਾ ਸਰਪੰਚ ਪੰਡਿਤ ਰਾਮ ਪ੍ਰਕਾਸ਼ ਦਿਵੇਦੀ ਨੂੰ ਸਦਮਾ, ਛੋਟੀ ਨੂੰਹ ਦਾ ਦੇਹਾਂਤ

**ਨੰਗਲ (ਸੁਰਜੀਤ ਢੇਰ)**- ਬਜ਼ੁਰਗ ਭਾਜਪਾ ਆਗੂ ਅਤੇ ਪਿੰਡ ਬਰਾਰੀ ਨੰਗਲ ਡੈਮ ਦੇ ਸਾਬਕਾ ਸਰਪੰਚ ਪੰਡਿਤ ਰਾਮ ਪ੍ਰਕਾਸ਼ ਦਿਵੇਦੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਛੋਟੀ ਨੂੰਹ ਮੋਨਿਕਾ ਸ਼ਰਮਾ ਪਤਨੀ ਵਿਨੋਦ ਸ਼ਰਮਾ ਦਾ ਐਤਵਾਰ ਦੇਰ ਸ਼ਾਮ ਅਚਨਚੇਤ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਦੋ ਬੇਟੀਆਂ ਤੇ ਇੱਕ ਬੇਟਾ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਬਰਾਰੀ ਤੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ ਜਿੱਥੇ ਉਹਨਾਂ ਦੇ ਸਪੁੱਤਰ ਵੱਲੋਂ ਚਿਖਾ ਨੂੰ ਅਗਨੀ ਵਿਖਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਵੱਖ ਵੱਖ ਰਾਜਨੀਤਿਕ ਧਾਰਮਿਕ ਮੁਲਾਜ਼ਮ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਨੁਮਾਇੰਦੇ ਦਿਵੇਦੀ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਹੋਏ ਸਨ। ਪਰਵਾਰ ਨਾਲ ਦੁੱਖ ਪ੍ਰਗਟਾਉਣ ਵਾਲਿਆਂ ਵਿੱਚ ਕੌਂਸਲਰ ਐਡਵੋਕੇਟ ਪਰਮਜੀਤ ਸਿੰਘ ਪੰਮਾ, ਹਰਦੀਪ ਸਿੰਘ ਬੈਂਸ ਮੈਂਬਰ ਟਰੱਕ ਯੂਨੀਅਨ ਨੰਗਲ, ਖੱਬੇ ਪੱਖੀ ਅਤੇ ਕਿਸਾਨ ਆਗੂ ਸੁਰਜੀਤ ਸਿੰਘ ਢੇਰ, ਭਾਜਪਾ ਆਗੂ ਮੁਕੇਸ਼ ਨੱਡਾ, ਲੰਬੜਦਾਰ ਧਰਮਪਾਲ ਸੋਢੀ, ਸਾਬਕਾ ਕੌਂਸਲਰ ਹਰੀਸ਼ ਕਪਿਲਾ, ਰਕੇਸ਼ ਬਾਲੀ ਕਲਸੇੜਾ,ਪਵਨ ਯਗੋਤਾ, ਖੇਡ ਪ੍ਰਮੋਟਰ ਪਵਨ ਸ਼ਰਮਾ ਸ਼ਾਇਰ ਵਿੰਦਰ ਸ਼ਰਮਾ, ਕੌਂਸਲਰ ਵਿਦਿਆ ਸਾਗਰ, ਅਨਿਲ ਐਰੀ ,ਮੰਗਤ ਰਾਮ, ਐਡਵੋਕੇਟ ਕੁਲਦੀਪ ਚੰਦ, ਅਸ਼ਵਨੀ ਸ਼ਰਮਾ , ਤਰਨਜੀਤ ਸਿੰਘ ਫੌਜੀ, ਮਨਵੀਰ ਸਿੰਘ ਬਰਾਰੀ, ਅੰਸ਼ੂ ਦਵੇਦੀ, ਸੁਸ਼ੀਲ ਕੁਮਾਰ ਸ਼ੀਲੂ , ਜਸਪਾਲ ਸਿੰਘ ਬੋਬੀ, ਸਾਬਕਾ ਸਰਪੰਚ ਕ੍ਰਿਸ਼ਨਪਾਲ ਰਾਣਾ, ਬਖਸ਼ੀਸ਼ ਸਿੰਘ, ਕਮਲ ਸਿੰਘ, ਤਰਲੋਕ ਸਿੰਘ ਬੈਂਸ, ਗੁਰਮੇਲ ਸਿੰਘ, ਮਹਾਦੇਵ ਕੁਮਾਰ, ਜਸਬੀਰ ਸਿੰਘ ,ਅਮਰੀਕ ਸਿੰਘ , ਸੁਰੇਸ਼ ਸ਼ਾਸਤਰੀ, ਰਾਜੇਸ਼ ਸ਼ਾਸਤਰੀ, ਕਮਲ ਦੀਵੇਦੀ, ਹਰੀ ਕਿਸ਼ਨ ਬੱਗਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।



26 Nov Page 9.qxd 11/25/2025 10:15 PM Page 1



# ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਨਗਰ ਕੀਰਤਨ ਸ੍ਰੀ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਨਾਲ ਸ਼ਹੀਦ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀਸ ਭੇਟ ਨਗਰ ਕੀਰਤਨ ਖਾਲਸਾਈ ਜਾਹੋ ਜਲਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ, ਨਗਾਰਿਆਂ, ਨਿਸ਼ਾਨਚੀਆਂ ਦੀ ਅਗਵਾਈ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਪ੍ਰਬੰਧ ਵਿਚ ਸ੍ਰੀ ਕੀਰਤਪੁਰ ਸਾਹਿਬ ਤੋਂ ਚੱਲ ਕੇ ਸ਼ਬਦ ਗੁਰੂ ਜੋਤ ਦੀ ਅਲਖ ਜਗਾਉਂਦਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਇਆ। ਇਲਾਕੇ ਦੀਆਂ ਸਮੂਹ ਸੰਗਤਾਂ, ਸੁਸਇਟੀਆਂ, ਸੰਤ ਮਹਾਪੁਰਸ਼ਾਂ ਵੱਲੋਂ ਪੰਜ ਪਿਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦਾ ਫੁੱਲਾਂ ਦੀ ਵਰਖਾ ਨਾਲ ਨਿੱਘਾ ਸੁਆਗਤ ਕੀਤਾ। ਇਸ ਨਗਰ ਕੀਰਤਨ ਵਿਚ ਹਾਥੀ, ਘੋੜੇ, ਊਠ ਬਹੁਤ ਸੁੰਦਰ ਰੂਪ ਵਿਚ ਸ਼ਿੰਗਾਰੇ ਹੋਏ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਹ ਤਿੰਨ ਰੋਜ਼ਾ ਗੁਰਮਤਿ ਸਮਾਗਮ 25 ਨਵੰਬਰ ਤੀਕ ਗੁਰਦੁਆਰਾ ਗੁਰੂ ਕਾ ਬਾਗ਼ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਚੱਲਣਗੇ।



# ਸੀ ਆਰ ਪੀ ਐੱਫ ਨੇ ਆਪਣੇ ਨਾਂਅ ਕੀਤੀ ਚਰਨਜੀਤ ਸਿੰਘ ਬਾਸੀ ਮੈਮੋਰੀਅਲ ਫੁੱਟਬਾਲ ਟਰਾਫੀ

**ਫਗਵਾੜਾ (ਡਾ. ਰਮਨ)**- ਫਗਵਾੜਾ ਫੁੱਟਬਾਲ ਅਕੈਡਮੀ ਫਗਵਾੜਾ ਵੱਲੋਂ ਸਥਾਨਕ ਅਕਾਲ ਸਟੇਡੀਅਮ ਵਿਖੇ ਅਕੈਡਮੀ ਦੇ ਪ੍ਰਧਾਨ ਬੀ ਐੱਸ ਬਾਗਲਾ ਦੀ ਨਿਗਰਾਨੀ ਹੇਠ ਕਰਵਾਏ 24ਵੇਂ ਸਾਲਾਨਾ ਚਾਰ-ਰੋਜ਼ਾ ਸਵਰਗੀ ਚਰਨਜੀਤ ਸਿੰਘ ਬਾਸੀ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਪੰਜਾਬ ਫੁੱਟਬਾਲ ਕਲੱਬ ਮੋਹਾਲੀ ਅਤੇ ਸੀ ਆਰ ਪੀ ਐਫ ਜਲੰਧਰ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਇਸ ਰੋਮਾਂਚਕ ਮੁਕਾਬਲੇ ਦੌਰਾਨ ਪਹਿਲੇ ਹਾਫ ਦੇ 25ਵੇਂ ਮਿਨਟ ਦੇ ਵਿੱਚ ਸੀ ਆਰ ਪੀ ਐਫ ਦੀ ਟੀਮ ਵਲੋਂ ਕੀਤੇ ਗੋਲ ਤੋਂ ਬਾਅਦ ਮੋਹਾਲੀ ਦੀ ਟੀਮ ਅਖੀਰ ਤੱਕ ਬਰਾਬਰੀ ਕਰਨ ਲਈ ਸੰਘਰਸ਼ ਕਰਦੀ ਰਹੀ ਪਰ ਸਫਲ ਨਹੀਂ ਹੋਈ। ਇਸ ਤਰ੍ਹਾਂ ਸੀ.ਆਰ.ਪੀ.ਐਫ. ਜਲੰਧਰ ਨੇ 1-0 ਨਾਲ ਮੁਕਾਬਲਾ ਜਿੱਤ ਕੇ ਟਰਾਫੀ ਤੇ ਕਬਜਾ ਕਰ ਲਿਆ। ਫਾਈਨਲ ਮੁਕਾਬਲੇ ਦਾ ਉਦਘਾਟਨ ਕਨੇਡਾ ਸਰਕਾਰ ਵਿੱਚ ਮੰਤਰੀ ਨੀਨਾ ਤਾਂਗੜੀ ਦੇ ਪਤੀ ਐਨ ਆਰ ਆਈ. ਅਸ਼ਵਨੀ ਤਾਂਗੜੀ ਅਤੇ ਐਮ.ਐਲ.ਐਰੀ. ਡਾਇਰੈਕਟਰ ਡੀ.ਏ.ਵੀ. ਐਜੂਕੇਸ਼ਨਲ ਗਰੁੱਪ ਨੇ ਸਾਂਝੇ ਤੌਰ 'ਤੇ ਕੀਤਾ। ਜਦਕਿ ਜੇਤੂ ਟੀਮ ਅਤੇ ਖਿਡਾਰੀਆਂ ਨੂੰ ਇਨਾਮਾ ਦੀ ਵੰਡ ਕਰਨ ਲਈ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ ਹਲਕਾ ਇੰਚਾਰਜ ਫਗਵਾੜਾ ਵਿਸ਼ੇਸ਼ ਤੌਰ 'ਤੇ ਹਾਜਰ ਆਏ। ਇਸ ਦੌਰਾਨ ਲੜਕੀਆਂ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ। ਜਿਸ ਵਿੱਚ ਐਚ.ਐਮ.ਵੀ. ਕਾਲਜ ਜਲੰਧਰ ਦੀਆਂ ਖਿਡਾਰਨਾਂ ਅਤੇ ਫਗਵਾੜਾ ਫੁਟਬਾਲ ਅਕੈਡਮੀ ਦੇ ਵੈਟਰਨ ਖਿਡਾਰੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਸ਼ੋਅ ਮੈਚ ਦਾ ਉਦਘਾਟਨ ਕੌਂਸਲਰ ਵੀਨਾ ਰਾਣੀ ਵਲੋਂ ਕੀਤਾ ਗਿਆ। ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਟੂਰਨਾਮੈਂਟ ਦੀ ਜੇਤੂ ਟੀਮ ਨੂੰ 1 ਲੱਖ ਰੁਪਏ ਨਗਦ ਅਤੇ ਟਰਾਫੀ ਜਦਕਿ ਉਪ ਜੇਤੂ ਟੀਮ ਨੂੰ ਟਰਾਫੀ ਦੇ ਨਾਲ 50 ਹਜਾਰ ਰੁਪਏ ਦੇ ਇਨਾਮ ਨਾਲ ਨਵਾਜਦੇ ਹੋਏ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਤੋਂ ਇਲਾਵਾ ਮੈਨ ਆਫ ਦਿ ਮੈਚ ਅਤੇ ਪਲੇਅਰ ਆਫ ਦਿ ਟੂਰਨਾਮੈਂਟ ਖਿਡਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਪੀ.ਆਰ. ਸੌਂਧੀ, ਸੁਵਿੰਦਰਜੀਤ ਸਿੰਘ ਬੈਂਸ, ਰਿਟਾ. ਐਸ.ਪੀ., ਡਾ.ਪਰਮਪ੍ਰੀਤ ਕੈਂਡੋਵਾਲ, ਰੋਸ਼ਨਜੀਤ ਸਿੰਘ ਪਨਾਮ, ਰਾਜੀਵ ਸਚਦੇਵਾ, ਰੂਪਲਾਲ, ਪ੍ਰੋਫੈਸਰ ਜੈ ਦੇਵ ਦੁੱਗਲ, ਅਜੀਤ ਸਿੰਘ ਸੇਵਾਮੁਕਤ ਡੀ.ਐਸ.ਪੀ., ਤਰਸੇਮ ਲਾਲ ਸੀਨੀਅਰ ਮੈਨੇਜਰ, ਨਛੱਤਰ ਲਾਲ ਪਹਿਲਵਾਨ, ਨਰਿੰਦਰ ਸਿੰਘ ਗੋਲਡੀ, ਜਤਿੰਦਰ ਸ਼ਰਮਾ, ਤਜਿੰਦਰ ਪਾਲ ਸਿੰਘ ਬੇਦੀ, ਪ੍ਰਦੀਪ ਸ਼ਰਮਾ, ਪ੍ਰਿੰਸੀਪਲ ਮਨਜੀਤ ਸਿੰਘ, ਪ੍ਰਿੰਸੀਪਲ ਜਸਵੀਰ ਸਿੰਘ, ਸੁਨੀਲ ਕੁਮਾਰ, ਨਰਿੰਦਰ ਕੁਮਾਰ, ਅੰਤਰਰਾਸ਼ਟਰੀ ਫੁੱਟਬਾਲਰ ਕਸ਼ਮੀਰਾ ਸਿੰਘ, ਕਮਾਂਡੈਂਟ ਅਵਤਾਰ ਸਿੰਘ, ਰਾਮ ਪ੍ਰਕਾਸ਼, ਰਜਿੰਦਰ ਸਿੰਘ ਰਾਜੂ, ਹੁਕਮ ਚੰਦ ਭਨੋਟ ਆਦਿ ਹਾਜ਼ਰ ਸਨ।



# ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਇਲਾਕੇ ਦੀਆਂ ਸੰਗਤਾਂ ਅਤੇ ਐਨ. ਆਰ. ਆਈ ਦੀ ਸਹਾਇਤਾ ਦੇ ਨਾਲ ਪੰਜਗਰਾਈਂ, ਗੱਗਰ ਅਤੇ ਡੇਰਾ ਬਾਬਾ ਨਾਨਕ ਆਦਿ ਦੇ 90 ਕਿਸਾਨਾਂ ਦੀ ਮਾਇਕ ਮਦਦ ਕੀਤੀ। ਪੰਜਗਰਾਈਂ ਰਸ਼ਪਾਲ ਸਿੰਘ, ਗਗਰ ਪਿੰਡ ਦੇ ਦਲਜੀਤ ਸਿੰਘ, ਡੇਰਾ ਬਾਬਾ ਨਾਨਕ ਦੇ ਮੁਖਤਿਆਰ ਸਿੰਘ ਦੇ ਰਾਹੀਂ ਅਤੇ ਗੁਰਦੁਆਰਾ ਰਾਮਦਾਸ ਦੇ ਮੈਨੇਜਰ ਸਰਦਾਰ ਹਰਪ੍ਰੀਤ ਸਿੰਘ ਅਤੇ ਡੇਰਾ ਬਾਬਾ ਨਾਨਕ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਦੇ ਸਹਿਯੋਗ ਨਾਲ ਮਾਇਕ ਮੱਦਦ ਕੀਤੀ ਗਈ। ਇਸ ਮੌਕੇ ਸਰਦਾਰ ਹਰਬੰਸ ਸਿੰਘ ਸਰਹਾਲਾ, ਸਰਪੰਚ ਰਸ਼ਪਾਲ ਸਿੰਘ ਬਦੋਵਾਲ, ਸੁਰਜੀਤ ਸਿੰਘ ਖਾਨਪੁਰ, ਪ੍ਰਿੰਸੀਪਲ ਰਵਿੰਦਰਜੋਤ ਸਿੰਘ, ਸਤਨਾਮ ਸਿੰਘ,ਅਜੀਤ ਸਿੰਘ ਨੰਗਲ ਖਿਡਾਰੀਆ,ਨਵਜੋਤ ਸਿੰਘ ਬਾੜੀਆ, ਮੋਤਾ ਸਿੰਘ ਆਦਿ ਹਾਜ਼ਰ ਸਨ।

# ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੌਤ

**ਫਿਲੌਰ (ਨਿਰਮਲ)**- ਰੇਲਵੇ ਪੁਲਿਸ ਚੌਂਕੀ ਦੇ ਇੰਚਾਰਜ ਥਾਣੇਦਾਰ ਹਰਮੇਸ਼ ਪਾਲ ਨੇ ਦੱਸਿਆ ਕਿ ਫਿਲੌਰ ਤੋਂ ਲੋਹੀਆ ਰੇਲਵੇ ਟਰੈਕ ਤੇ ਪਿੰਡ ਉੱਪਲ ਖਾਲਸਾ ਨੇੜੇ ਇਕ 50-55 ਸਾਲਾਂ ਮੋਨਾ ਵਿਅਕਤੀ ਫਿਲੌਰ ਤੋਂ ਲੋਹੀਆ ਜਾ ਰਹੀ ਡੀ ਐਮ ਯੂ ਰੇਲ ਗੱਡੀ ਦੀ ਲਪੇਟ ਵਿੱਚ ਆ ਗਿਆ ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ, ਲਾਸ਼ ਦੀ ਹਾਲਤ ਕਾਫੀ ਖਰਾਬ ਸੀ,ਮ੍ਰਿਤਕ ਦੀ ਪਹਿਚਾਣ ਨਹੀਂ ਹੋ ਪਾਈ।ਉਸ ਨੇ ਚਿੱਟੀ ਕਮੀਜ਼ ਕਾਲੇ ਰੰਗ ਦਾ ਗਰਮ ਪਜਾਮਾ ਪਾਇਆ ਹੋਇਆ ਹੈ। ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਸ਼ਨਾਖਤ ਲਈ ਰੱਖਿਆ ਗਿਆ ਹੈ।

# ਭਗਵਾਨ ਵਾਲਮੀਕਿ ਤੀਰਥ ਵਿਖੇ ਮੂਰਤੀ ਸਥਾਪਨਾ ਸਮਾਗਮ 1 ਨੂੰ : ਵਿਜੇ ਦਾਨਵ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਭਗਵਾਨ ਵਾਲਮੀਕਿ ਧਰਮ ਸਮਾਜ (ਭਾਵਾਧਸ) ਦੀ ਵਿਸ਼ੇਸ਼ ਮੀਟਿੰਗ ਮੁਹੱਲਾ ਪਲਾਹੀ ਗੇਟ ਫਗਵਾੜਾ ਵਿਖੇ ਹੋਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਦਲਿਤ ਵਿਕਾਸ ਬੋਰਡ ਪੰਜਾਬ ਦੇ ਚੇਅਰਮੈਨ ਵਿਜੇ ਦਾਨਵ ਕੌਮੀ ਮੁੱਖ ਸੰਚਾਲਕ ਭਾਵਾਧਸ ਨੇ ਸ਼ਿਰਕਤ ਕੀਤੀ। ਉਹਨਾਂ ਨੇ ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਜੀਵਨ ਤੋਂ ਸੇਧ ਲੈ ਕੇ ਸਖ਼ਤ ਮਿਹਨਤ ਨਾਲ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਆ। ਵਿਜੇ ਦਾਨਵ ਨੇ ਦੱਸਿਆ ਕਿ 1 ਦਸੰਬਰ ਨੂੰ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਵਿਖੇ ਮੂਰਤੀ ਸਥਾਪਨਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਦੇ ਨਾਲ ਮਨਾਇਆ ਜਾ ਰਿਹਾ ਹੈ। ਉਹਨਾਂ ਸਮੂਹ ਸੰਗਤਾਂ ਨੂੰ ਇਸ ਧਾਰਮਿਕ ਸਮਾਗਮ ਵਿੱਚ ਪਹੁੰਚ ਕੇ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਜੀ ਦਾ ਅਸ਼ੀਰਵਾਦ ਲੈਣ ਦਾ ਖੁੱਲ੍ਹਾ ਸੱਦਾ ਵੀ ਦਿੱਤਾ।

# ਸ਼ਹੀਦੀ ਸ਼ਹਾਦਤ ਨੂੰ ਸਮਰਪਤ ਕੈਂਬ੍ਰਿਜ਼ ਅਰਥ ਸਕੂਲ 'ਚ ਸਮਾਗਮ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਕੈਂਬ੍ਰਿਜ ਅਰਥ ਸਕੂਲ ਅਹੀਆਪੁਰ ਵਿਖੇ ਸਕੂਲ ਪ੍ਰਿੰਸੀਪਲ ਸ਼ਿਵਾਲੀ ਅਰੋੜਾ ਦੀ ਦੇਖ-ਰੇਖ ਵਿੱਚ ਸਮੂਹ ਸਟਾਫ ਵੱਲੋਂ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪ੍ਰਸਨ ਪ੍ਰਭਾ ਰਾਣੀ ਅਤੇ ਪ੍ਰਧਾਨ ਪੂਜਾ ਓਹਰੀ ਤੋਂ ਇਲਾਵਾ ਸਕੂਲ ਵਿਦਿਆਰਥੀਆਂ ਦੇ ਮਾਪਿਆਂ, ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਸ਼ਾਂਤੀ, ਸੱਚਾਈ ਅਤੇ ਧਰਮ ਦੀ ਰੱਖਿਆ ਲਈ ਗੁਰੂ ਸਾਹਿਬ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਟੁੱਟ ਯੋਗਦਾਨ ਨੂੰ ਯਾਦ ਕੀਤਾ।ਸਮਾਗਮ ਆਰੰਭ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ ਕਰਦਿਆਂ ਹੋਇਆਂ ਸੰਗਤ ਨੂੰ ਸਿੱਖ ਕੌਮ ਦੀਆਂ ਕੁਰਬਾਨੀਆਂ ਭਰੇ ਸ਼ਾਨਮੱਤੇ ਇਤਿਹਾਸ ਨਾਲ ਜੋੜਦੇ ਹੋਏ ਅਮੀਰ ਖਾਲਸਾਈ ਪ੍ਰੰਪਰਾਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣ ਦੀ ਪ੍ਰੇਰਨਾ ਦਿੱਤੀ, ਉਪਰੰਤ ਵਿਦਿਆਰਥੀਆਂ ਨੇ ਆਪਣੀਆਂ ਕਵਿਤਾਵਾਂ, ਸ਼ਬਦ ਗਾਇਣ ਅਤੇ ਭਾਸ਼ਣਾਂ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਧਾਂਤਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਕੂਲ ਚੇਅਰਪ੍ਰਸਨ ਪ੍ਰਭਾ ਰਾਣੀ ਅਤੇ ਪ੍ਰਧਾਨ ਪੂਜਾ ਓਹਰੀ ਨੇ ਕਿਹਾ ਕਿ ਸ੍ਰੀ ਗੁਰੂ ਸਾਹਿਬ ਜੀ ਨੇ ਸਮੁੱਚੀ ਦੁਨੀਆ ਨੂੰ ਜਿੱਥੇ ਜਾਤ-ਪਾਤ ਅਤੇ ਧਰਮ ਦੀਆਂ ਸੌੜੀਆਂ ਸੋਚਾਂ ਤੋਂ ਉੱਪਰ ਉੱਠ ਕੇ ਆਪਸੀ ਏਕਤਾ ਦਾ ਉਪਦੇਸ਼ ਦਿੱਤਾ ਸੀ ਉਥੇ ਇਨਸਾਨ ਨੂੰ ਪ੍ਰਭੂ ਭਗਤੀ ਵਿੱਚ ਲੱਗਣ ਦੀ ਪ੍ਰੇਰਨਾ ਵੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਜਿਹੜੀ ਸ਼ਹਾਦਤ ਦਿੱਤੀ ਸੀ ਉਸ ਨੂੰ ਦੁਨੀਆ ਰਹਿਣ ਤੱਕ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਕੂਲ ਪ੍ਰਿੰਸੀਪਲ ਸ਼ਿਵਾਲੀ ਅਰੋੜਾ ਨੇ ਕਿਹਾ ਕਿ ਦੁਨੀਆ ਦੇ ਮਨੁੱਖਾਂ ਦੀ ਭਲਾਈ ਅਤੇ ਸਚਾਈ ਦੇ ਰਸਤੇ 'ਤੇ ਚੱਲਣ ਲਈ ਗੁਰੂਆਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣਾ ਚਾਹੀਦਾ ਹੈ, ਇਸ ਲਈ ਸਾਡੇ ਸਕੂਲ ਵੱਲੋਂ ਸਮੇਂ ਸਿਰ ਅਜਿਹੇ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਆਉਣ ਵਾਲੀ ਪੀੜੀ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਸਕੇ। ਇਸ ਮੌਕੇ ਕੁਲਵਿੰਦਰ ਕੌਰ, ਸ਼ਰਨਜੀਤ ਕੌਰ, ਰਵਿੰਦਰ ਕੌਰ, ਰਾਜਨੀ ਮੰਗਲ, ਅਨੂ ਬਾਲਾ, ਗਗਨਦੀਪ ਕੌਰ ਅਤੇ ਹੋਰ ਹਾਜ਼ਰ ਸਨ।



# ਕੁਇਜ਼ ਮੁਕਾਬਲੇ ਕਰਵਾਏ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਡਾਇਰੈਕਟਰੇਟ ਆਫ ਐਜੂਕੇਸ਼ਨ ,ਪਟਿਆਲਾ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਹਿੰਮਤਪ੍ਰੀਤ ਸਿੰਘ, ਜਮਾਤ ਅੱਠਵੀਂ ਨੇ 350 ਸਾਲਾ ਸ਼ਹੀਦੀ ਪੁਰਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ 350 ਸਾਲਾ ਗੁਰਿਆਈ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕੁਇਜ਼ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਇਸ ਮੁਕਾਬਲੇ ਬਾਰੇ ਜਾਣਕਾਰੀ ਦਿੰਦਿਆ ਸਕੂਲ ਪ੍ਰਿੰਸੀਪਲ ਸ੍ਰ ਸਤਨਾਮ ਸਿੰਘ ਨੇ ਦੱਸਿਆ ਕਿ ਇਹ ਮੁਕਾਬਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਕਰਵਾਇਆ ਗਿਆ। ਇਸ ਮੁਕਾਬਲੇ ਲਈ ਪਹਿਲਾ ਲਿਖਤੀ ਪੇਪਰ ਲਿਆ ਗਿਆ, ਜਿਸ ਵਿੱਚ ਇਲਾਕੇ ਦੇ 10 ਸਕੂਲਾਂ ਦੇ 300 ਵਿਦਿਆਰਥੀਆਂ ਨੇ ਭਾਗ ਲਿਆ। ਇਸ ਲਿਖਤੀ ਪ੍ਰੀਖਿਆ ਵਿੱਚ ਵੀ ਸਾਡੇ ਵਿਦਿਆਰਥੀ ਹਿੰਮਤਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅੱਗੇ ਕੁਇਜ਼ ਮੁਕਾਬਲੇ ਲਈ ਚੁਣਿਆ ਗਿਆ। 23 ਨਵੰਬਰ ਨੂੰ ਹੋਏ ਕੁਇਜ਼ ਮੁਕਾਬਲੇ ਵਿਚ ਸਭ ਵਧ ਨੰਬਰ ਹਾਸਿਲ ਕਰਨ ਵਾਲੇ 5 ਸਕੂਲਾਂ ਦੀ ਚੋਣ ਕੀਤੀ ਗਈ। ਇਸ ਕੁਇਜ਼ ਮੁਕਾਬਲੇ ਵਿਚ ਸਾਡੇ ਵਿਦਿਆਰਥੀ ਹਿੰਮਤਪ੍ਰੀਤ ਸਿੰਘ ਨੇ 100 ਵਿਚੋਂ 99 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ।



# ਵਿਧਾਇਕ ਜਿੰਪਾ ਨੇ ਵਿਕਾਸ ਕਾਰਜਾਂ ਲਈ 8.30 ਕਰੋੜ ਦੇ ਮਨਜ਼ੂਰੀ ਪੱਤਰ ਵੰਡੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਲਗਭਗ 44 ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 8.30 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡ ਕੇ ਖੇਤਰ ਦੇ ਸਮੁੱਚੇ ਵਿਕਾਸ ਨੂੰ ਇੱਕ ਨਵੀਂ ਗਤੀ ਦਿੱਤੀ। ਮੀਟਿੰਗ ਵਿੱਚ ਬਲਾਕ 1 ਅਤੇ ਬਲਾਕ 2 ਦੇ ਬਲਾਕ ਵਿਕਾਸ ਅਧਿਕਾਰੀਆਂ (ਬੀ.ਡੀ.ਓ.) ਦੇ ਨਾਲ-ਨਾਲ ਸਬੰਧਤ ਵਿਭਾਗਾਂ ਦੇ ਸਮੁੱਚੇ ਸਟਾਫ ਨੇ ਸ਼ਿਰਕਤ ਕੀਤੀ। ਇਸ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਸਰਪੰਚ ਅਤੇ ਪੰਚ ਵੀ ਮੌਜੂਦ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਨਜ਼ੂਰ ਵਿਕਾਸ ਕਾਰਜਾਂ ਵਿੱਚ ਸੜਕਾਂ, ਗਲੀਆਂ, ਡਰੇਨੇਜ ਸਿਸਟਮ, ਕਮਿਊਨਿਟੀ ਇਮਾਰਤਾਂ ਅਤੇ ਪੀਣ ਵਾਲੇ ਪਾਣੀ ਨਾਲ ਸਬੰਧਤ ਵੱਖ-ਵੱਖ ਪ੍ਰੋਜੈਕਟ ਸ਼ਾਮਲ ਹਨ, ਜੋ ਪੇਂਡੂ ਆਬਾਦੀ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

# ਚੰਡੀਗੜ੍ਹ ਪੰਜਾਬ ਦਾ ਅਟੁੱਟ ਹਿੱਸਾ , ਇਸ ਦੇ ਹੱਕਾਂ ਦੀ ਹਰ ਕੀਮਤ 'ਤੇ ਕਰਾਂਗੇ ਰੱਖਿਆ : ਤਲਵਾੜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਪੰਜਾਬ ਤੋਂ ਪੂਰੀ ਤਰ੍ਹਾਂ ਵੱਖ ਕਰਕੇ ਇਸ ਨੂੰ ਇੱਕ ਆਮ ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿੱਚ ਬਦਲਣ ਦੀ ਕੋਸ਼ਿਸ਼ ਸੰਵਿਧਾਨਿਕ ਨਿਯਮਾਂ ਅਤੇ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਪ੍ਰੈੱਸ ਦੇ ਨਾਮ ਜਾਰੀ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਉਪਰੋਕਤ ਸ਼ਬਦ ਕਹੇ। ਤਲਵਾੜ ਨੇ ਕਿਹਾ ਕਿ ਪਾਰਲੀਮੈਂਟ ਦੇ ਆਉਣ ਵਾਲੇ ਸਰਦ ਰੁੱਤ ਇਜਲਾਸ ਵਿੱਚ ਲਿਆਂਦੇ ਜਾ ਰਹੇ 131ਵੇਂ ਸੰਵਿਧਾਨ ਸੋਧ ਬਿੱਲ ਰਾਹੀਂ ਚੰਡੀਗੜ੍ਹ 'ਤੇ ਪੰਜਾਬ ਦੇ ਜਾਇਜ਼ ਹੱਕ ਨੂੰ ਖਤਮ ਕਰਨ ਦੀ ਇਹ ਸਾਜ਼ਿਸ਼ ਕੀਤੀ ਜਾ ਰਹੀ ਹੈ ਹੈ ਜਿਸ ਨੂੰ ਬਿਲਕੁਲ ਪ੍ਰਵਾਨ ਨਹੀਂ ਕੀਤਾ ਜਾ ਸਕਦਾ।ਤਲਵਾੜ ਨੇ ਕਿਹਾ ਕਿ ਸਮੇਂ ਸਮੇਂ ਤੇ ਕੇਂਦਰ ਸਰਕਾਰਾਂ ਵੱਲੋਂ ਗੈਰ-ਸੰਵਿਧਾਨਿਕ ਤਰੀਕਿਆਂ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ ਹਨ। ਭਾਵੇਂ ਕਈ ਵਾਰ ਚੰਡੀਗੜ੍ਹ ਦੇ ਪੰਜਾਬ ਨਾਲ ਸੰਬੰਧਤ ਹੋਣ ਦੇ ਵਾਅਦੇ ਤਾਂ ਕੀਤੇ ਗਏ, ਪਰ ਹਰ ਵਾਰ ਇਹ ਵਾਅਦੇ ਤੋੜ ਕੇ ਨਵੀਆਂ ਅੜਚਣਾਂ ਖੜੀਆਂ ਕੀਤੀਆਂ ਗਈਆਂ।



# ਲਿਵਾਸਾ ਹਸਪਤਾਲ ਨੇ ਛਾਤੀ ਦੀ ਬਿਮਾਰੀ ਦਾ ਪਤਾ ਲਗਾਉਣ ਲਈ ਈ ਯੂ ਐੱਸ-ਐੱਫ ਐੱਨ ਆਈ ਕੀਤੀ ਲਾਂਚ

**ਮੋਹਾਲੀ (ਗੁਰਜੀਤ ਬਿੱਲਾ)**- ਲਿਵਾਸਾ ਹਸਪਤਾਲ ਨੇ ਐਂਡੋਬ੍ਰੋਨਚਲ ਅਲਟਰਸਾਊਂਡ-ਗਾਈਡੇਡ ਫਾਈਨ ਨੀਡਲ ਏਸਪਿਰੇਸ਼ਨ (ਈ ਬੀ ਯੂ ਐਸ-ਐਫ ਐਨ ਆਈ) ਦੀ ਲਾਂਚਿੰਗ ਦੇ ਨਾਲ ਪਲਮੋਨਰੀ ਮੇਡਿਸਨ ਸੇਵਾਵਾਂ ਨੂੰ ਮਜ਼ਬੂਤ ਕੀਤਾ ਹੈ। ਕਾਂਸਲਟੇਂਟ ਇੰਟਰਵੇਂਸ਼ਨਲ ਪਲਮੋਨੋਲੌਜੀ, ਲਿਵਾਸਾ ਹਸਪਤਾਲ ਡਾ. ਬਲਜੋਤ ਸਿੰਘ ਨੇ ਕਿਹਾ ਕਿ ਫੇਫੜਿਆਂ ਦੇ ਕੈਂਸਰ, ਤਪੇਦਿਕ, ਸਾਰਕੋਇਡੋਸਿਸ, ਲਿਮਫੋਮਾ, ਮੇਟਾਸਟੈਟਿਕ ਕੈਂਸਰ ਅਤੇ ਗਹਰੇ ਲਿਮਫ ਨੋਰਡ ਸੁੰਨ ਜਿਹੀ ਸਥਿਤੀ ਦਾ ਜਲਦੀ ਪਤਾ ਲਗਾਉਣਾ ਮੁਸ਼ਕਲ ਸੀ ਅਤੇ ਅਕਸਰ ਸਰਜੀਕਲ ਬਾਇਓਪਸੀ ਦੀ ਲੋੜ ਹੁੰਦੀ ਸੀ। ਡਾ. ਸਿੰਘ ਨੇ ਕਿਹਾ ਕਿ ਅਲਟਰਾਸਾਊਂਡ ਨਾਲ ਲੈਸ ਇੱਕ ਪਤਲੇ, ਲਚਕਦਾਰ ਸਕੋਪ ਦੀ ਵਰਤੋਂ ਕਰਕੇ, ਡਾਕਟਰ ਹੁਣ ਛਾਤੀ ਦੇ ਅੰਦਰ ਡੂੰਘੇ ਲੁਕਵੇਂ ਖੇਤਰਾਂ ਤੱਕ ਪਹੁੰਚ ਕਰ ਸਕਦੇ ਹਨ, ਉਹਨਾਂ ਨੂੰ ਅਸਲ ਸਮੇਂ ਵਿੱਚ ਦੇਖ ਸਕਦੇ ਹਨ, ਅਤੇ ਸਰਜਰੀ ਤੋਂ ਬਿਨਾਂ ਮਰੀਜ਼ਾਂ ਲਈ ਜਲਦੀ, ਸਹੀ ਅਤੇ ਕਿਤੇ ਜ਼ਿਆਦਾ ਸੁਰੱਖਿਅਤ ਨਿਦਾਨ ਨੂੰ ਯਕੀਨੀ ਬਣਾ ਸਕਦੇ ਹਨ। ਈ ਬੀ ਯੂ ਐਸ-ਐਫ ਐਨ ਐਨ ਦੇ ਫਾਇਦਿਆਂ ਬਾਰੇ ਗੱਲ ਕਰਦਿਆਂ, ਡਾ. ਸਿੰਘ ਨੇ ਕਿਹਾ ਕਿ ਇਹ ਫੇਫੜਿਆਂ ਦੇ ਕੈਂਸਰ ਅਤੇ ਇਸਦੇ ਪੜਾਅ, ਟੀਬੀ, ਸਰਕੋਇਡੋਸਿਸ, ਲਿੰਫੋਮਾ, ਦੂਜੇ ਅੰਗਾਂ ਤੋਂ ਕੈਂਸਰ ਦੇ ਫੈਲਣ ਅਤੇ ਡੂੰਘੇ ਛਾਤੀ ਅਤੇ ਗ੍ਰੈਨਿਊਲੋਮੈਟਸ ਇਨਫੈਕਸ਼ਨਾਂ ਦਾ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ।



# ਮਿਡ-ਡੇ-ਮੀਲ ਯੋਜਨਾ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਜ਼ਿਲ੍ਹਾ ਪ੍ਰਾਜੈਕਟ ਡਾਇਰੈਕਟਰ ਕਮ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਹਰਜਿੰਦਰ ਕੌਰ ਨੇ ਆਪਣੇ ਦਫ਼ਤਰ ਵਿੱਚ ਵਿਭਾਗ ਨਾਲ ਸੰਬੰਧਿਤ ਅਧਿਕਾਰੀਆਂ ਅਤੇ ਸਕੂਲ ਪ੍ਰਬੰਧਨ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸਿੱਖਿਆ ਸੰਬੰਧੀ ਚੱਲ ਰਹੇ ਕੰਮਾਂ, ਵਿਦਿਆਰਥੀਆਂ ਲਈ ਉਪਲਬਧ ਸੁਵਿਧਾਵਾਂ ਅਤੇ ਵਿਭਾਗੀ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਇਸ ਮੌਕੇ 'ਤੇ ਖ਼ਾਸ ਤੌਰ 'ਤੇ ਮਿਡ-ਡੇ ਮੀਲ ਯੋਜਨਾ ਨੂੰ ਤਰਜੀਹ ਅਤੇ ਜ਼ਿੰਮੇਵਾਰੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਮਨਦੀਪ ਸ਼ਰਮਾ, ਮਿਡ-ਡੇ ਮੀਲ ਜ਼ਿਲ੍ਹਾ ਇੰਚਾਰਜ ਅਨਿਰੁੱਧ ਮੋਦਗਿਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਮੈਡਮ ਹਰਜਿੰਦਰ ਕੌਰ ਨੇ ਸਪਸ਼ਟ ਨਿਰਦੇਸ਼ ਦਿੱਤੇ ਕਿ ਮਿਡ-ਡੇ ਮੀਲ ਯੋਜਨਾ ਸਰਕਾਰ ਦੀ ਸਭ ਤੋਂ ਮਹੱਤਵਪੂਰਨ ਵਿਦਿਆਰਥੀ ਕਲਿਆਣ ਯੋਜਨਾਵਾਂ ਵਿੱਚੋਂ ਇੱਕ ਹੈ, ਇਸ ਲਈ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਿਰਧਾਰਤ ਦਿਨਾਂ ਵਿੱਚ ਫਲ ਜ਼ਰੂਰ ਮੁਹੱਈਆ ਕਰਵਾਏ ਜਾਣ,ਭੋਜਨ ਦੀ ਗੁਣਵੱਤਾ, ਮਾਤਰਾ ਅਤੇ ਪੋਸ਼ਣ ਮਾਪਦੰਡਾਂ ਦਾ ਪੂਰਾ ਧਿਆਨ ਰੱਖਿਆ ਜਾਵੇ, ਰਸੋਈ, ਬਰਤਨ, ਸਕੂਲ ਪ੍ਰੰਗਣ ਅਤੇ ਭੋਜਨ ਸਥਾਨ ਦੀ ਪੂਰੀ ਸਫ਼ਾਈ ਯਕੀਨੀ ਬਣਾਈ ਜਾਵੇ,ਭੋਜਨ ਤਿਆਰ ਕਰਨ ਤੋਂ ਲੈ ਕੇ ਪ੍ਰੋਸ਼ਣ ਤੱਕ ਦਾ ਪ੍ਰਕਿਰਿਆ ਵਿਭਾਗੀ ਹਦਾਇਤਾਂ ਅਨੁਸਾਰ ਹੋਵੇ।ਉਨ੍ਹਾਂ ਨੇ ਕਿਹਾ ਕਿ ਮਿਡ-ਡੇ ਮੀਲ ਨੂੰ ਕਿਸੇ ਵੀ ਸਕੂਲ ਵਿੱਚ ਸਿਰਫ਼ ਰਸਮੀ ਤੌਰ 'ਤੇ ਨਹੀਂ ਚਲਾਇਆ ਜਾਵੇਗਾ, ਬਲਕਿ ਇਹ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਨਾਲ ਜੁੜੀ ਗੰਭੀਰ ਜ਼ਿੰਮੇਵਾਰੀ ਦੇ ਤੌਰ 'ਤੇ ਲਾਗੂ ਹੋਵੇ। ਮੀਟਿੰਗ ਦੌਰਾਨ ਅਧਿਕਾਰੀਆਂ ਨੇ ਮਿਡ-ਡੇ ਮੀਲ ਯੋਜਨਾ ਨੂੰ ਹੋਰ ਬਿਹਤਰ ਤਰੀਕੇ ਨਾਲ ਲਾਗੂ ਕਰਨ ਬਾਰੇ ਆਪਣੇ ਸੁਝਾਅ ਵੀ ਸਾਂਝੇ ਕੀਤੇ।




# ਨਨਕਾਣਾ ਸਾਹਿਬ ਖਾਲਸਾ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ (ਹਨੀ)**- ਜੰਮੂ ਵਿਖੇ ਸੰਪੰਨ ਹੋਈ ਜੂਨੀਅਰ ਪਾਵਰ ਲਿਫਟਿੰਗ ਮੁਕਾਬਲੇ ਵਿਚ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ।ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਦੱਸਿਆ ਕਿ ਸਕੂਲ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਪ੍ਰਿੰਸਪ੍ਰੀਤ ਸਿੰਘ ਨੇ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਂਦਿਆਂ ਸੋਨੇ ਦਾ ਤਮਗਾ ਹਾਸਲ ਕੀਤਾ । ਇਸ ਬੇਮਿਸਾਲ ਕਾਮਯਾਬੀ 'ਤੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਵਿਦਿਆਰਥੀ ਪ੍ਰਿੰਸਪ੍ਰੀਤ ਸਿੰਘ, ਉਸ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ । ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਕਿਹਾ ਕਿ ਪ੍ਰਿੰਸਪ੍ਰੀਤ ਦੀ ਜੂਨੀਅਰ ਚੈਂਪੀਅਨਸ਼ਿਪ ਵਿੱਚ ਸੋਨੇ ਦੀ ਜਿੱਤ ਨੇ ਅਦਾਰੇ ਦੇ ਸਪੋਰਟਸ ਕਲਚਰ ਨੂੰ ਇੱਕ ਨਵੀਂ ਦਿਸ਼ਾ ਦਿੰਦੀ ਹੈ।

# ਅੱਖਾਂ ਦੀ ਮੁਫ਼ਤ ਜਾਂਚ ਤੇ ਸਰਜਰੀ ਕੈਂਪ ਲਗਾਇਆ




**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਡਾ. ਰਾਜਨ ਆਈ ਕੇਅਰ ਫਗਵਾੜਾ ਦੇ ਸਹਿਯੋਗ ਨਾਲ ਪਿੰਡ ਰਾਮੇਵਾਲ ਵਿਖੇ ਅੱਖਾਂ ਦੀ ਮੁਫ਼ਤ ਜਾਂਚ ਅਤੇ ਸਰਜਰੀ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਲਗਭਗ 300 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 260 ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਅਤੇ ਐਨਕਾਂ ਪ੍ਰਦਾਨ ਕੀਤੀਆਂ ਗਈਆਂ। ਅੱਖਾਂ ਦੇ ਮਾਹਿਰ ਡਾ. ਐੱਸ ਰਾਜਨ ਦੀ ਟੀਮ ਦੁਆਰਾ ਸਰਜਰੀ ਲਈ ਚੁਣੇ ਗਏ 34 ਮਰੀਜ਼ਾਂ ਦੀਆਂ ਅੱਖਾਂ 'ਚ ਫੋਲਡੇਬਲ ਲੈਂਜ ਪਾ ਕੇ ਨਵੀਂ ਰੌਸ਼ਨੀ ਦਿੱਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਰਪੰਚ ਜਗਦੀਸ਼ ਸਿੰਘ ਨੇ ਡਾ. ਰਾਜਨ ਆਈ ਕੇਅਰ ਵਲੋਂ ਕੀਤੇ ਇਸ ਲੋਕ ਭਲਾਈ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਬਹੁਤ ਮਦਦਗਾਰ ਬਣਦੇ ਹਨ। ਡਾ. ਰਾਜਨ ਨੇ ਦੱਸਿਆ ਕਿ ਸਰਜਰੀ ਵਾਲੇ ਮਰੀਜ਼ਾਂ ਨੂੰ ਸੁਰੱਖਿਆ ਲਈ ਮੁਫ਼ਤ ਐਨਕਾਂ ਵੀ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਇਲਾਵਾ 260 ਲੋੜਵੰਦ ਵਿਅਕਤੀਆਂ ਨੂੰ ਨਜ਼ਰ ਦੀਆਂ ਐਨਕਾਂ ਮੁਫ਼ਤ ਦਿੱਤੀਆਂ ਗਈਆਂ ਹਨ।

# ਅਥਲੈਟਿਕਸ ਤੇ ਫੁੱਟਬਾਲ ਟੂਰਨਾਮੈਂਟ ਦੇ ਟਰਾਇਲ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਖੇਡ ਵਿਭਾਗ ਪੰਜਾਬ ਵੱਲੋਂ 26 ਨਵੰਬਰ ਨੂੰ ਪਟਿਆਲਾ ਅਤੇ ਮੋਹਾਲੀ ਵਿਖੇ ਆਲ ਇੰਡੀਆ ਸਿਵਲ ਸਰਵਿਸਿਜ਼ ਅਥਲੈਟਿਕਸ (ਪੁਰਸ਼ ਅਤੇ ਮਹਿਲਾ) ਅਤੇ ਫੁੱਟਬਾਲ (ਪੁਰਸ਼) ਲਈ ਟਰਾਇਲ ਕਰਵਾਏ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸੈਂਟਰਲ ਸਿਵਲ ਸਰਵਿਸਿਜ਼ ਕਲਚਰਲ ਐਂਡ ਸਪੋਰਟਸ ਬੋਰਡ ਵੱਲੋਂ ਐਥਲੈਟਿਕ ਟੂਰਨਾਮੈਂਟ 13 ਤੋਂ 15 ਦਸੰਬਰ ਤੱਕ ਪਟਨਾ ਵਿਖੇ ਕਰਵਾਇਆ ਜਾ ਰਿਹਾ ਹੈ, ਜਦੋਂ ਕਿ ਫੁੱਟਬਾਲ ਟੂਰਨਾਮੈਂਟ 8 ਤੋਂ 15 ਦਸੰਬਰ ਤੱਕ ਗੋਆ ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐਥਲੈਟਿਕ ਈਵੈਂਟਸ ਲਈ ਟਰਾਇਲ 26 ਨਵੰਬਰ ਨੂੰ ਸਵੇਰੇ 11 ਵਜੇ ਪੋਲੋ ਗਰਾਊਂਡ, ਪਟਿਆਲਾ ਵਿਖੇ ਹੋਣਗੇ ਅਤੇ ਫੁੱਟਬਾਲ ਟਰਾਇਲ 26 ਨਵੰਬਰ ਨੂੰ ਸਵੇਰੇ 11 ਵਜੇ ਮਲਟੀਪਰਪਜ਼ ਸਪੋਰਟਸ ਕੰਪਲੈਕਸ, ਸੈਕਟਰ-78, ਐਸ.ਏ.ਐਸ. ਨਗਰ ਵਿਖੇ ਕਰਵਾਏ ਜਾਣਗੇ।

# ਗੁ: ਗੁਰੂ ਕਾ ਬਾ.ਗ ਛਾਉਣੀ ਬੁੱਢਾ ਦਲ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਉਨ੍ਹਾਂ ਨਾਲ ਸ਼ਹੀਦ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਗੁਰੂ ਕਾ ਬਾਗ਼ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਸਮਾਗਮ ਹੋ ਰਹੇ ਹਨ। ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

# ਲੋਕਾਂ ਦੀ ਸਿਹਤ ਨੂੰ ਸੁਰੱਖਿਅਤ ਕਰਨਾ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ : ਕੁਮਾਰ ਰਾਹੁਲ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਅਤੇ ਢੰਗਸਾਰ ਯਤਨ ਕੀਤੇ ਜਾ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਸਮਾਗਮ ਦੌਰਾਨ ਚੰਡੇਸਰ ਟੈਂਟ ਸਿਟੀ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਨਿਗਾਹ ਦਾ ਲੰਗਰ' ਤੇ 'ਆਮ ਆਦਮੀ ਕਲੀਨਿਕ ਟੀ ਵੀ ਸਕਰੀਨਿੰਗ ਕੈਂਪ' ਦਾ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਕੁਮਾਰ ਰਾਹੁਲ ਵੱਲੋਂ ਜਾਇਜ਼ਾ ਲਿਆ ਗਿਆ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਨਜ਼ਰ ਦੀ ਜਾਂਚ, ਮੁਫ਼ਤ ਰੀਡਿੰਗ ਗਲਾਸਜ਼ ਅਤੇ ਟੀਵੀ ਸਕਰੀਨਿੰਗ ਵਰਗੀਆਂ ਅਹਿਮ ਸਿਹਤ ਸਹੂਲਤਾਂ ਮੈਦਾਨੀ ਪੱਧਰ 'ਤੇ ਪਹੁੰਚਾਉਣ ਲਈ ਖਾਸ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਸਮੂਹ ਕੈਂਪ 29 ਨਵੰਬਰ ਤੱਕ ਜਾਰੀ ਰਹਿਣਗੇ। ਇਸ ਤੋਂ ਇਲਾਵਾ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਨੇ ਪੀ ਐਚ ਸੀ ਕੀਰਤਪੁਰ ਸਾਹਿਬ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਚਲ ਰਹੀਆਂ ਸਿਹਤ ਸੇਵਾਵਾਂ, ਓ ਪੀ ਡੀ ਸਹੂਲਤਾਂ, ਕੰਮ-ਕਾਜੀ ਪ੍ਰਬੰਧ ਅਤੇ ਸਟਾਫ਼ ਨਾਲ ਮੀਟਿੰਗ ਕਰਕੇ ਸਾਰੀਆਂ ਸੇਵਾਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਮੈਦਾਨੀ ਪੱਧਰ 'ਤੇ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੰਜਾਬ ਸਰਕਾਰ ਵਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।



# 'ਮੇਰਾ ਪਸੰਦੀਦਾ ਸ਼ਲੋਕ' ਮੁਕਾਬਲੇ 'ਚ ਸ਼ਾਮਿਲ ਹੋ ਕੇ ਜਿੱਤੋ ਇਨਾਮ


**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਕੁਰੂਕਸ਼ੇਤਰ ਵਿੱਚ ਚੱਲ ਰਹੇ ਕੌਮਾਂਤਰੀ ਗੀਤਾ ਮਹੋਤਸਵ 2025 ਤਹਿਤ ਇੱਕ ਵਿਸ਼ੇਸ਼ ਆਯੋਜਨ ਮੇਰਾ ਪਸੰਦੀਦਾ ਸ਼ਲੋਕ ਵੀਡੀਓ ਮੁਕਾਬਲੇ ਨੂੰ ਸ਼ਾਮਿਲ ਕੀਤਾ ਗਿਆ ਹੈ। ਗੀਤਾ ਗਿਆਨ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਹਰਿਆਣਾ ਦੇ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਵੱਲੋਂ ਇਹ ਆਨਲਾਇਨ ਮੁਕਾਬਲਾ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਮੁਕਾਬਲੇ ਆਮ ਨਾਗਰਿਕਾਂ, ਨੌਜੁਆਨਾਂ ਅਤੇ ਵਿਦਿਆਰਥੀਆਂ ਨੂੰ ਗੀਤਾ ਦੇ ਸੰਦੇਸ਼ ਨਾਲ ਜੋੜਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕਰਦੀ ਹੈ।ਵਿਭਾਗ ਨੇ ਸਪਸ਼ਟ ਕੀਤਾ ਹੈ ਕਿ 5 ਦਸੰਬਰ ਸ਼ਾਮ 5 ਤੱਕ ਪ੍ਰਾਪਤ ਐਂਟਰੀਆਂ ਨੂੰ ਹੀ ਮੁਕਾਬਲੇ ਲਈ ਵੈਧ ਮੰਨਿਆ ਜਾਵੇਗਾ।

# ਸਰਸ ਆਜੀਵਿਕਾ ਮੇਲੇ ਦਾ ਆਰਥਕ ਆਤਮਨਿਰਭਰਤਾ 'ਚ ਵੱਡਾ ਯੋਗਦਾਨ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਸ ਆਜੀਵਿਕਾ ਮੇਲਾ ਸ਼ਿਲਪਕਾਰਾਂ ਅਤੇ ਖਰੀਦਦਾਰਾਂ ਨੂੰ ਇੱਕ ਮੰਚ 'ਤੇ ਆਉਣ ਦੇ ਨਾਲ-ਨਾਲ ਦੇਸ਼ ਦੀ ਆਰਥਕ ਆਤਮਨਿਰਭਰਤਾ ਵਿੱਚ ਵੀ ਯੋਗਦਾਨ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਸ਼ਿਲਪਕਾਰਾਂ ਵੱਲੋਂ ਬਣਾਈ ਗਈ ਵਸਤੂਆਂ 'ਤੇ ਮਾਣ ਕਰਨਾ ਚਾਹੀਦਾ ਅਤੇ ਉਨ੍ਹਾਂ ਦੇ ਵੱਲੋਂ ਬਣਾਏ ਉਤਪਾਦਾਂ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀਆਂ ਹਨ। ਅਜਿਹਾ ਕਰ ਕੇ ਸਾਨੂੰ ਆਪਣੇ ਖੇਤਰ ਦੇ ਸ਼ਿਲਪਕਾਰਾਂ ਅਤੇ ਲਘੂ ਉਦਮੀਆਂ ਦੀ ਮਦਦ ਕਰ ਸਕਦੇ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਪੰਚਕੂਲਾ ਦੇ ਸੈਕਟਰ-5 ਸਥਿਤ ਪਰੇਡ ਗਰਾਊਂਡ ਵਿੱਚ ਆਯੋਜਿਤ ਸਰਸ ਆਜੀਵਿਕਾ ਮੇਲਾ-2025 ਦੇ ਸਮਾਪਨ ਸਮਾਰੋਹ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਿਤ ਕਰ ਰਹੇ ਸਨ।

# ਨਹਿਰ 'ਤੇ ਸੇਫਟੀ ਐਂਗਲ ਲਗਾਉਣ ਦੇ ਕੰਮ ਦਾ ਉਦਘਾਟਨ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਉੱਘੇ ਸਮਾਜ ਸੇਵਕ ਅਤੇ ਆਮ ਆਦਮੀ ਪਾਰਟੀ ਦੇ ਆਗੂ ਡਾ.ਵਿਪਨ ਕੁਮਾਰ ਪਚਨੰਗਲ ਦੀ ਅਗਵਾਈ ਹੇਠ ਪਿਛਲੇ ਦਿਨੀ ਬਿਸਤ ਦੁਆਬ ਨਹਿਰ ਦੇ ਸਾਈਡ ਤੇ ਸੇਫਟੀ ਐਂਗਲ ਲਗਾਉਣ ਲਈ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਅਤੇ ਡਾਕਟਰ ਇਸ਼ਾਕ ਕੁਮਾਰ ਐਮ.ਐਲ.ਏ ਹਲਕਾ ਚੱਬੇਵਾਲ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਸੀ। ਉਸ ਨੂੰ ਪੂਰਾ ਕਰਦੇ ਹੋਏ ਇਸ ਦਾ ਉਦਘਾਟਨ ਕੀਤਾ ਗਿਆ। ਹਲਕਾ ਨਿਵਾਸੀਆਂ ਨੇ ਕਿਹਾ ਕਿ ਸੇਫਟੀ ਐਂਗਲ ਨਾ ਹੋਣ ਕਾਰਨ ਅਕਸਰ ਹੀ ਇਸ ਇਲਾਕੇ ਵਿੱਚ ਹਾਦਸੇ ਹੁੰਦੇ ਰਹਿੰਦੇ ਸਨ ਤੇ ਹੁਣ ਸੇਫਟੀ ਐਂਗਲ ਲੱਗਣ ਦੇ ਨਾਲ ਰਾਹਗੀਰਾਂ ਨੂੰ ਸੁਰੱਖਿਆ ਮਿਲੇਗੀ। ਇਸ ਮੌਕੇ ਡਾਕਟਰ ਇਸ਼ਾਂਕ ਕੁਮਾਰ ਵਲੋਂ ਪਿੰਡ ਪਚਨੰਗਲ ਤੋਂ ਪਿੰਡ ਮੰਨਣਹਾਨੇ ਤੱਕ ਕੱਚੀ ਸੜਕ ਇਕ ਕਿਲੋਮੀਟਰ ਦੀ ਵੀ ਪਾਸ ਕੀਤੀ ਗਈ। ਪਿੰਡ ਨਗਦੀਪੁਰ ਤੋਂ ਪਿੰਡ ਪਚਨੰਗਲ ਨੂੰ ਜਾਂਦੀ ਸੜਕ ਵੀ ਪਾਸ ਕੀਤੀ ਗਈ ਜੋ ਕਿ ਤਕਰੀਬਨ 900 ਮੀਟਰ ਹੈ। ਇਸ ਤੋਂ ਇਲਾਵਾ ਜੋ ਵੀ ਹੋਰ ਇਲਾਕੇ ਦੀਆਂ ਸੜਕਾਂ ਦੇ ਮੁੱਦੇ ਹਨ ਉਹਨਾਂ ਨੂੰ ਵੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।



# ਬਿਸਤ ਦੁਆਬ ਨਹਿਰ 'ਚੋਂ ਕੱਢਿਆ ਬਾਰਾਂਸਿੰਗਾਂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬਿਸਤ ਦੁਆਬਾ ਨਹਿਰ ਪਿੰਡ ਬਘਾਣਾ ਨੇੜੇ ਵਿਸ਼ਵਕਰਮਾ ਮੰਦਰ ਦੇ ਕੋਲ ਬਾਰਾਂ ਸਿੰਘਾਂ ਨਹਿਰ ਵਿੱਚ ਡਿੱਗ ਪਿਆ। ਮੌਕੇ ਤੇ ਪਿੰਡ ਬਘਾਣਾ ਦੇ ਸਰਪੰਚ ਬਲਵਿੰਦਰ ਕੁਮਾਰ ਨੇ ਪਹੁੰਚ ਕੇ ਬਾਰਾਂ ਸਿੰਘਾਂ ਨੂੰ ਨਹਿਰ ਵਿੱਚੋਂ ਗੁੱਜਰ ਦੀ ਮਦਦ ਨਾਲ ਬਾਹਰ ਕੱਢਿਆ ਅਤੇ ਬਾਰਾਂ ਸਿੰਘਾਂ ਦੀ ਜਾਨ ਬਚਾਈ। ਬਾਰਾਂ ਸਿੰਘਾਂ ਨੂੰ ਨਹਿਰ ਵਿੱਚੋਂ ਬਾਹਰ ਕੱਢਣ ਵਿੱਚ ਗੁਰਸ਼ਰਨਜੀਤ ਸਿੰਘ ਪੰਚ ਬਘਾਣਾ ਨੇ ਅਤੇ ਗੁਰਚਰਨ ਸਿੰਘ ਰਮਨ ਕੁਮਾਰ ਹਰੀਸ਼ ਕੁਮਾਰ ਅਤੇ ਰਣਜੋਧ ਸਿੰਘ ਨੇ ਗੁੱਜਰ ਦੇ ਨਾਲ ਮਿਲ ਕੇ ਬਹੁਤ ਹੀ ਸੁਚਾਰੂ ਢੰਗ ਨਾਲ ਬਾਰਾਂ ਸਿੰਘਾਂ ਨੂੰ ਨਹਿਰ ਵਿੱਚੋਂ ਬਾਹਰ ਕੱਢ ਕੇ ਇੱਕ ਨਵਾਂ ਜੀਵਨ ਦਿੱਤਾ ਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਬੁਲਾ ਕੇ ਉਹਨਾਂ ਦੇ ਹਵਾਲੇ ਕੀਤਾ। ਗ੍ਰਾਮ ਪੰਚਾਇਤ ਬਘਾਣਾ ਦੇ ਸਰਪੰਚ ਬਲਵਿੰਦਰ ਕੁਮਾਰ ਵਲੋਂ ਉਸ ਵਿਅਕਤੀ ਨੂੰ 500 ਰੁਪਏ ਇਨਾਮ ਵਜੋਂ ਦੇ ਕਿ ਉਸ ਵਿਅਕਤੀ ਨੂੰ ਸਨਮਾਨਤ ਵੀ ਕੀਤਾ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਸੈਮੀਨਾਰ



**ਕਾਲਾ ਸੰਘਿਆਂ (ਮਨਜੀਤ ਮਾਨ)**- ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦੇ ਸਬੰਧ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਵੱਲੋ ਚੱਲ ਰਹੇ ਲੜੀਵਾਰ ਸਮਾਰੋਹ ਨੂੰ ਮੁੱਖ ਰੱਖਦੇ ਹੋਏ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਪ੍ਰਸਿਧ ਵਿਦਵਾਨ ਅਤੇ ਲੇਖਕ ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਗੁਰਭਜਨ ਸਿੰਘ ਲਸਾਨੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਉਹਨਾਂ ਤੋਂ ਇਲਾਵਾ ਸ. ਕੁਲਵਿੰਦਰ ਸਿੰਘ ਚਾਹਲ, ਗਦਰੀ ਬਾਬਾ ਸੁਰਿੰਦਰ ਸਿੰਘ, ਗਤਕਾ ਕੋਚ ਨਰਿੰਦਰ ਸਿੰਘ, ਪੱਤਰਕਾਰ ਬਲਜੀਤ ਸਿੰਘ ਸੰਘਾ, ਮਨਜੀਤ ਸਿੰਘ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ, ਹਰਪਾਲ ਸਿੰਘ ਪਾਲਾ ਟੇਲਰ ਅਤੇ ਪਿੰਡ ਦੇ ਪਤਵੰਤੇ ਸੱਜਣ ਆਦਿ ਸ਼ਾਮਿਲ ਹੋਏ। ਇਸ ਸਬੰਧੀ ਵੱਖ-ਵੱਖ ਬੁਲਾਰਿਆ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨੀ ਅਤੇ ਉਹਨਾ ਦੀ ਮਨੁੱਖੀ ਆਧਿਕਾਰਾਂ, ਧਾਰਮਿਕ ਬਰਾਬਰਤਾ ਅਤੇ ਸਹਿਣਸ਼ੀਲਤਾ ਨੂੰ ਮੁੱਖ ਰੱਖਦਿਆ ਹੋਇਆ ਦਿਤੀ ਸ਼ਹੀਦੀ ਬਾਰੇ ਵਿਦਿਆਰਥੀਆ ਨਾਲ ਵਿਚਾਰ ਸਾਂਝੇ ਕੀਤ।


# ਪੰਜਾਬੀ ਸਾਹਿਤ ਸਭਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਮਨ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਸਹਿਯੋਗ ਨਾਲ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਪੰਜਾਬੀ ਮਾਹ ਨੂੰ ਸਮਰਪਿਤ ਸਮਾਗਮ ਵਿੱਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਅਕੀਦਤ ਭੇਟ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਕੀਤੀ। ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਆਏ ਹੋਏ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਲਈ ਜੀ ਆਇਆਂ ਸ਼ਬਦ ਆਖਦਿਆਂ ਸਮਾਗਮ ਦੀ ਰੂਪ ਰੇਖਾ ਸਾਂਝੀ ਕੀਤੀ। ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਦੀ ਸ਼ਹਾਦਤ ਨੂੰ ਮਾਨਵਵਾਦੀ ਸੋਚ 'ਤੇ ਪਹਿਰਾ ਦੇਣ ਵਾਲੀ ਕੁਰਬਾਨੀ ਸੰਗ ਸੰਗਿਆ ਦਿੱਤੀ। ਉਨ੍ਹਾਂ ਕਿਹਾ ਕਿ ਸੁਖ ਦੁਖ ਨੂੰ ਬਰਾਬਰ ਜਾਣਨ ਵਾਲੇ ਗੁਰੂ ਸਾਹਿਬ ਦਾ ਮੁਖ ਫ਼ਲਸਫ਼ਾ ਨਾ ਕਿਸੇ ਨੂੰ ਭੈਅ ਦੇਣਾ ਸੀ ਅਤੇ ਨਾ ਹੀ ਕਿਸੇ ਦਾ ਭੈਅ ਮੰਨਣਾ ਸੀ।ਇਹ ਫ਼ਲਸਫ਼ਾ ਬਾਬੇ ਨਾਨਕ ਤੋਂ ਚਲਦਾ ਆ ਰਿਹਾ ਸੀ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਤੋਂ ਬਾਅਦ ਦਸਮ ਪਿਤਾ ਨੇ ਸਾਰਾ ਸਰਬੰਸ ਵਾਰ ਕੇ ਆਪਣੀ ਜ਼ਿੰਦਗਾਨੀ ਵੀ ਦੇਸ਼ ਕੌਮ ਦੇ ਲੇਖੇ ਲਾਈ। ਉਨ੍ਹਾਂ ਨੌਵੀਂ ਪਾਤਸ਼ਾਹੀ ਦੁਆਰਾ ਰਚੀ ਬਾਣੀ ਵਿਚਲੇ ਮਾਨਵਵਾਦੀ ਅਤੇ ਨਾਸ਼ਮਾਨਤਾ ਬਾਰੇ ਤੱਤਾਂ ਦੀ ਵੀ ਗੱਲ ਕੀਤੀ। ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਦੀ ਬਾਣੀ ਨੂੰ ਪੜ੍ਹਨ ਅਤੇ ਅਨੁਸਰਨ ਕਰਨ ਦੀ ਮਹੱਤਤਾ ਨੂੰ ਤਰਜੀਹ ਦਿੰਦਿਆਂ ਡਾ. ਸੁਖਦੇਵ ਢਿੱਲੋਂ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਅਤੇ ਡਾ. ਜਸਵੰਤ ਰਾਏ ਨੇ ਚਰਚਾ ਨੂੰ ਅਗਾਂਹ ਤੋਰਿਆ । ਸਮਾਗਮ ਦੇ ਦੂਜੇ ਸੈਸ਼ਨ ਵਿੱਚ ਸਾਹਿਤਕ ਅਤੇ ਧਾਰਮਿਕ ਰਚਨਾਵਾਂ ਦੇ ਚੱਲੇ ਦੌਰ ਨੇ ਸਮਾਗਮ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ। ਉਪਰੰਤ ਸਭਾ ਵੱਲੋਂ ਡਾ. ਦਰਸ਼ਨ ਸਿੰਘ ਦਰਸ਼ਨ ਦੇ ਪੰਜਵੇਂ ਨਾਵਲ 'ਰੋਡਮੈਪ' ਦਾ ਲੋਕ ਅਰਪਣ ਕੀਤਾ ਗਿਆ ਜਿਸ ਬਾਰੇ ਸੰਖੇਪ ਗੱਲ ਕਰਦਿਆਂ ਡਾ ਜਸਵੰਤ ਰਾਏ ਨੇ ਆਖਿਆ ਇਹ ਨਾਵਲ ਅੰਨ੍ਹੇਵਾਹ ਪਰਵਾਸ ਕਰ ਰਹੀ ਨੌਜਵਾਨ ਪੀੜ੍ਹੀ ਨੂੰ ਆਪਣੇ ਜੱਦੀ ਪੁਸ਼ਤੀ ਕੰਮਾਂ ਨੂੰ ਨਵੀਂ ਤਕਨੀਕ ਨਾਲ ਕਰਕੇ ਰੋਜ਼ਗਾਰ ਦੇ ਮੌਕੇ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਵੀ ਹੋਕਾ ਦਿੰਦਾ ਹੈ। ਸਭਾ ਵੱਲੋਂ ਡਾ ਦਰਸ਼ਨ ਸਿੰਘ ਨੂੰ ਹਾਰਦਿਕ ਵਧਾਈ ਦਿੱਤੀ ਗਈ। ਧੰਨਵਾਦੀ ਸ਼ਬਦ ਜਸਬੀਰ ਸਿੰਘ ਧੀਮਾਨ ਨੇ ਪੇਸ਼ ਰਚਨਾਵਾਂ 'ਤੇ ਆਪਣੀਆਂ ਸਾਹਿਤਕ ਟਿੱਪਣੀਆਂ ਦਿੰਦਿਆਂ ਆਖੇ। ਇਸ ਸਮੇਂ ਸਤੀਸ਼ ਕੁਮਾਰ, ਤ੍ਰਿਪਤਾ ਕੇ ਸਿੰਘ, ਡਾ ਸ਼ਮਸ਼ੇਰ ਮੋਹੀ, ਮਦਨ ਵੀਰਾ, ਹਰਦਿਆਲ ਹੁਸ਼ਿਆਰਪੁਰੀ, ਕੁਲਤਾਰ ਸਿੰਘ ਕੁਲਤਾਰ, ਤੀਰਥ ਚੰਦ ਸਰੋਆ, ਰਾਜ ਕੁਮਾਰ ਘਾਸੀਪੁਰੀਆ, ਡਾ ਕੁਲਦੀਪ ਸਿੰਘ, ਰਬਿੰਦਰ ਸ਼ਰਮਾ, ਪ੍ਰਿੰਕਲ ਜੱਸਲ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ ।



# ਵਿਦਿਆਰਥੀਆਂ ਨੂੰ ਕਰਵਾਇਆ ਜ਼ਿਲ੍ਹਾ ਚੋਣ ਦਫ਼ਤਰ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)**- ਜ਼ਿਲ੍ਹਾ ਪ੍ਰਸ਼ਾਸਨ ਦੀ ਨਿਵੇਕਲੀ ਪਹਿਲ 'ਚੇਤਨਾ ਵਿੱਦਿਅਕ ਟੂਰ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੋਫੀ ਪਿੰਡ ਅਤੇ ਡਿਪਸ ਸਕੂਲ ਅਰਬਨ ਇਸਟੇਟ ਜਲੰਧਰ ਦੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਚੋਣ ਦਫਤਰ ਦਾ ਦੌਰਾ ਕਰਵਾਇਆ ਗਿਆ। ਚੋਣ ਤਹਿਸੀਲਦਾਰ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਵੋਟ ਰਜਿਸਟ੍ਰੇਸ਼ਨ ਲਈ ਵਰਤੇ ਜਾਣ ਵਾਲੇ ਵੱਖ-ਵੱਖ ਫਾਰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਨਵੀਂ ਵੋਟ ਬਣਾਉਣ ਲਈ ਫਾਰਮ ਨੰ. 6, ਵੋਟਰ ਸੂਚੀ ਵਿੱਚ ਦਰਜ ਵੋਟ ਕਟਵਾਉਣ ਲਈ ਫਾਰਮ ਨੰ. 7, ਵੋਟਰ ਕਾਰਡ ਵਿੱਚ ਦਰੁੱਸਤੀ ਕਰਵਾਉਣ ਲਈ/ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸ਼ਿਫਟਿੰਗ ਲਈ/ਡੁਪਲੀਕੇਟ ਵੋਟਰ ਕਾਰਡ ਪ੍ਰਾਪਤ ਕਰਨ ਲਈ/ਪੀ.ਡਬਲਯੂ.ਡੀ. ਵਜੋਂ ਮਾਰਕਿੰਗ ਲਈ ਫਾਰਮ ਨੰ. 8, ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਫਾਰਮ ਨੰ. 6-ਬੀ ਅਤੇ ਐਨ. ਆਰ.ਆਈ. ਨੂੰ ਵੋਟਰ ਵਜੋਂ ਵੋਟਰ ਸੂਚੀ ਵਿੱਚ ਦਰਜ ਕਰਨ ਲਈ ਫਾਰਮ ਨੰ. 6-ਏ ਭਰੇ ਜਾ ਸਕਦੇ ਹਨ।



26-NOV-PAGE-10.qxd 11/25/2025 9:32 PM Page 1



## ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਧਾਰਮਿਕ ਪ੍ਰੀਖਿਆ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਧਾਰਮਿਕ ਤੇ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਬੱਚਿਆਂ ਤੋਂ ਧਾਰਮਿਕ ਪ੍ਰੀਖਿਆ ਲਈ ਗਈ।ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਅਤੇ ਸੁਖਦਰਸ਼ਨ ਸਿੰਘ ਕੁਲਾਨਾ ਨੇ ਦੱਸਿਆ ਕਿ ਬੱਸ ਸਟੈਂਡ ਨੇੜੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਹੋਈ ਇਸ ਪ੍ਰੀਖਿਆ ਲਈ 571 ਬੱਚਿਆਂ ਨੇ ਦਾਖ਼ਲਾ ਫਾਰਮ ਭਰੇ ਤੇ ਲਗਭਗ 550 ਬੱਚਿਆਂ ਨੇ ਇਹ ਪੇਪਰ ਦਿੱਤਾ।ਉਨ੍ਹਾਂ ਦੱਸਿਆ ਕਿ ਇਹ ਪ੍ਰੀਖਿਆ ਤਿੰਨ ਗਰੁੱਪਾਂ ਵਿੱਚ ਲਈ ਗਈ।ਪਹਿਲਾ 13 ਸਾਲ ਤੋਂ ਘੱਟ ਉਮਰ, ਦੂਜਾ 13 ਸਾਲ ਤੋਂ 18 ਸਾਲ ਤੇ ਤੀਜਾ ਗਰੁੱਪ 18 ਸਾਲ ਤੋਂ 25 ਸਾਲ ਤੱਕ ਉਮਰ ਦੇ ਬੱਚਿਆਂ ਦਾ ਸੀ।ਤਿੰਨਾਂ ਗਰੁੱਪਾਂ ਦੇ 45 ਬੱਚਿਆਂ ਨੂੰ ਦਾਨੀ ਸੱਜਣਾਂ ਦੇ ਸਹਿਯੋਗ ਨਾਲ 30 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ।ਬਲਬੀਰ ਸਿੰਘ ਬੈਂਚ ਤੇ ਰਜਿੰਦਰ ਵਰਮਾ ਨੇ ਦੱਸਿਆ ਕਿ ਬੱਚਿਆਂ ਦੇ ਪੇਪਰ ਚੈੱਕ ਹੋ ਰਹੇ ਹਨ।ਸ਼ਹੀਦੀ ਦਿਹਾੜੇ ਮੌਕੇ 25 ਨਵੰਬਰ ਨੂੰ ਨਤੀਜਾ ਐਲਾਨਿਆ ਜਾਵੇਗਾ ਤੇ ਉਸੇ ਸਮਾਗਮ ਮੌਕੇ ਲਗਭਗ 10 ਤੋਂ 11ਵਜੇ ਤੱਕ ਬੱਚਿਆਂ ਨੂੰ ਇਨਾਮ ਵੰਡੇ ਜਾਣਗੇ।ਸਰਟੀਫਿਕੇਟ ਸਾਰੇ ਬੱਚਿਆਂ ਨੂੰ ਦਿੱਤੇ ਜਾਣਗੇ।ਪੇਪਰ ਦੇਣ ਲਈ ਬੱਚਿਆਂ ਵਿੱਚ ਬਹੁਤ ਉਤਸ਼ਾਹ ਦੇਖਿਆ ਗਿਆ।ਪੇਪਰ ਦੌਰਾਨ ਅਧਿਆਪਕਾਂ ਤੇ ਸੰਸਥਾ ਮੈਂਬਰਾਂ ਨੇ ਤਨਦੇਹੀ ਨਾਲ ਡਿਊਟੀ ਨਿਭਾਈ।ਉਨ੍ਹਾਂ ਦੱਸਿਆ ਕਿ ਇਸ ਪੇਪਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਿਆਂ ਸਬੰਧੀ ਪ੍ਰਸ਼ਨ ਪਾਏ ਗਏ।ਬੱਚਿਆਂ ਨੂੰ ਗੁਰ ਇਤਿਹਾਸ ਨਾਲ ਜੋੜਨ ਦਾ ਸੰਸਥਾ ਦਾ ਇਹ ਇੱਕ ਬਹੁਤ ਸ਼ਲਾਘਾਯੋਗ ਉਪਰਾਲਾ ਹੈ।

## ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਨੇ ਲਿੰਕ ਸੜਕਾਂ ਬਣਾਉਣ ਦਾ ਕੰਮ ਕਰਾਇਆ ਸ਼ੁਰੂ



**ਕੋਟਕਪੂਰਾ (ਰਛਪਾਲ ਭੁੱਲਰ)**-ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਵੱਲੋਂ ਬਲਾਕ ਪ੍ਰਧਾਨ ਗੁਰਤੇਜ ਸਿੰਘ ਬੱਬੀ, ਮੈਂਬਰ ਬੂਟਾ ਸਿੰਘ ਢਿੱਲੋਂ, ਬਿੰਦਰ ਸਿੰਘ ਢਿੱਲੋਂ, ਪ੍ਰਗਟ ਸਿੰਘ ਜਟਾਣਾ, ਹਰਮਨਜੋਤ ਸਿੰਘ ਮੈਂਬਰ, ਹੈਪੀ ਸਿੰਘ ਮੈਂਬਰ, ਜਗਸੀਰ ਸਿੰਘ ਸੀਰਾ, ਪੂਰਨ ਸਿੰਘ ਜਟਾਣਾ, ਪਰਮਜੀਤ ਜਟਾਣਾ ਮੈਂਬਰ, ਨਛੱਤਰ ਸਿੰਘ ਨੰਬਰਦਾਰ ਆਦਿ ਦੀ ਹਾਜ਼ਰੀ ਵਿੱਚ ਮਾਰਕੀਟ ਕਮੇਟੀ ਅਧੀਨ ਆਉਂਦੀਆਂ ਸੜਕਾਂ ਮੁਕਤਸਰ ਰੋਡ ਤੋਂ ਸੰਧੇ ਕੇ ਪਿੰਡ ਵਾਂਦਰ ਜਟਾਣਾ, ਢੀਮਾਂਵਾਲੀ, ਮਚਾਕੀ ਮੱਲ ਸਿੰਘ, ਕੋਟਕਪੂਰਾ ਤੋਂ ਕਾਸਮਭੱਟੀ, ਵਾੜਾਦਰਾਕਾ ਕੋਠੇ ਵੜੀਰ ਸਿੰਘ, ਕੋਟਕਪੂਰਾ ਤੋਂ ਹਰੀਨੌਂ ਵਾਟਰ ਤੱਕ ਤੇ ਪਿੰਡ ਸਿਰਸੜੀ ਦੀਆਂ ਫਿਰਨੀਆਂ ਪੱਕੀ ਕਰਨ ਦਾ ਕੰਮ ਸ਼ੁਰੂ ਕਰਾਇਆ ਗਿਆ।ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਨੇ ਦੱਸਿਆ ਕਿ ਉਕਤ ਸੜਕਾਂ ਦੀ ਹਾਲਤ ਕਾਫੀ ਲੰਮੇ ਸਮੇਂ ਤੋਂ ਖਸਤਾ ਹਾਲਤ ਵਿੱਚ ਹੋਣ ਕਰਕੇ ਇੱਥੋਂ ਦੀ ਲੰਘਣ ਵਾਲੇ ਵਾਹਨ ਚਾਲਕਾਂ, ਰਾਹਗੀਰਾਂ ਤੇ ਆਮ ਲੋਕਾਂ ਨੂੰ ਕਾਫੀ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਲੋਕਾਂ ਦੀ ਮੰਗ ਵੀ ਸੀ ਕਿ ਉਕਤ ਸੜਕਾਂ ਬਣਾਉਣ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਾਇਆ ਜਾਵੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਪਰਡੈਂਟ ਜਗਸੀਰ ਸਿੰਘ, ਮਨਜੀਤ ਸ਼ਰਮਾ ਜ਼ਿਲ੍ਹਾ ਸਕੱਤਰ ਸ਼ੋਸ਼ਲ ਮੀਡੀਆ, ਜਸਵਿੰਦਰ ਸਿੰਘ ਕਲੇਰ, ਵੀਰਇੰਦਰ ਜੀਤ ਸਿੰਘ ਪੁਰੀ, ਸਰਪੰਚ ਬਲਜੀਤ ਸਿੰਘ ਅਨੇਖਪੁਰਾ ਸਿਰਸੜੀ ਆਦਿ ਵੀ ਹਾਜ਼ਰ ਸਨ।

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ 'ਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸਮਾਗਮ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸ਼ਰਧਾ ਪੂਰਵਕ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਏਕਮਜੀਤ ਕੌਰ ਨੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਬਾਰੇ ਦੱਸ ਕੇ ਕੀਤੀ ਤੇ ਨਾਲ ਹੀ ਮੰਚ ਦੀ ਸੰਚਾਲਕਾ ਦੀ ਭੂਮਿਕਾ ਵੀ ਨਿਭਾਈ।ਪੰਜਵੀਂ ਜਮਾਤ ਦੇ ਵਿਦਿਆਰਥੀ ਗਿਰਜੋਤ ਨੇ ਆਪਣੇ ਭਾਸ਼ਣ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਦੱਸਿਆ।ਅੰਸ਼ਪ੍ਰੀਤ ਕੌਰ ਅਤੇ ਰਵਿੰਦਰਪਾਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਸਬੰਧਤ ਕਵਿਤਾ ਉਚਾਰਣ ਕੀਤੀ। ਸਕੂਲ ਦੀ ਅਧਿਆਪਿਕਾ ਮੈਡਮ ਸੁਖਪਾਲ ਕੌਰ ਨੇ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਦੱਸਿਆ।ਐਲ.ਕੇ.ਜੀ. ਅਤੇ ਯੂ.ਕੇ.ਜੀ ਦੇ ਵਿਦਿਆਰਥੀਆਂ ਤੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਪ੍ਰਸ਼ਨ ਉੱਤਰ ਵੀ ਪੁੱਛੇ ਗਏ।ਸਕੂਲ ਦੀ ਸਭਾ ਵਿਚ ਮੂਲ ਮੰਤਰ ਦੇ ਪਾਠ ਕਰਾਏ ਗਏ ਅਤੇ ਨਾਲ ਹੀ ਵਾਹਿਗੁਰੂ ਦਾ ਜਾਪ ਵੀ ਕਰਾਇਆ ਗਿਆ।ਸਕੂਲ ਦੀ ਹਿੰਦੀ ਦੀ ਅਧਿਆਪਕਾ ਮੈਡਮ ਬਲਜੀਤ ਕੌਰ ਨੇ ਗੁਰੂ ਜੀ ਦੀ ਸ਼ਹਾਦਤ ਬਾਰੇ ਕਵਿਤਾ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ।ਸਕੂਲ ਦੇ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਨੇ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਕਿਹਾ।

## 'ਊਰਜਾ ਬਚਾਓ, ਧਰਤੀ ਬਚਾਓ' ਪ੍ਰੋਜੈਕਟ ਤਹਿਤ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਾਏ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤਹਿਤ ਪੰਜਾਬ ਭਰ 'ਚ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਊਰਜਾ ਬਚਾਓ, ਧਰਤੀ ਬਚਾਓ ਪ੍ਰੋਜੈਕਟ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਆਫ਼ ਹੈਪੀਨਸ ਅਹਿਮਦਪੁਰ ਵਿਖੇ ਬੱਚਿਆਂ ਦੇ ਪੇਂਟਿੰਗ ਮੁਕਾਬਲੇ ਕਰਾਏ ਗਏ। ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਭਾਖੜਾ ਬਿਆਸ ਪ੍ਰੋਜੈਕਟ ਬੋਰਡ ਤਹਿਤ ਇਹ ਮੁਕਾਬਲੇ ਪੰਜਵੀਂ ਤੋਂ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦੇ ਕਰਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪ੍ਰਾਇਮਰੀ ਪੱਧਰ ਤੇ ਪੰਜਵੀਂ ਦੇ ਵਿਦਿਆਰਥੀਆਂ ਦੇ ਊਰਜਾ ਬਚਾਓ ਧਰਤੀ ਬਚਾਓ ਪ੍ਰੋਜੈਕਟ ਤਹਿਤ ਪੇਂਟਿੰਗ ਮੁਕਾਬਲੇ ਕਰਾਏ ਗਏ।ਵਿਦਿਆਰਥੀਆਂ ਵੱਲੋਂ ਊਰਜਾ ਬਚਾਉਣ ਧਰਤੀ ਬਚਾਉਣ ਵੱਧ ਤੋਂ ਵੱਧ ਰੁੱਖ ਲਗਾਉਣ, ਬਿਜਲੀ ਦੀ ਵਰਤੋਂ ਘੱਟ ਕਾਰਨ ,ਪਾਣੀ ਦੀ ਸਾਂਭ ਸੰਭਾਲ ਕਰਨ ਦੇ ਥੀਮ ਤਹਿਤ ਪੇਂਟਿੰਗਾਂ ਬਣਾਇਆ।ਇਨ੍ਹਾਂ ਮੁਕਾਬਲਿਆਂ 'ਚ ਹਰਨੂਰ ਕੌਰ ਕਲਾਸ ਪੰਜਵੀਂ ਫਸਟ, ਹੁਸਨਦੀਪ ਕੌਰ ਕਲਾਸ ਪੰਜਵੀਂ ਸੈਕਿੰਡ, ਹਰਨੂਰ ਕੌਰ ਕਲਾਸ ਪੰਜਵੀਂ ਥਰਡ ਤੇ ਬੂਟਾ ਸਿੰਘ ਕਲਾਸ ਪੰਜਵੀਂ ਚੌਥੇ ਸਥਾਨ ਤੇ ਰਹੇ।ਪੰਜਵੀਂ ਕਲਾਸ ਦੀ ਇੰਚਾਰਜ ਮੈਡਮ ਟੇਨੂ ਬਾਲਾ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੇ ਮੁਕਾਬਲੇ ਕਰਾਉਣ ਉਪਰੰਤ ਇਹਨਾਂ ਦੀਆਂ ਪੇਂਟਿੰਗਾਂ ਨੂੰ ਰਜਿਸਟਰਡ ਪੋਸਟ ਰਾਹੀਂ ਚੰਡੀਗੜ੍ਹ ਭਾਖੜਾ ਬਿਆਸ ਪ੍ਰੋਜੈਕਟ ਬੋਰਡ ਦੇ ਦਫਤਰ ਵਿਖੇ ਭੇਜਿਆ ਜਾਵੇਗਾ।

## ਰੱਤੋਕੇ ਸਕੂਲ ਦੇ ਪ੍ਰਾਇਮਰੀ ਤੇ ਅੱਪਰ ਪ੍ਰਾਇਮਰੀ ਨੇ ਜਿੱਤੀ ਓਵਰ ਆਲ ਟਰਾਫੀ




**ਲੌਂਗੋਵਾਲ (ਪ੍ਰਦੀਪ ਸੱਪਲ)**-ਪਿਛਲੇ ਦਿਨੀਂ ਸਿੱਖਿਆ ਅਤੇ ਕਲਾ ਮੰਚ ਪੰਜਾਬ (ਰਜਿ.) ਵੱਲੋਂ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਕਰਵਾਏ ਗਏ ਰਾਜ ਪੱਧਰੀ ਪ੍ਰੋਗਰਾਮ ਨਵੇਂ ਦਿਸਹੱਦੇ-2025 ਵਿੱਚ ਵੱਖ-ਵੱਖ ਸੱਭਿਆਚਾਰਕ ਤੇ ਵਿਦਿਅਕ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਨੇ ਬਾਜ਼ੀ ਮਾਰੀ, ਜਿਸ ਵਿੱਚ ਭੰਗੜਾ, ਗਿੱਧਾ, ਸੋਲੋ ਡਾਂਸ (ਕੁੜੀਆਂ), ਸੋਲੋ ਡਾਂਸ ਲੜਕਿਆਂ ਦੇ ਮੁਕਾਬਲਿਆਂ ਵਿੱਚ ਪ੍ਰਾਇਮਰੀ ਵਰਗ ਨੇ ਪਹਿਲਾ ਤੇ ਲੋਕਗੀਤ ਵਿੱਚ ਤੀਸਰਾ ਸਥਾਨ ਹਾਸਲ ਕੀਤਾ, ਉੱਥੇ ਰੱਤੋਕੇ ਸਕੂਲ ਦੇ ਅੱਪਰ ਪ੍ਰਾਇਮਰੀ ਵਰਗ ਨੇ ਸੋਲੋ ਡਾਂਸ (ਮੁੰਡੇ), ਸੋਲੋ ਡਾਂਸ ਲੜਕੀਆਂ, ਭੰਗੜਾ ਵਿੱਚ ਪਹਿਲਾ ਸਥਾਨ ਤੇ ਗਿੱਧੇ ਵਿੱਚ ਦੂਸਰਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਰੱਤੋਕੇ ਸਕੂਲ ਨੇ ਪ੍ਰਾਇਮਰੀ ਤੇ ਅੱਪਰ ਪ੍ਰਾਇਮਰੀ ਵਰਗ ਵਿੱਚ ਓਵਰ ਆਲ ਟਰਾਫੀ 'ਤੇ ਵੀ ਕਬਜ਼ਾ ਕੀਤਾ।ਪਿੰਡ ਪਹੁੰਚਣ 'ਤੇ ਬੱਚਿਆਂ ਤੇ ਅਧਿਆਪਕਾਂ ਦਾ ਪਿੰਡ ਦੀ ਪੰਚਾਇਤ, ਕਲੱਬ ਮੈਂਬਰਾਂ, ਸਕੂਲ ਸਟਾਫ਼ ਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਵੈੱਲਫੇਅਰ ਕਮੇਟੀ ਪ੍ਰਧਾਨ ਗਿਆਨ ਸਿੰਘ ਭੁੱਲਰ, ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ, ਸਰਪੰਚ ਹਰਦੀਪ ਕੌਰ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਪੂਰੇ ਸਟਾਫ਼ ਨੂੰ ਵਧਾਈ ਦਿੱਤੀ।ਇਸ ਮੌਕੇ ਰਛਪਾਲ ਸਿੰਘ, ਰਣਜੋਧ ਸਿੰਘ, ਸਲਵਿੰਦਰ ਸਿੰਘ, ਜਗਪਾਲ ਸਿੰਘ ਸਾਹੋਕੇ, ਸੁਖਦੇਵ ਸਿੰਘ, ਸ਼ਕਤੀ ਸਿੰਘ, ਸਤਨਾਮ ਸਿੰਘ, ਕੁਲਦੀਪ ਕਾਲੀ, ਗੁਰਚਰਨ ਸਿੰਘ ਸਾਬਕਾ ਸਰਪੰਚ, ਕੁਲਦੀਪ ਕੌਰ ਸਾਬਕਾ ਸਰਪੰਚ, ਸਾਹਿਬ ਸਿੰਘ, ਪਾਲੀ ਧਨੌਲਾ, ਬਿੱਟੂ ਸਿੰਘ, ਜਸਵਿੰਦਰ ਸਿੰਘ, ਚਰਨਜੀਤ ਕੌਰ, ਸੁਨੀਲ ਕੁਮਾਰ, ਸਤਪਾਲ ਕੌਰ, ਕਾਕਾ ਸਿੰਘ, ਅਮਰਿੰਦਰ ਕੌਰ, ਰੇਨੂੰ ਸਿੰਗਲਾ, ਕਰਮਜੀਤ ਕੌਰ, ਰਣਜੀਤ ਕੌਰ, ਅਜੀਤਪਾਲ ਸਿੰਘ, ਸੁਖਪਾਲ ਸਿੰਘ ਹਾਜ਼ਰ ਸਨ।ਪ੍ਰੈੱਸ ਨਾਲ ਜਾਣਕਾਰੀ ਰਣਜੀਤ ਸਿੰਘ ਮੰਢਾਲੀ ਨੇ ਸਾਂਝੀ ਕੀਤੀ।

# ਪਟਵਾਰੀਆਂ ਦੀ ਘਾਟ ਕਾਰਨ ਲੋਕ ਪ੍ਰੇਸ਼ਾਨ, ਸਰਕਾਰ ਤੇ ਪ੍ਰਸ਼ਾਸਨ ਬਣੇ ਮੂਕਦਰਸ਼ਕ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਭਰ ਵਿੱਚ ਜਿੱਥੇ ਹਰੇਕ ਸਰਕਾਰੀ ਦਫਤਰ ਵਿੱਚ ਮੁਲਾਜ਼ਮਾਂ ਦੀ ਕਮੀ ਹੈ, ਉੱਥੇ ਮਾਲ ਵਿਭਾਗ ਵਿੱਚ ਪਟਵਾਰੀਆਂ ਦੀ ਬਹੁਤ ਜ਼ਿਆਦਾ ਘਾਟ ਹੈ, ਨਾਲ ਹੀ ਦਫਤਰਾਂ ਵਿੱਚ ਪ੍ਰਾਈਵੇਟ ਕਰਿੰਦਿਆਂ ਦੀ ਬਹੁਤਾਤ ਹੈ।ਇਕ-ਇਕ ਪਟਵਾਰੀ ਕੋਲ ਚਾਰ-ਚਾਰ, ਪੰਜ-ਪੰਜ ਹਲਕਿਆਂ ਦਾ ਵਾਧੂ ਚਾਰਜ ਹੈ, ਪਟਵਾਰੀ ਹਲਕਿਆਂ ਵਿੱਚ ਪਬਲਿਕ ਨੂੰ ਨਹੀਂ ਲੱਭਦੇ ਨਾ ਹੀ ਉਨ੍ਹਾਂ ਦੇ ਜ਼ਰੂਰੀ ਕੰਮ ਸਮੇਂ ਸਿਰ ਹੋ ਰਹੇ ਹਨ।ਆਮ ਜਨਤਾ ਤੇ ਕਿਸਾਨ ਪਟਵਾਰੀਆਂ ਤੋਂ ਬਹੁਤ ਜ਼ਿਆਦਾ ਪ੍ਰੇਸ਼ਾਨ ਹਨ।ਵਾਧੂ ਹਲਕਿਆਂ ਦਾ ਚਾਰਜ ਪਟਵਾਰੀਆਂ ਨੇ ਲਾਲਚਵੱਸ ਵਾਧੂ ਕਮਾਈ ਹੋਣ ਦੇ ਲਾਲਚ 'ਚ ਲਿਆ ਹੋਇਆ ਹੈ।ਵਾਧੂ ਹਲਕਿਆਂ ਦਾ ਕੰਮਕਾਜ ਖੁਦ ਇਕੱਲੇ ਕਰ ਨਹੀਂ ਸਕਦੇ, ਚਲਾਉਣ ਲਈ ਅਣਗਿਣਤ ਪ੍ਰਾਈਵੇਟ ਕਰਿੰਦੇ ਰੱਖੇ ਹੋਏ ਹਨ, ਜੋ ਦੂਸਰੇ ਜ਼ਿਲ੍ਹਿਆਂ ਵਿੱਚੋਂ ਕਾਰਾਂ, ਮੋਟਰਸਾਈਕਲਾਂ 'ਤੇ ਲੰਬਾ ਪੈਂਡਾ ਤਹਿ ਕਰਕੇ ਰੋਜ਼ਾਨਾ ਪੰਜ-ਸੱਤ ਸੌ ਰੁਪਏ ਦਾ ਤੇਲ ਲਾ ਕੇ ਮੋਗਾ ਜ਼ਿਲ੍ਹੇ ਵਿੱਚ ਆਉਂਦੇ ਹਨ।ਜੋ ਰੋਜ਼ਾਨਾ ਇੱਕ ਹਜ਼ਾਰ ਰੁਪਿਆ ਖਰਚ ਕਰਦਾ ਹੋਵੇਗਾ, ਉਸ ਦੀ ਕਮਾਈ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੈ।ਜੋ ਮਾਲ ਵਿਭਾਗ ਦੇ ਕੰਮ ਦੀ ਜਾਣਕਾਰੀ ਨਹੀਂ ਰੱਖਦੇ ਨਾ ਹੀ ਵਿਭਾਗ ਦੀਆ ਗੁੰਝਲਦਾਰ ਬਰੀਕੀਆਂ ਤੋਂ ਜਾਣੂ ਹਨ, ਪਰ ਪਬਲਿਕ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਹੋ ਰਿਹਾ ਹੈ।ਉਨ੍ਹਾ ਨੂੰ ਸਬੰਧਤ ਪਟਵਾਰੀ ਦੇ ਨਾ ਮਿਲਣ 'ਤੇ ਦਫਤਰ ਵਿੱਚ ਬੈਠਿਆਂ ਇਨ੍ਹਾਂ ਦੇ ਧੱਕੇ ਚੜ੍ਹਨਾ ਪੈਂਦਾ ਹੈ।ਉਹ ਪਟਵਾਰੀਆਂ ਦੀ ਗੈਰ-ਹਾਜ਼ਰੀ ਵਿੱਚ ਵੀ ਪਟਵਾਰੀਆਂ ਦੇ ਦਫ਼ਤਰ ਖੁਦ ਚਲਾਉਂਦੇ ਹਨ।

ਪਬਲਿਕ ਦਾ ਅਹਿਮ ਤੇ ਹਲਕਿਆਂ ਦਾ ਮਾਲ ਰਿਕਾਰਡ ਉਨ੍ਹਾਂ ਦੇ ਕਬਜ਼ੇ ਵਿੱਚ ਹੁੰਦਾ ਹੈ।ਇਹ ਪੱਕੇ ਸਰਕਾਰੀ ਪਟਵਾਰੀ ਦੀ ਤਰ੍ਹਾਂ ਪਟਵਾਰੀਆਂ ਦੀ ਸੀਟ 'ਤੇ ਬੈਠ ਕੇ ਪਬਲਿਕ ਨਾਲ ਕੰਮ ਕਰਨ ਕਰਵਾਉਣ ਦੀ ਡੀਲਿੰਗ ਕਰਦੇ ਹਨ ਤੇ ਹਰ ਤਰ੍ਹਾਂ ਦਾ ਲੈਣ-ਦੇਣ ਕਰਦੇ ਹਨ।ਪਟਵਾਰੀ ਦੀ ਤਰ੍ਹਾਂ ਪਬਲਿਕ ਦੇ ਇੰਤਕਾਲ, ਫਰਦ ਬਦਰ, ਗਿਰਦਾਵਰੀ, ਜਮਾਂਬੰਦੀ ਨਕਲ ਤਿਆਰ ਕਰਨਾ ਤੇ ਨਿਸ਼ਾਨਦੇਹੀ ਜਿਹੇ ਪੇਚੀਦਾ ਕੰਮ ਨੂੰ ਕਰਨ ਕਰਵਾਉਣ ਦੀ ਪਬਲਿਕ ਨੂੰ ਧੜੱਲੇ ਨਾਲ ਹਾਮੀ ਭਰਦੇ ਹਨ।ਗੱਲਬਾਤ ਦੌਰਾਨ ਪਬਲਿਕ ਨਾਲ ਕੰਮ ਕਰਨ ਦੀ ਫੀਸ ਵੀ ਤਹਿ ਕਰਦੇ ਹਨ।ਹੋਰ ਤਾਂ ਹੋਰ ਉੱਚ ਅਧਿਕਾਰੀਆਂ, ਕਾਨੂੰਨਗੋਆਂ, ਨਾਇਬ ਤਹਿਸੀਲਦਾਰ ਤੇ ਤਹਿਸੀਲਦਾਰਾਂ ਦੀ ਫੀਸ ਵੀ ਦੱਸਦੇ ਹਨ ਤੇ ਕੰਮ ਕਰਵਾਉਣ ਦੀ ਹਾਮੀ ਭਰਦੇ ਹਨ।ਇਹ ਪ੍ਰੈਕਟਿਸ ਮੋਗਾ ਜ਼ਿਲ੍ਹੇ ਦੇ ਹਰ ਹਲਕੇ ਤਕਰੀਬਨ ਪੰਜ-ਸੱਤ ਹਲਕਿਆਂ ਨੂੰ ਛੱਡ ਕੇ 180 ਪਟਵਾਰ ਹਲਕਿਆਂ ਵਿੱਚ ਚਲਦੀ ਹੈ, ਜੋ ਡਿਪਟੀ ਕਮਿਸ਼ਨਰ, ਅਧਿਕਾਰੀਆਂ ਤੇ ਰਾਜਨੀਤਕ ਲੋਕਾਂ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਬਦਸਤੂਰ ਜਾਰੀ ਹੈ, ਜਿਸ ਤੋਂ ਲਗਦਾ ਹੈ ਕਿ ਉੱਚ ਅਧਿਕਾਰੀਆਂ ਤੋਂ ਸਹਿਮਤੀ ਮਿਲੀ ਹੋਈ ਹੈ। ਉਕਤ ਜਾਣਕਾਰੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ, ਗੁਰਮੇਲ ਸਿੰਘ ਗੌਂਦਾਰਾ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਬਲਜੀਤ ਸਿੰਘ ਸਹਾਇਕ ਸਕੱਤਰ, ਗੁਰਦੌਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮੱਖਣਜੀਤ ਕਾਨੂੰਨੀ ਸਕੱਤਰ, ਕੇਵਲ ਸਿੰਘ ਪ੍ਰੈੱਸ ਸਕੱਤਰ, ਗੁਰਚਰਨ ਸਿੰਘ ਮੀਤ ਪ੍ਰਧਾਨ, ਸਵਰਨ ਸਿੰਘ ਬਰਾੜ, ਜਸਵੰਤ ਸਿੰਘ ਸੂਬੇਦਾਰ, ਸੁਰਜੀਤ ਸਿੰਘ, ਜਰਨੈਲ ਸਿੰਘ ਖੋਸਾ, ਸੁਰਜੀਤ ਸਿੰਘ, ਗੁਰਮੀਤ ਸਿੰਘ ਤੇ ਪ੍ਰੈੱਸ ਸਕੱਤਰ ਕੇਵਲ ਸਿੰਘ ਨੇ ਦਿੱਤੀ।

## ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸਮਾਗਮ ਮਨਾਇਆ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਜੋ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਧਾਰਮਿਕ ਗਤੀਵਿਧੀਆਂ ਲਈ ਵੀ ਵਚਨਬੱਧ ਹੈ, ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਇਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਹਿੰਦੂਆਂ ਦੀ ਰਾਖੀ ਲਈ ਦਿੱਤੇ ਗਏ ਬਲੀਦਾਨ ਤੇ ਸਿੱਖਿਆਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ।ਲੈਕਚਰਾਰ ਸਰਦਾਰ ਹਰਜਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਬਲੀਦਾਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।

ਵਿਦਿਆਰਥਣ ਜੈਸਮੀਨ ਕੌਰ ਨੇ ਗੁਰੂ ਜੀ ਦੇ ਜੀਵਨ ਤੇ ਚਾਨਣਾ ਪਾਉਂਦਾ ਧਾਰਮਿਕ ਗੀਤ 'ਤੇਗ ਬਹਾਦਰ ਸਿਮਰੀਐ' ਗਾਇਆ। ਦਸਵੀਂ ਸ਼੍ਰੇਣੀ ਦੀ ਵਿਦਿਆਰਥਣ ਸਹਿਜਪ੍ਰੀਤ ਕੌਰ ਨੇ ਗੁਰੂ ਜੀ ਦੇ ਜੀਵਨ ਅਤੇ ਸ਼ਹਾਦਤ ਲਈ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ ਗਿਆ।ਸੰਸਥਾ ਦੇ ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥੀਆ ਨਾਲ ਆਪਣੇ ਵਿਚਾਰ ਸਾਂਝੇ ਕਰਦਿਆ ਕਿਾ ਕਿ ਸਾਨੂੰ ਆਪਣੇ ਜੀਵਨ ਵਿਚ ਹਮੇਸ਼ਾ ਸੱਚਾਈ ਦੇ ਮਾਰਗ ਤੇ ਚੱਲਣਾ ਚਾਹੀਦਾ ਹੈ, ਦੀਨ-ਦੁਖੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

## 80 ਸਾਲ ਤੋਂ ਉੱਪਰ ਸੇਵਾ ਮੁਕਤ ਅਧਿਆਪਕ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਸੇਵਾ ਮੁਕਤ ਅਧਿਆਪਕ ਯੂਨੀਅਨ ਦੀ ਜ਼ਿਲ੍ਹਾ ਪਟਿਆਲਾ ਯੂਨਿਟ ਦੀ ਵਿਸ਼ੇਸ਼ ਮੀਟਿੰਗ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਮੀਟਿੰਗ ਹਾਲ ਵਿੱਚ ਯੂਨੀਅਨ ਦੇ ਪ੍ਰਧਾਨ ਪ੍ਰੋ. ਜੋਗਿੰਦਰ ਪਾਲ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਕੇਂਦਰੀ ਕਮੇਟੀ ਦੇ ਕਾਰਜਕਾਰੀ ਮੈਂਬਰ ਬੀ. ਐੱਸ. ਟੌਹੜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਪ੍ਰਧਾਨ ਜੋਗਿੰਦਰ ਪਾਲ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ।ਮੀਟਿੰਗ ਵਿੱਚ ਜ਼ਿਲ੍ਹਾ ਯੂਨਿਟ ਦੇ ਲਗਭਗ 50 ਮੈਂਬਰਾਂ ਨੇ ਹਾਜ਼ਰੀ ਲਗਾਈ ਤੇ ਉਮਰ ਦੇ ਇਸ ਪੜਾਅ 'ਤੇ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਉਨ੍ਹਾਂ ਦਾ ਬਕਾਇਆ ਅਦਾ ਨਾ ਕਰਨ 'ਤੇ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਹ ਰਕਮ ਤੁਰੰਤ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਉਮਰ ਦੇ ਇਸ ਪੜਾਅ ਵਿੱਚ ਸਿਹਤ-ਸੰਬੰਧੀ ਸਮੱਸਿਆਵਾਂ ਦਾ ਇਕਲੌਤਾ ਹੱਲ ਪੈਸਾ ਹੀ ਹੈ, ਪਰ ਸਰਕਾਰ ਵੱਲੋਂ ਇਹ ਸਮੇਂ 'ਤੇ ਨਹੀਂ ਮਿਲ ਰਿਹਾ।

ਇਸ ਮੌਕੇ 80 ਸਾਲ ਦੀ ਉਮਰ ਪਾਰ ਕਰ ਚੁੱਕੇ ਪ੍ਰੋ. ਬੀ.ਸੀ. ਪਾਲ ਸ਼ਰਮਾ ਅਤੇ ਪ੍ਰਿੰਸਿਪਲ ਪਰਮਿੰਦਰ ਸਿੰਘ ਸਿੱਧੂ ਨੂੰ ਸ਼ਾਲ ਅਤੇ ਮੋਮੈਂਟੋ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਪ੍ਰਿੰ. ਪੀ ਐੱਸ ਸਿੱਧੂ, ਪ੍ਰੋ. ਡੀ. ਐੱਸ. ਰਾਹੀਂ, ਹਰਿੰਦਰ ਕੌਰ, ਸੁਦਰਸ਼ਨ ਗੁਪਤਾ ਤੇ ਬੀ. ਪੀ. ਧੀਮਾਨ ਨੇ ਲੋੜਵੰਦ ਵਿਦਿਆਰਥੀਆਂ ਲਈ ਸਹਾਇਤਾ ਰਕਮ ਦਿੱਤੀ।

ਇਸ ਮੌਕੇ ਯੂਨੀਅਨ ਦੇ ਸਕੱਤਰ ਵੀ. ਕੇ. ਵਾਲੀਆ ਨੇ ਆਪਣੇ ਵਿਚਾਰ ਰੱਖੇ।ਮੀਟਿੰਗ ਵਿੱਚ ਹੋਰ ਸੇਵਾ ਮੁਕਤ ਪ੍ਰੋਫੈਸਰਾਂ ਤੇ ਪ੍ਰਿੰਸੀਪਲਾਂ ਤੋਂ ਇਲਾਵਾ ਮੁੱਖ ਤੌਰ 'ਤੇ ਪੀ. ਐੱਸ. ਭੱਟੀ, ਅਸ਼ੋਕ ਵਰਮਾ, ਮੰਜੂ ਵਾਲਿਆ, ਮੀਨਾਕਸ਼ੀ, ਇਸ਼ਟਪ੍ਰੀਤ, ਤਜਿੰਦਰ ਕੌਰ, ਦਰਸ਼ਨ ਸਿੰਘ, ਚੱਤਰ ਸਿੰਘ ਵਿਰਕ, ਆਰ. ਕੇ. ਸ਼ਰਮਾ, ਬੀ. ਐੱਸ. ਟੌਹੜਾ ਤੇ ਭਾਗ ਸਿੰਘ ਮੌਜੂਦ ਸਨ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਐੱਮ ਐੱਲ ਡੀ 'ਚ ਮਨਾਇਆ




**ਜਗਰਾਉਂ (ਅਮਿਤ ਖੰਨਾ)**

ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਧਾਰਮਿਕ ਸਮਾਗਮ ਐੱਮ. ਐੱਲ. ਡੀ. ਸੀਨੀ. ਸੈਕੰ. ਸਕੂਲ ਤਲਵੰਡੀ ਕਲਾਂ ਵਿਖੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰਸਭਿੰਨਾ ਕੀਰਤਨ 'ਤੇਗ ਬਹਾਦਰ ਸਿਮਰੀਏ ਘਰ ਨਉ ਨਿਧਿ ਆਵੈ ਧਾਇ' ਕੀਤਾ ਗਿਆ। ਅਰਦਾਸ ਉਪਰੰਤ ਦੇਗ ਵਰਤਾਈ ਗਈ।ਮੈਡਮ ਰਮਨਪ੍ਰੀਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਅਤੇ ਉਹਨਾਂ ਦੁਆਰਾ ਰਚੀ ਗਈ ਗੁਰਬਾਣੀ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦੀ ਮਿਸਾਲ ਪੂਰੇ ਸੰਸਾਰ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ ਜਿੱਥੇ ਕਿਸੇ ਹੋਰ ਧਰਮ ਦੀ ਰੱਖਿਆ ਲਈ ਕੁਰਬਾਨੀ ਕੀਤੀ ਗਈ ਹੋਵੇ। ਗੁਰੂ ਸਾਹਿਬ ਜੀ ਦੀ ਸ਼ਹੀਦੀ ਤੇ ਔਰੰਗਜ਼ੇਬ ਨੂੰ ਆਪਣੀ ਕਾਇਰਤਾ ਮਹਿਸੂਸ ਹੋਈ, ਕਿਉਂਕਿ ਔਰੰਗਜ਼ੇਬ ਆਪਣੇ ਧਰਮ ਤਬਦੀਲੀ ਦੇ ਮਨਸੂਬੇ 'ਚ ਕਾਮਯਾਬ ਨਹੀਂ ਹੋ ਸਕਿਆ।ਔਰੰਗਜ਼ੇਬ ਦਾ ਕੋਈ ਵੀ ਡਰਾਵਾ ਗੁਰੂ ਜੀ ਦਾ ਧਰਮ ਤਬਦੀਲ ਨਹੀਂ ਕਰਵਾ ਸਕਿਆ।ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਮਨੁੱਖਤਾ ਲਈ ਕੁਰਬਾਨੀ ਦਿੱਤੀ।ਗੁਰੂ ਜੀ ਨੇ 15 ਰਾਗਾਂ 'ਚ ਬਾਣੀ ਰਚੀ, ਜਿਸ 'ਚ 59 ਸ਼ਬਦ ਤੇ 57 ਸਲੋਕ ਹਨ।ਗੁਰੂ ਜੀ ਨੇ ਭਟਕਦੇ ਲੋਕਾਂ ਨੂੰ ਸੱਚ ਦਾ ਰਸਤਾ ਵਿਖਾਇਆ।ਮੈਡਮ ਹਰਮਨਦੀਪ ਕੌਰ ਨੇ ਕਿਹਾ ਕਿ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਅਣਮਨੁੱਖੀ ਤਸ਼ੱਦਦ ਕਰਕੇ ਸ਼ਹੀਦ ਕੀਤਾ ਗਿਆ, ਪਰ ਗੁਰੂ ਜੀ ਦੇ ਸਿੱਖਾਂ ਨੇ ਧਰਮ ਤਬਦੀਲ ਕਰਨ ਦੀ ਥਾਂ ਮੌਤ ਨੂੰ ਗਲੇ ਲਗਾ ਕੇ ਕੁਰਬਾਨੀ ਦਿੱਤੀ।ਪ੍ਰਿੰਸੀਪਲ ਬਲਦੇਵ ਬਾਵਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਗੌਰਵਮਈ ਇਤਿਹਾਸ ਕੁਰਬਾਨੀਆਂ ਦਾ ਭਰਿਆ ਹੈ ਉਨ੍ਹਾਂ ਕਿਹਾ ਕਿ ਇਤਿਹਾਸ ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਤੇ ਲੱਖੀ ਸ਼ਾਹ ਵਣਜਾਰੇ ਨੂੰ ਵੀ ਹਮੇਸ਼ਾ ਸਿਜਦਾ ਕਰੇਗਾ।

## ਡਾ. ਰਾਕੇਸ਼ ਸਿੰਗਲਾ ਨੀਮਾ ਸੈਂਟਰਲ ਕੌਂਸਲ ਦੇ ਮੈਂਬਰ ਨਾਮਜ਼ਦ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ)**-ਨੈਸ਼ਨਲ ਇੰਟਗ੍ਰੇਟਿਡ ਮੈਡੀਕਲ ਐਸੋਸੀਏਸ਼ਨ ਨੇ ਸਥਾਨਕ ਡਾ. ਰਾਕੇਸ਼ ਸਿੰਗਲਾ ਨੂੰ ਸੈਂਟਰਲ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਹੈ।ਉਨ੍ਹਾਂ ਆਪਣੀ ਨਿਯੁਕਤੀ 'ਤੇ ਨੈਸ਼ਨਲ ਇੰਟਾਗ੍ਰੇਟਡ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਡਾ. ਪਰਵਿੰਦਰ ਬਜਾਜ ਤੇ ਜਨਰਲ ਸਕੱਤਰ ਡਾ. ਅਨਿਲ ਨਾਗਰਥ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਦਿਆਂ ਨਿੱਘਰ ਸਿਹਤ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾਉਣਗੇ।ਉਧਰ ਡਾ. ਰਵਿਕਾਂਤ ਮੈਦਾਨ, ਡਾ. ਲਲਿਤ ਕਾਂਸਲ, ਡਾ. ਦਵਿੰਦਰ, ਡਾ. ਪਵਨ ਗੁਪਤਾ, ਡਾ. ਪਵਨ ਅੱਗਰਵਾਲ, ਡਾ. ਦਵਿੰਦਰ, ਵੇਦ ਪ੍ਰਕਾਸ਼ ਜਿੰਦਲ, ਅੱਗਰਵਾਲ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਰਾਜ ਕੁਮਾਰ ਸਿੰਗਲਾ, ਧੂਰੀ ਵਿਕਾਸ ਮੰਚ ਦੇ ਚੇਅਰਮੈਨ ਜੱਗੀ ਢੀਂਡਸਾ, ਪ੍ਰਧਾਨ ਅਮਨ ਗਰਗ, ਅਭਿਨਵ ਗੋਇਲ, ਸੰਦੀਪ ਸਿੰਗਲਾ ਤੇ ਸਤੀਸ਼ ਕੁਮਾਰ ਗਰਗ, ਰੌਸ਼ਨ ਲਾਲ ਗਰਗ, ਮਹਾਰਾਜਾ ਮਹਿੰਦਰ ਪਾਲ ਮਿੰਦਾ, ਸੋਸ਼ਲ ਵੈੱਲਫੇਅਰ ਕਲੱਬ ਯੂਨਿਟ ਚੇਅਰਮੈਨ ਸਤੀਸ਼ ਚੰਦਰ ਅਰੋੜਾ, ਤਰੁਣ ਸੰਗਮ ਵੱਲੋਂ ਪ੍ਰਧਾਨ ਦਿਨੇਸ਼ ਸਿੰਗਲਾ ਸੇਵਾ ਮੁਕਤ ਡਿਪਟੀ ਡਾਇਰੈਕਟਰ ਮਨਜੀਤ ਸਿੰਘ ਬਖਸ਼ੀ ਨੇ ਸ੍ਰੀ ਸਿੰਗਲਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਡਾ. ਸਿੰਗਲਾ ਦੀ ਨਿਯੁਕਤੀ ਨਾਲ ਧੂਰੀ ਦੇ ਮਾਣ ਤੇ ਸਨਮਾਨ ਵਿੱਚ ਵਾਧਾ ਹੋਇਆ ਹੈ।

## ਯੂਰੋ ਕਿਡਜ਼ ਐਂਡ ਡ੍ਰੀਮ ਬੈਰੀ ਕਾਨਵੈਂਟ ਸਕੂਲ 'ਚ 350ਵਾਂ ਸ਼ਹੀਦੀ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਯੂਰੋ ਕਿਡਜ਼ ਪਲੇਅਵੇ ਐਂਡ ਡ੍ਰੀਮ ਬੈਰੀ ਕਾਨਵੈਂਟ ਸਕੂਲ ਦੋਰਾਹਾ ਵਿਖੇ ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ ਦੀ ਅਗਵਾਈ ਵਿੱਚ 350ਵਾਂ ਸ਼ਹੀਦੀ ਦਿਵਸ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਪ੍ਰਮਾਤਮਾ ਦੀ ਮਹਿਮਾ ਦੇ ਗੁਣਗਾਨ ਨਾਲ ਕੀਤੀ ਗਈ। ਪ੍ਰਿੰਸੀਪਲ ਸੁਰਿੰਦਰਪਾਲ ਕੌਰ ਨੇ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਬਾਰੇ ਦੱਸਦੇ ਹੋਏ ਕਿਹਾ ਕਿ ਗੁਰੂ ਸਾਹਿਬ ਜਬਰ-ਜ਼ੁਲਮ ਵਿਰੁੱਧ ਆਪਣਾ ਬਲੀਦਾਨ ਦਿੱਤਾ ਸੀ।ਇਸ ਸਮੇਂ ਛੋਟੇ ਛੋਟੇ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾ-ਸਤਿਕਾਰ ਭੇਟ ਕੀਤਾ ਗਿਆ। ਇਸ ਸਮੇਂ ਮੁੱਖ ਮਹਿਮਾਨ ਚੇਅਰਮੈਨ ਜਤਿੰਦਰ ਸ਼ਰਮਾ, ਡਾਇਰੈਕਟਰ ਨੀਰਜ ਸ਼ਰਮਾ, ਸ਼ੁਭਮ ਸ਼ਰਮਾ, ਸੁਮਨ ਸ਼ਰਮਾ, ਸੋਨੀਆ ਸ਼ਰਮਾ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਤੋਂ ਇਲਾਵਾ ਅਮਨਦੀਪ ਕੌਰ, ਜਸਵਿੰਦਰ ਕੌਰ, ਕੋਮਲ ਸ਼ਰਮਾ, ਨਵਪ੍ਰੀਤ ਕੌਰ, ਜਸ਼ਪ੍ਰੀਤ ਕੌਰ, ਨਵਦੀਪ ਕੌਰ, ਮੁਸਕਾਨ ਭਾਟੀਆ, ਰਾਜਵਿੰਦਰ ਕੌਰ, ਬਲਜੀਤ ਕੌਰ, ਸਰਬਜੀਤ ਕੌਰ, ਮੀਨੂੰ, ਰੇਨੂੰ, ਰਾਜੂ ਸਿੰਘ, ਗੁਰਵਿੰਦਰ ਸਿੰਘ ਤੇ ਇੰਦਰਜੀਤ ਕੌਰ ਆਦਿ ਹਾਜ਼ਰ ਸਨ।

## ਚੰਡੀਗੜ੍ਹ ਨੂੰ ਧਾਰਾ 240ਏ ਦੇ ਘੇਰੇ 'ਚ ਲਿਆਉਣਾ ਪੰਜਾਬੀਆਂ ਨਾਲ ਧੱਕਾ : ਬਲਜਿੰਦਰ ਢਿੱਲੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕੇਂਦਰ ਸਰਕਾਰ ਵੱਲੋਂ ਸੰਸਦ ਦੇ ਹੋਣ ਵਾਲੇ ਸਰਦ ਰੁੱਤ ਅਜਲਾਸ ਵਿੱਚ ਚੰਡੀਗੜ੍ਹ ਨੂੰ ਪੱਕਾ ਯੂ.ਟੀ. ਬਣਾ ਕੇ ਇਸ ਦਾ ਕੰਟਰੋਲ ਆਪਣੇ ਹਥਾਂ ਵਿੱਚ ਲੈਣ ਲਈ ਸੋਧ ਬਿੱਲ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।ਸ੍ਰ. ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਅਜਿਹਾ ਕਰਕੇ ਕੇਂਦਰ ਸਰਕਾਰ ਪੰਜਾਬੀਆਂ ਨਾਲ ਧੱਕਾ ਕਰ ਰਹੀ ਹੈ ਤੇ ਅਜਿਹਾ ਕਰਨਾ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੈ।ਆਮ ਆਦਮੀ ਪਾਰਟੀ ਕਿਸੇ ਵੀ ਕੀਮਤ 'ਤੇ ਚੰਡੀਗੜ੍ਹ ਨੂੰ ਧਾਰਾ 240ਏ ਦੇ ਘੇਰੇ ਵਿੱਚ ਨਹੀਂ ਲਿਆਉਣ ਦੇਵੇਗੀ ਤੇ ਇਸ ਬਿੱਲ ਦਾ ਪੁਰਜ਼ੋਰ ਵਿਰੋਧ ਕਰੇਗੀ।ਚੇਅਰਮੈਨ ਢਿੱਲੋਂ ਨੇ ਦੱਸਿਆ ਕਿ ਪੰਜਾਬੀ ਅਜਿਹਾ ਫੈਸਲਾ ਕਿਸੇ ਕੀਮਤ 'ਤੇ ਪ੍ਰਵਾਨ ਨਹੀਂ ਕਰਨਗੇ, ਕੇਂਦਰ ਨੇ ਪੰਜਾਬ ਯੂਨਿਵਰਸਿਟੀ ਵਿੱਚ ਪੰਜਾਬੀਆਂ ਦੀ ਨੁਮਾਇੰਦਗੀ ਘਟਾਉਣ ਤੇ ਹੁਣ ਚੰਡੀਗੜ੍ਹ ਨੂੰ ਸਥਾਈ ਤੌਰ 'ਤੇ ਕੇਂਦਰ ਸ਼ਾਸਿਤ ਪ੍ਰਦੇਸ ਬਣਾਉਣ ਦੀਆਂ ਜੋ ਤਜਵੀਜ਼ਾਂ ਬਣਾਈਆਂ ਜਾਂ ਫੈਸਲੇ ਲਏ ਜਾ ਰਹੇ ਹਨ, ਉਨ੍ਹਾਂ ਕਾਰਨ ਪੰਜਾਬੀਆਂ ਵਿੱਚ ਭਾਜਪਾ ਪ੍ਰਤੀ ਬੇਭਰੋਸਗੀ ਲਗਾਤਾਰ ਵਧ ਰਹੀ ਹੈ।ਚੰਡੀਗੜ੍ਹ ਪ੍ਰਸ਼ਾਸਨ ਵਿੱਚ ਲਗਾਤਾਰ ਪੰਜਾਬੀ ਅਧਿਕਾਰੀਆਂ/ਕਰਮਚਾਰੀਆਂ ਦਾ ਹਿੱਸਾ ਘਟਾ ਕੇ ਕੇਂਦਰ ਵੱਲੋਂ ਦੂਜੇ ਰਾਜਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਲਿਆ ਕੇ ਲਗਾਇਆ ਜਾ ਰਿਹਾ ਹੈ ਤੇ ਮੁਲਾਜ਼ਮ 60:40 ਦੇ ਅਨੁਪਾਤ ਅਨੁਸਾਰ ਪੰਜਾਬ ਤੇ ਹਰਿਆਣਾ ਦੇ ਡੈਪੂਟੇਸ਼ਨ 'ਤੇ ਲੈਣ ਦੇ ਫੈਸਲਿਆਂ ਦੇ ਉਲਟ ਚੰਡੀਗੜ੍ਹ ਵਿੱਚ ਸਿੱਧੀ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵੱਡੇ ਪਧਰ 'ਤੇ ਦੂਜੇ ਰਾਜਾਂ ਤੋਂ ਪ੍ਰਵਾਸੀਆਂ ਨੂੰ ਲਿਆ ਕੇ ਚੰਡੀਗੜ੍ਹ ਦੀਆਂ ਕਲੋਨੀਆਂ ਵਿੱਚ ਵਸਾਇਆ ਗਿਆ ਤੇ ਇਨ੍ਹਾ ਪ੍ਰਵਾਸੀ ਪਰਵਾਰਾਂ ਨੂੰ ਰਹਿਣ ਲਈ ਮਕਾਨ ਦਿੱਤੇ ਗਏ ਹਨ। ਚੰਡੀਗੜ੍ਹ ਨੂੰ ਇਕ ਗੈਰ-ਪੰਜਾਬੀ ਖੇਤਰ ਬਣਾਉਣ ਤੋਂ ਬਾਅਦ ਹੁਣ ਕਿਹਾ ਜਾ ਰਿਹਾ ਹੈ ਕਿ ਚੰਡੀਗੜ੍ਹ ਦੇ ਭਵਿੱਖ ਦਾ ਫੈਸਲਾ ਤਾਂ ਚੰਡੀਗੜ੍ਹ ਦੇ ਵਸਨੀਕ ਹੀ ਕਰ ਸਕਦੇ ਹਨ। ਚੰਡੀਗੜ੍ਹ ਤੇ ਪੰਜਾਬ ਯੂਨਿਵਰਸਿਟੀ ਵਰਗੇ ਮੁੱਦੇ, ਜੋ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਜਿਸ ਨਾਲ ਪੰਜਾਬੀਆਂ ਵਿੱਚ ਕੇਂਦਰ ਦੇ ਫੈਸਲੇ ਕਾਰਨ ਜੋ ਨਿਰਾਸ਼ਾ ਤੇ ਬੇਭਰੋਸਗੀ ਪੈਦਾ ਹੋਈ ਹੈ, ਉਸ ਨੂੰ ਖਤਮ ਕਰਨਾ ਸਮੇਂ ਦੀ ਲੋੜ ਹੈ।

## ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਸਮਾਗਮ ਕਰਵਾਇਆ





**ਜਗਰਾਉਂ (ਅਮਿਤ ਖੰਨਾ)**-ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਤੇ ਭਾਈ ਮਤੀਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਦਿਵਸ ਨੂੰ ਸਮਰਪਤ ਸਮਾਗਮ ਕਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ ਤੇ ਬੱਚਿਆਂ ਨੇ ਬੜੀ ਹੀ ਸ਼ਰਧਾ-ਭਾਵਨਾ ਨਾਲ ਪਾਠ ਕੀਤਾ।ਸਕੂਲ ਦੇ ਵਿਦਿਆਰਥੀਆਂ ਵੱਲੋਂ ਰਸਭਿੰਨਾ ਸ਼ਬਦ ਕੀਰਤਨ ਕੀਤਾ ਗਿਆ, ਜਿਸ ਨੇ ਸਭ ਦੇ ਮਨਾਂ ਵਿੱਚ ਰੂਹਾਨੀਅਤ ਤੇ ਸ਼ਰਧਾ ਦੇ ਮਾਹੌਲ ਨੂੰ ਹੋਰ ਵੀ ਗਹਿਰਾ ਕਰ ਦਿੱਤਾ।ਸਕੂਲ ਅਧਿਆਪਕ ਬਲਜੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਉਨ੍ਹਾਂ ਦੇ ਉੱਚ ਫ਼ਲ ਸਫ਼ੇ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ।ਮੈਡਮ ਪ੍ਰਭਦੀਪ ਕੌਰ ਨੇ ਗੁਰੂ ਜੀ ਦੀ ਸ਼ਹਾਦਤ ਅਤੇ ਮਨੁੱਖਤਾ ਲਈ ਕੀਤੇ ਬਲੀਦਾਨ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ।

ਤਨਵੀਰ ਕੌਰ ਦੀ 'ਮੇਰੇ ਪਿਆਰੇ ਤੇਗ ਬਹਾਦੁਰ' ਕਵਿਤਾ ਨੇ ਹਰੇਕ ਦਾ ਦਿਲ ਛੂਹਲਿਆ।ਇਸ ਤੋਂ ਇਲਾਵਾ ਵਿਦਿਆਰਥਣ ਜਸ਼ਨਦੀਪ ਕੌਰ ਵੱਲੋਂ ਕਵੀਸ਼ਰੀ ਦੀ ਪੇਸ਼ਕਾਰੀ ਨੇ ਸਮਾਗਮ ਨੂੰ ਹੋਰ ਵੀ ਜਜ਼ਬਾਤੀ ਤੇ ਆਤਮਿਕ ਰੰਗ ਬਖ਼ਸ਼ੇ।ਇਸ ਦੌਰਾਨ ਸਕੂਲ ਪ੍ਰਿੰਸੀਪਲ ਰੀਨਾ ਜੈਦਿਕਾ ਤੇ ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਹਮੇਸ਼ਾ ਹਿੰਮਤ, ਸੱਚਾਈ ਤੇ ਮਨੁੱਖਤਾ ਦੇ ਮੁਲਾਂ ਦੀ ਭਾਵਨਾ ਹੋਣੀ ਚਾਹੀਦੀ ਹੈ, ਜੋ ਸਾਡੇ ਗੁਰੂ ਸਾਹਿਬਾਨਾਂ ਨੇ ਸਾਨੂੰ ਸਿਖਾਈ ਹੈ।

ਇਸ ਸਮੇਂ ਸਮੂਹ ਮੈਨੇਜਮੈਂਟ ਮੈਂਬਰਜ਼ ਪ੍ਰੈਜ਼ੀਡੈਂਟ ਸ਼੍ਰੀ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਸ਼੍ਰੀ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦੁਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐਸ.ਏ. ਹਾਜ਼ਰ ਸਨ।

## ਐੱਮ ਏ ਐੱਮ ਸਕੂਲ 'ਚ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਸਮਾਰੋਹ

**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥ ਮੈਕਾਲਿਫ ਪਬਲਿਕ ਸਕੂਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਇੱਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ।ਇਸ ਕਾਰਜਕ੍ਰਮ ਦਾ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦੁਰ ਜੀ ਦੇ ਬਲਿਦਾਨ, ਸਾਹਸ ਤੇ ਧਾਰਮਿਕ ਆਜ਼ਾਦੀ ਲਈ ਉਨ੍ਹਾਂ ਦੇ ਸੰਘਰਸ਼ ਬਾਰੇ ਜਾਣੂ ਕਰਵਾਉਣਾ ਸੀ।ਕਾਰਜਕ੍ਰਮ ਦੀ ਸ਼ੁਰੂਆਤ ਪ੍ਰਾਰਥਨਾ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਗੁਰੂ ਜੀ ਦੇ ਜੀਵਨ ਤੇ ਉਨ੍ਹਾਂ ਦੇ ਮਹਾਨ ਤਿਆਗ ਬਾਰੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਵੀ ਆਯੋਜਨ ਕੀਤਾ ਗਿਆ।ਅਧਿਆਪਕਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਸੰਦੇਸ਼ ਸੱਚ, ਨਿਆਂ ਤੇ ਮਨੁੱਖਤਾ ਦੀ ਰੱਖਿਆ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਸਕੂਲ ਦੀ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਤੇਗ ਬਹਾਦੁਰ ਜੀ ਦਾ ਬਲਿਦਾਨ ਭਾਰਤੀ ਇਤਿਹਾਸ ਦਾ ਇੱਕ ਸੁਨਹਿਰਾ ਅਧਿਆਇ ਹੈ, ਜੋ ਸਾਨੂੰ ਅਨਿਆਂ ਦੇ ਖ਼ਿਲਾਫ ਖੜ੍ਹੇ ਹੋਣ ਤੇ ਧਰਮ ਨਿਰਪੇਖਤਾ ਦਾ ਸਨਮਾਨ ਕਰਨ ਦੀ ਪ੍ਰੇਰਣਾ ਦਿੰਦਾ ਹੈ।



## ਡੀ ਸੀ ਐੱਮ ਦੇ ਵਿਦਿਆਰਥੀਆਂ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਖੇ ਕੀਤਾ ਸ਼ਬਦ ਕੀਰਤਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨੌਂਵੇਂ ਪਾਤਸ਼ਾਹੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਸਾਂਝੇ ਤੌਰ 'ਤੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜਾ ਕੇ ਮੱਥਾ ਟੇਕਿਆ ਤੇ ਸ਼ਬਦ ਕੀਰਤਨ ਕੀਤਾ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਇਸ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਦੇ ਨਾਂਅ ਨਾਲ ਵੀ ਪੁਕਾਰਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੇ ਹਿੰਦੂ ਧਰਮ ਦੀ ਖਾਤਰ ਬਲਿਦਾਨ ਦਿੱਤਾ ਸੀ। ਵਿਦਿਆਰਥੀਆਂ ਨੇ ਸ਼ਰਧਾ-ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਤੇ ਸ਼ਬਦ ਕੀਰਤਨ ਕਰਕੇ ਆਨੰਦ ਲਿਆ। ਇਸ ਮੌਕੇ ਡੀਜੀਐੱਮ ਗਗਨਦੀਪ ਕੌਰ, ਵੀਪੀ ਅਕੈਡਮਿਕਸ ਮਧੂ ਚੋਪੜਾ, ਐਕਟੀਵਿਟੀ ਕੋਆਰਡੀਨੇਟਰ ਕਵਿਤਾ ਸ਼ਰਮਾ, ਸੁਨੀਤਾ ਖੇੜਾ, ਨਵਦੀਪ ਕੌਰ, ਰਾਮਾ, ਅਭਿਮਨਿਊ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਪਿੰਡ ਮੱਲ੍ਹਾ ਤੋਂ ਸ੍ਰੀ ਦੀਨਾ ਕਾਂਗੜ ਨੂੰ ਕਾਫਲਾ ਰਵਾਨਾ




**ਜਗਰਾਉਂ (ਸੰਜੀਵ ਅਰੋੜਾ)**-ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਪ੍ਰਧਾਨ ਸਾਬਕਾ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਦੀ ਸਰਪ੍ਰਸਤੀ ਹੇਠ ਸ੍ਰੀ ਦੀਨਾ ਕਾਂਗੜ (ਮੋਗਾ) ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਪਹੁੰਚਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਰਕਲ ਹਠੂਰ ਦੇ ਜਥੇਦਾਰ ਗੁਰਦੀਪ ਸਿੰਘ ਮੱਲ੍ਹਾ ਦੀ ਅਗਵਾਈ ਹੇਠ ਪਿੰਡ ਮੱਲ੍ਹਾ ਤੋਂ ਸ੍ਰੀ ਦੀਨਾ ਕਾਂਗੜ ਲਈ ਵਰਕਰਾਂ ਤੇ ਅਹੁਦੇਦਾਰਾਂ ਦਾ ਕਾਫਲਾ ਰਵਾਨਾ ਹੋਇਆ। ਇਸ ਮੌਕੇ ਜੱਥੇਦਾਰ ਗੁਰਦੀਪ ਸਿੰਘ ਮੱਲ੍ਹਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਇਤਿਹਾਸਕ ਨਗਰੀ ਸ੍ਰੀ ਦੀਨਾ ਕਾਂਗੜ ਤੋਂ ਪਾਰਟੀ ਦੀ ਅਗਲੀ ਰਣਨੀਤੀ ਬਾਰੇ ਖੁੱਲ੍ਹੀਆਂ ਵਿਚਾਰਾਂ ਕਰਨਗੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਬਾਰੇ ਵਿਚਥਾਰ ਪੂਰਵਕ ਚਾਨਣਾ ਪਾਉਣਗੇ। ਉਨ੍ਹਾਂ ਕਿਹਾ ਕਿ ਅੱਜ ਦੇ ਧਾਰਮਿਕ ਸਮਾਗਮ ਵਿਚ ਪਾਰਟੀ ਦੇ ਮੁੱਖ ਬੁਲਾਰੇ ਸੰਬੋਧਨ ਕਰਨਗੇ। ਉਨ੍ਹਾਂ ਦੇ ਕੀਮਤੀ ਵਿਚਾਰ ਸੁਣਨ ਲਈ ਹਲਕੇ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਪ੍ਰੀਤਮ ਸਿੰਘ ਮਾਨਗੜ੍ਹ, ਹਰਦੀਪ ਕੌਸ਼ਲ ਮੱਲ੍ਹਾ, ਬਲਵੀਰ ਸਿੰਘ ਦਿਓਲ, ਲਖਵੀਰ ਸਿੰਘ ਦਿਓਲ, ਹਰੀ ਸਿੰਘ, ਜੀਤ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਮੋਦਨ ਸਿੰਘ, ਭਾਈ ਰੁਲਦੂ ਸਿੰਘ ਖਾਲਸਾ, ਭਾਈ ਜਸਵੀਰ ਸਿੰਘ ਖਾਲਸਾ, ਬੂਟਾ ਸਿੰਘ, ਭੋਲਾ ਸਿੰਘ, ਪਿੰਦਰ ਸਿੰਘ, ਦਵਿੰਦਰਪਾਲ ਸ਼ਰਮਾਂ ਤੇ ਸੁਦਾਗਰ ਸਿੰਘ ਆਦਿ ਹਾਜ਼ਰ ਸਨ।

## ਸਟੀਫਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਗੈਵੀ ਸ਼ਰਮਾ ਨੇ ਸੋਨ ਤਮਗਾ ਜਿੱਤਿਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਗੈਵੀ ਸ਼ਰਮਾ ਨੇ ਵਾਰ ਹੀਰੋਜ਼ ਸਟੇਡੀਅਮ, ਸੰਗਰੂਰ ਵਿਖੇ ਹੋਈਆਂ 69ਵੀਆਂ ਸਟੇਟ ਖੇਡਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।ਅੰਡਰ-19 +80 ਕਿਲੋਗ੍ਰਾਮ ਵਰਗ ਵਿੱਚ ਹਿੱਸਾ ਲੈਂਦਿਆਂ, ਗੈਵੀ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਜਿੱਤਿਆ।ਇਸ ਭਾਰ ਸਮੂਹ ਵਿੱਚ ਕੁੱਲ 16 ਖਿਡਾਰੀਆਂ ਨੇ ਹਿੱਸਾ ਲਿਆ, ਜਿਸ ਨਾਲ ਮੁਕਾਬਲਾ ਤਿੱਖਾ ਅਤੇ ਬਹੁਤ ਚੁਣੌਤੀਪੂਰਨ ਹੋ ਗਿਆ।ਸਖ਼ਤ ਲਾਈਨਅੱਪ ਦੇ ਬਾਵਜੂਦ, ਗੈਵੀ ਨੇ ਬੇਮਿਸਾਲ ਹੁਨਰ, ਤਾਕਤ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ।ਖਾਸ ਤੌਰ 'ਤੇ ਉਸਨੇ ਦੋ ਨਾਕਆਊਟ ਜਿੱਤਾਂ ਪ੍ਰਾਪਤ ਕੀਤੀਆਂ, ਜਿਨ੍ਹਾਂ ਨੇ ਪੋਡੀਅਮ ਦੇ ਸਿਖਰ ਤੱਕ ਦੇ ਉਸਦੇ ਸਫ਼ਰ ਵਿੱਚ ਫ਼ੈਸਲਾਕੁੰਨ ਭੂਮਿਕਾ ਨਿਭਾਈ।ਸਕੂਲ ਦੇ ਅਧਿਕਾਰੀਆਂ, ਕੋਚਾਂ ਤੇ ਸਾਥੀ ਵਿਦਿਆਰਥੀਆਂ ਨੇ ਇਸ ਸ਼ਾਨਦਾਰ ਪ੍ਰਾਪਤੀ ਨਾਲ ਸਟੀਫਨ ਇੰਟਰਨੈਸ਼ਨਲ ਸਕੂਲ ਨੂੰ ਮਾਣ ਦਿਵਾਉਣ ਲਈ ਗੈਵੀ ਦੀ ਪ੍ਰਸ਼ੰਸਾ ਕੀਤੀ ਹੈ।ਸਿਖਲਾਈ ਤੇ ਅਨੁਸ਼ਾਸਨ ਪ੍ਰਤੀ ਉਸਦੀ ਸਮਰਪਣ ਨੇ ਖੇਤਰ ਭਰ ਦੇ ਨੌਜਵਾਨ ਐਥਲੀਟਾਂ ਲਈ ਇੱਕ ਪ੍ਰੇਰਣਾਦਾਇਕ ਉਦਾਹਰਣ ਕਾਇਮ ਕੀਤੀ ਹੈ। ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਕਿਹਾ ਕਿ ਰਾਜ ਪੱਧਰ 'ਤੇ ਗੈਵੀ ਦੀ ਜਿੱਤ ਨੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਉਸਦੀ ਭਵਿੱਖ ਦੀ ਭਾਗੀਦਾਰੀ ਦੀਆਂ ਉਮੀਦਾਂ ਨੂੰ ਵਧਾ ਦਿੱਤਾ ਹੈ, ਜਿੱਥੇ ਉਸ ਤੋਂ ਆਪਣੀ ਪ੍ਰਭਾਵਸ਼ਾਲੀ ਖੇਡ ਯਾਤਰਾ ਜਾਰੀ ਰੱਖਣ ਦੀ ਉਮੀਦ ਹੈ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਸ਼ਹੀਦੀ ਦਿਹਾੜਾ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਬਾਬਾ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਮੈਨੇਜਮੈਂਟ ਕਮੇਟੀ ਤੇ ਸਮੂਹ ਸਟਾਫ ਵੱਲੋਂ ਸਕੂਲ ਵਿਚ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਬਾਬਾ ਦਿਲਬਾਗ ਸਿੰਘ ਕਾਰ ਸੇਵਾ ਵਾਲੇ ਵਿਸ਼ੇਸ ਤੌਰ 'ਤੇ ਸ਼ਾਮਲ ਰਹੇ।ਸਭ ਤੋਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਤੇ ਗੁਰੂ ਜੀ ਦੀ ਬਾਣੀ ਦੇ 57 ਸਲੋਕ ਦਾ ਗਾਇਨ ਕੀਤਾ ਗਿਆ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ ਨਾਲ ਸੰਬੰਧਤ ਸ਼ਬਦ ਗਾਇਨ, ਕਵੀਸ਼ਰੀ ਤੇ ਕਵਿਤਾਵਾਂ ਆਦਿ ਪੇਸ਼ ਕੀਤੀਆਂ ਗਈਆਂ ਤੇ ਨਾਲ ਹੀ ਅਧਿਆਪਕ ਸਾਹਿਬਾਨਾਂ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨੀ ਅਤੇ ਇਤਿਹਾਸ ਉੱਪਰ ਚਾਨਣਾ ਪਾਇਆ ਗਿਆ।ਅੰਤ ਵਿੱਚ ਸਮੂਹ ਸਾਧ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

## ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਕੀਤਾ ਹਰਿਮੰਦਰ ਸਾਹਿਬ ਦਾ ਦੌਰਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ.ਕੇ.ਐੱਸ ਪਬਲਿਕ ਸਕੂਲ ਦੇ 8ਵੀਂ ਤੋਂ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਕੂਲ ਦੁਆਰਾ ਆਯੋਜਤ ਸ੍ਰੀ ਹਰਿਮੰਦਰ ਸਾਹਿਬ ਦੇ ਇੱਕ ਰੋਜ਼ਾ ਵਿੱਦਿਅਕ ਤੇ ਅਧਿਆਤਮਕ ਦੌਰੇ 'ਚ ਉਤਸ਼ਾਹ ਨਾਲ ਹਿੱਸਾ ਲਿਆ।ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਇਤਿਹਾਸਕ, ਧਾਰਮਿਕ ਤੇ ਸੱਭਿਆਚਾਰਕ ਵਿਰਾਸਤ ਨਾਲ ਜਾਣੂ ਕਰਾ ਕੇ ਉਨ੍ਹਾਂ ਦੇ ਗਿਆਨ ਤੇ ਅਨੁਭਵ ਨੂੰ ਵਧਾਉਣਾ ਸੀ।ਵਿਦਿਆਰਥੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ, ਗੁਰਦੁਆਰਾ ਤੇ ਲੰਗਰ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ।ਸ਼ਾਂਤ ਵਾਤਾਵਰਨ ਨੇ ਸਾਰਿਆਂ ਦੇ ਅੰਦਰ ਅਧਿਆਤਮਕ ਊਰਜਾ ਭਰ ਦਿੱਤੀ।ਦੌਰੇ ਦੌਰਾਨ ਅਧਿਆਪਕ ਲਵਪ੍ਰੀਤ ਸਿੰਘ ਤੇ ਕੁਲਵਿੰਦਰ ਕੌਰ ਨੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ ਤੇ ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ।ਉਨ੍ਹਾਂ ਦੌਰੇ ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਤੇ ਅਨੁਸ਼ਾਸਨ ਵੱਲ ਵਿਸ਼ੇਸ਼ ਧਿਆਨ ਦਿੱਤਾ।ਸਕੂਲ ਪ੍ਰਿੰਸੀਪਲ ਮੀਨੂੰ ਮੋਂਗਾ ਨੇ ਕਿਹਾ ਕਿ ਅਜਿਹੇ ਵਿਦਿਅਕ ਦੌਰੇ ਵਿਦਿਆਰਥੀਆਂ ਦੇ ਸ਼ਖ਼ਸੀਅਤ ਵਿਕਾਸ, ਸੱਭਿਆਚਾਰਕ ਸਬੰਧਾਂ ਤੇ ਅਧਿਆਤਮਿਕ ਸਮਝ ਨੂੰ ਵਧਾਉਣ ਵਿੱਚ ਬਹੁਤ ਮਦਦਗਾਰ ਹੁੰਦੇ ਹਨ।ਉਨ੍ਹਾਂ ਨੇ ਸਫ਼ਲ ਯਾਤਰਾ 'ਚ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਕਪਿਲ ਨੇ ਰਾਜ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵੱਲੋਂ ਕਰਾਏ ਜਾ ਰਹੇ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਖੁਸ਼ੀ ਜ਼ਾਹਰ ਕਰਦਾ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਸੰਗਰੂਰ ਵਿਖੇ ਕਰਾਏ ਗਏ ਅੰਡਰ-19 ਕਿੱਕ ਬਾਕਸਿੰਗ ਮੁਕਾਬਲੇ 'ਚ ਕਪਿਲ ਨੇ 23 ਜ਼ਿਲ੍ਹਿਆਂ 'ਚੋਂ ਰਾਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਇਸ ਕਾਮਯਾਬੀ ਦਾ ਸਿਹਰਾ ਡੀ.ਪੀ ਅਧਿਆਪਕ ਇੰਦਰਜੀਤ ਸਿੰਘ, ਕੁਲਵਿੰਦਰ ਕੌਰ ਤੇ ਬਬੀਤਾ ਕੁਮਾਰੀ ਨੂੰ ਦਿੱਤਾ, ਜਿਨ੍ਹਾਂ ਦੀ ਮਿਹਨਤ ਤੇ ਰਹਿਨੁਮਾਈ ਸਦਕਾ ਇਹ ਕਾਮਯਾਬੀ ਹਾਸਲ ਹੋਈ।

26-Nov Page 11-Majha-25.qxd 11/25/2025 10:37 PM Page 1



## ਡਿਵਾਈਡਰ 'ਤੇ ਵੱਡਾ ਟਰਾਲਾ ਚੜ੍ਹਨ ਨਾਲ ਟਰਾਲੇ ਦਾ ਹੋਇਆ ਭਾਰੀ ਨੁਕਸਾਨ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਫਤਿਹਗੜ੍ਹ ਚੂੜੀਆਂ ਡੇਰਾ ਰੋਡ ਪੈਟਰੋਲ ਪੰਪ ਦੇ ਨਜ਼ਦੀਕ ਗਲਤ ਢੰਗ ਨਾਲ ਬਣੇ ਡਿਵਾਈਡਰ ਕਾਰਨ ਨਿੱਤ ਦਿਨ ਹਾਦਸੇ ਵਾਪਰ ਰਹੇ ਹਨ ਅਤੇ ਅੱਜ ਤੜਕਸਾਰ ਇੱਕ ਵਾਰ ਫਿਰ ਪਠਾਨਕੋਟ ਤੋਂ ਕਰੈਸ਼ਰ ਨਾਲ ਭਰਿਆ ਵੱਡਾ ਟਰਾਲਾ ਸਿੱਧਾ ਜਾ ਕੇ ਸੜਕ ਵਿਚਕਾਰ ਬਣੇ ਡਿਵਾਈਡਰ ਨਾਲ ਜਾ ਟਕਰਾਇਆ ਜਿਸ ਨਾਲ ਟਰਾਲਾ ਪਲਟ ਗਿਆ। ਜਾਨੀ ਨੁਕਸਾਨ ਹੋਣ ਤੋਂ ਤਾਂ ਬਚਾਅ ਰਿਹਾ ਪਰ ਟਰਾਲੇ ਦਾ ਭਾਰੀ ਨੁਕਸਾਨ ਹੋਇਆ ਹੈ।ਇਸ ਸਬੰਧੀ ਟਰੱਕ ਦੇ ਡਰਾਈਵਰ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਤੜਕਸਾਰ ਜਦ ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਫਤਿਹਗੜ੍ਹ ਚੂੜੀਆਂ ਵਾਲੇ ਪਾਸੇ ਜਾ ਰਿਹਾ ਸੀ ਤਾਂ ਅਚਾਨਕ ਡਿਵਾਈਡਰ 'ਤੇ ਜਾ ਚੜ੍ਹਿਆ ਜਿਸ ਨਾਲ ਟਰਾਲੇ ਦਾ ਵੱਡਾ ਨੁਕਸਾਨ ਹੋਇਆ ਹੈ।ਜ਼ਿਕਰਯੋਗ ਹੈ ਕਿ ਫਤਿਹਗੜ੍ਹ ਚੂੜੀਆਂ ਡੇਰਾ ਰੋਡ ਪੈਟਰੋਲ ਪੰਪ ਉਪਰ ਡਿਵਾਈਡਰ ਕਾਰਨ ਵਾਪਰਦੇ ਨਿੱਤ ਹਾਦਸਿਆਂ ਤੋਂ ਲੋਕ ਕਾਫੀ ਦੁਖੀ ਅਤੇ ਪ੍ਰੇਸ਼ਾਨ ਹਨ ਕਿਉਂਕਿ ਲੋਕਾਂ ਦਾ ਜਾਨੀ ਮਾਲੀ ਬਹੁਤ ਨੁਕਸਾਨ ਹੋ ਰਿਹਾ ਹੈ। ਲੋਕਾਂ ਦੀ ਮੰਗ ਹੈ ਕਿ ਇਸ ਡਿਵਾਈਡਰ ਨੂੰ ਹਟਾ ਕੇ ਰਿਫਲੈਕਟਰ ਅਤੇ ਵੱਡੀਆਂ ਲਾਈਟਾਂ ਲਗਾਈਆਂ ਜਾਣ ਤਾਂ ਜੋ ਲੋਕਾਂ ਦੇ ਹੋ ਰਹੇ ਨੁਕਸਾਨ ਨੂੰ ਬਚਾਇਆ ਜਾ ਸਕੇ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ਾਲ ਸਮਾਗਮ

## ਬੰਦੀ ਸਿੰਘਾਂ ਦੀ ਰਿਹਾਈ ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੇ ਮਸਲੇ ਹੱਲ ਕਰੇ ਕੇਂਦਰ ਸਰਕਾਰ: ਐਡਵੋਕੇਟ ਧਾਮੀ

ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਧਾਰਮਿਕ, ਪੰਥਕ, ਰਾਜਨੀਤਕ ਅਤੇ ਸਮਾਜਿਕ ਸ਼ਖਸੀਅਤਾਂ ਨੇ ਹਾਜ਼ਰੀ ਭਰ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਜ਼ੀਮ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਵਿਸ਼ਾਲ ਸਮਾਗਮ ਦੌਰਾਨ ਜਿੱਥੇ ਵੱਖ-ਵੱਖ ਆਗੂਆਂ ਨੇ ਸਿੱਖਾਂ ਨਾਲ ਹੋ ਰਹੇ ਅਨਿਆਂ ਦਾ ਮੁਕਾਬਲਾ ਕਰਨ ਲਈ ਪੰਥਕ ਏਕਤਾ 'ਤੇ ਜ਼ੋਰ ਦਿੱਤਾ, ਉੱਥੇ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਇਕ ਵਿਸ਼ੇਸ਼ ਮਤਾ ਪੇਸ਼ ਕਰਕੇ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਸਤਿਕਾਰ ਦੇਣ ਦੇ ਨਾਲ-ਨਾਲ ਬੰਦੀ ਸਿੰਘਾਂ ਦੀ ਰਿਹਾਈ ਅਤੇ ਦੇਸ਼ ਅੰਦਰ ਸਿੱਖਾਂ ਦੀ ਧਾਰਮਿਕ ਆਜ਼ਾਦੀ ਤੇ ਸਿੱਖ ਪਛਾਣ ਵਿਚ ਰੁਕਾਵਟ ਪਾਉਣ ਵਾਲੇ ਅਮਲਾਂ ਨੂੰ ਤੁਰੰਤ ਰੋਕ ਕੇ ਸਿੱਖਾਂ ਨੂੰ ਆਪਣੇ ਨਿਆਰੇ ਸਰੂਪ, ਕਕਾਰਾਂ ਅਤੇ ਫਲਸਫੇ ਦੇ ਅਨੁਸਾਰੀ ਹੋ ਕੇ ਜੀਣ ਲਈ ਸੁਖਾਵਾਂ ਮਾਹੌਲ ਦੇਣ ਦੀ ਕੇਂਦਰ ਸਰਕਾਰ ਕੋਲੋਂ ਮੰਗ ਵੀ ਕੀਤੀ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਤਾਬਦੀ ਸਮਾਗਮਾਂ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਇਤਿਹਾਸ ਅਤੇ ਸਿਧਾਂਤ ਬਾਰੇ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਔਰੰਗਜ਼ੇਬ ਦੂਜੇ ਧਰਮਾਂ ਦੀ ਅਜ਼ਾਦੀ ਖੋਹ ਕੇ ਆਪਣੇ ਰਾਜ ਨੂੰ ਕਾਇਮ ਰੱਖਣਾ ਚਾਹੁੰਦਾ ਸੀ, ਅੱਜ ਵੀ ਅਜਿਹੇ



ਹਮਲੇ ਹੋ ਰਹੇ ਹਨ ਪ੍ਰੰਤੂ ਦੁਖ ਦੀ ਗੱਲ ਹੈ ਕਿ ਦੂਜਿਆਂ ਦਾ ਧਰਮ ਬਚਾਉਣ ਵਾਲੇ ਸਿੱਖਾਂ ਨੂੰ ਹੀ ਜਜਬ ਕਰਨ ਲਈ ਸ਼ਾਜਿਸ਼ਾਂ ਤੇਜ ਹੋ ਰਹੀਆਂ ਹਨ।

ਸ਼ਤਾਬਦੀ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਦੁਨੀਆ ਦੇ ਇਤਿਹਾਸ ਅੰਦਰ ਧਰਮ ਦੀ ਰਖਵਾਲੀ ਲਈ ਵੱਡੀ ਉਦਾਹਰਣ ਕਰਾਰ ਦਿੰਦਿਆਂ ਕੌਮ ਨੂੰ ਆਪਣੇ ਅੰਦਰ ਧਰਮ ਦੀਆਂ ਕਦਰਾਂ ਕੀਮਤਾਂ ਪ੍ਰਤੀ ਅਜਿਹੀ ਹੀ ਦ੍ਰਿੜ੍ਹ ਸ਼ਕਤੀ ਪੈਦਾ ਦੀ ਅਪੀਲ ਕੀਤੀ। ਸਿੱਖ ਕੌਮ ਅਰਸੇ ਤੋਂ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ, ਪਰ ਸਰਕਾਰਾਂ ਐਲਾਨ ਅਤੇ ਨੋਟੀਫਿਕੇਸ਼ਨ ਕਰਨ ਬਾਅਦ ਵੀ ਮੁਨਕਰ ਹੋ ਰਹੀਆਂ ਹਨ। ਸ਼ਤਾਬਦੀ ਦੇ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਬਲਵਿੰਦਰ ਸਿੰਘ ਭੂੰਦੜ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂਕੇ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ ਅਤੇ ਬਾਬਾ ਸੁਰਜਨ ਸਿੰਘ ਨੇ ਵੀ ਸੰਬੋਧਨ ਕੀਤਾ। ਇਨ੍ਹਾਂ ਆਪਣੇ ਸੰਬੋਧਨ ਵਿਚ ਪੰਥ ਨੂੰ ਇਕੱਠਿਆ ਹੋ ਕੇ ਇਤਿਹਾਸ, ਸਿਧਾਂਤ ਅਤੇ ਪ੍ਰੰਪਰਾਵਾਂ ਦੀ ਪਹਿਰੇਦਾਰੀ ਲਈ ਯਤਨਸ਼ੀਲ ਰਹਿਣ ਲਈ ਕਿਹਾ। ਉਨ੍ਹਾਂ ਆਖਿਆ ਕਿ ਕੌਮੀ ਜਲੌ ਪੰਥਕ ਸ਼ਕਤੀ ਦੇ ਇਕੱਠਿਆਂ ਰਹਿਣ ਵਿਚ ਹੀ ਹੈ। ਬੁਲਾਰਿਆਂ ਨੇ ਨੌਵੇਂ ਪਾਤਸ਼ਾਹ ਜੀ ਦੀ ਮਹਾਨ ਸ਼ਹਾਦਤ ਨੂੰ ਸਮੁੱਚੀ ਮਾਨਵਤਾ ਲਈ ਰਾਹ ਦਸੇਰਾ ਕਰਾਰ ਦਿੱਤਾ।

## ਬੀ ਕੇ ਯੂ ਰਾਜੇਵਾਲ ਅੱਜ ਕਿਸਾਨੀ ਅੰਦੋਲਨ ਦੀ ਵਰ੍ਹੇਗੰਢ ਮੌਕੇ ਕਰੇਗੀ ਸ਼ਮੂਲੀਅਤ: ਧਰਦਿਓ



ਬਿਆਸ, (ਪਰਮਜੀਤ ਸਿੰਘ ਰੱਖੜਾ)-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਉਮਰਾਜ ਸਿੰਘ ਧਰਦਿਉ ਦੀ ਪ੍ਰਧਾਨਗੀ ਹੇਠ ਧਿਆਨਪੁਰ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਕਿਸਾਨ ਆਗੂ ਸ਼ਾਮਲ ਹੋਏ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ ਕਿਸਾਨ ਅੰਦੋਲਨ ਦੀ ਵਰ੍ਹੇਗੰਢ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਮਨਾਈ ਜਾਵੇਗੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਣਗੇ। ਕਿਸਾਨ ਆਗੂਆਂ ਮੰਗ ਕੀਤੀ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਅਨੁਸਾਰ ਕਿਸਾਨਾਂ ਦੀ ਵੱਡੀ ਪੱਧਰ 'ਤੇ ਮਦਦ ਕੀਤੀ ਜਾਵੇ, ਤਾਂ ਕਿ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਜੋਗਿੰਦਰ ਸਿੰਘ ਬਦੇਸ਼ਾ, ਸੁਖਜਸਬੀਰ ਸਿੰਘ ਲੁਹਾਰਕਾ, ਸੁਖਵਿੰਦਰ ਸਿੰਘ ਚਾਹਲ, ਕੁਲਵਿੰਦਰ ਸਿੰਘ ਮਾਨ ਸਕੱਤਰ ਮਾਝਾ ਜ਼ੋਨ, ਸੁਖਦੇਵ ਸਿੰਘ ਵਿਰਕ, ਹਰਜੀਤ ਸਿੰਘ ਸ਼ਹਿਜ਼ਾਦਾ, ਸੂਬੇਦਾਰ ਲਾਲਦੀਨ, ਰਵਿੰਦਰ ਸਿੰਘ ਰਈਆ ਭੂਟੇ, ਰਣਜੀਤ ਸਿੰਘ ਤਲਵੰਡੀ, ਬਲਾਕ ਪ੍ਰਧਾਨ ਜਥੇਦਾਰ ਧਰਮ ਸਿੰਘ ਗੱਗੜਭਾਣਾ, ਹਰਵਿੰਦਰ ਸਿੰਘ ਬੁੱਟਰ, ਕੇਵਲ ਸਿੰਘ, ਅਨੋਖ ਸਿੰਘ ਹਸਨਪੁਰ, ਸੁਰਜੀਤ ਸਿੰਘ ਬੋਹੜਵਾਲ, ਬਲਬੀਰ ਸਿੰਘ ਬੁੱਟਰ, ਚਰਨਜੀਤ ਸਿੰਘ ਢਿੱਲੋਂ ਆਦਿ ਸ਼ਾਮਲ ਸਨ।

## ਡੀ ਸੀ ਵੱਲੋਂ ਮਾਰਕ ਹੋਇਆ ਮੰਗ ਪੱਤਰ ਹੀ ਨਹੀਂ ਲੱਭ ਰਿਹਾ ਦੱਸੋ ਸੁਣਵਾਈ ਕਦੋਂ ਹੋਵੇਗੀ: ਕਾਮਰੇਡ ਸ਼ਿਵ ਕੁਮਾਰ

ਪਠਾਨਕੋਟ (ਦਵਿੰਦਰ ਸਿੰਘ)-ਜਿਸ ਤਰ੍ਹਾਂ ਪੰਜਾਬ ਸਰਕਾਰ ਰੋਜ਼ਗਾਰ ਦੇਣ ਦਾ ਕੋਈ ਨਵਾਂ ਸ਼ੋਸ਼ਾ ਛੱਡ ਕੇ ਵਕਤ ਟਪਾਈ ਕਰ ਰਹੀ ਉਸੇ ਤਰ੍ਹਾਂ ਹੇਠਲਾ ਅਮਲਾ ਵੀ ਡੰਗ ਟਪਾਊ ਕਾਰਵਾਈ ਹੀ ਕਰ ਰਿਹਾ ਹੈ।ਅਧਿਕਾਰੀ ਅਤੇ ਕਰਮਚਾਰੀ ਕੋਈ ਠੋਸ ਕਾਰਵਾਈ ਕਰਨ ਨੂੰ ਤਿਆਰ ਨਹੀਂ।ਜੇਕਰ ਜਥੇਬੰਦੀਆਂ ਵੱਲੋਂ ਦਿੱਤੇ ਮੰਗ ਪੱਤਰ ਹੀ ਡੀ ਸੀ ਦਫ਼ਤਰ ਵਿਚ ਗਵਾਚ ਜਾਣ ਤਾਂ ਕਿਸੱਲੇ ਵਿਅਕਤੀ ਨੂੰ ਕਿਸ ਨੇ ਪੁੱਛਣਾ।ਮਸਲੇ ਦੀ ਜਾਣਕਾਰੀ ਦਿੰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਅਤੇ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਨੇ ਲਿਖਤੀ ਪ੍ਰੈੱਸ ਬਿਆਨ ਵਿੱਚ ਦੱਸਿਆ ਕਿ ਇਸ ਜ਼ਿਲ੍ਹੇ ਦੇ ਭੱਠਿਆਂ ਉਪਰ ਕੰਮ ਕਰਦੇ ਮਜ਼ਦੂਰਾਂ ਨੂੰ ਰਹਿਣ ਸਮੇਂ ਪੇਸ਼ ਆ ਰਹੀ ਸਹੂਲਤ, ਬਿਜਲੀ-ਪਾਣੀ ਦੀ ਵੱਡੀ ਸਮੱਸਿਆ ਨੂੰ ਹੱਲ ਕਰਨ ਲਈ ਸੈਂਕੜੇ ਭੱਠਾ ਮਜ਼ਦੂਰ ਔਰਤਾਂ-ਮਰਦਾਂ ਨੇ 6 ਨਵੰਬਰ ਨੂੰ ਜ਼ਿਲਾ ਹੈੱਡਕੁਆਰਟਰ ਪਠਾਨਕੋਟ ਵਿਖੇ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਸੀ।ਪੰਦਰਾਂ ਦਿਨਾਂ ਦੀ ਇੰਤਜ਼ਾਰ ਤੋਂ ਬਾਅਦ ਇਸ ਸਬੰਧੀ ਜਦੋਂ ਪਿਛਲੇ ਕੱਲ ਡੀ ਸੀ ਦਫਤਰ ਤੋਂ ਮੰਗ ਪੱਤਰ 'ਤੇ ਕਾਰਵਾਈ ਬਾਰੇ ਪੁੱਛਿਆ ਤਾਂ ਕਾਰਵਾਈ ਕੀ ਹੋਣੀ ਸੀ ਉਲਟਾ ਮੰਗ ਪੱਤਰ ਹੀ ਨਹੀਂ ਲੱਭ ਰਿਹਾ।ਡੀ ਸੀ ਸਾਹਿਬ ਦੇ ਪੀ ਏ ਨੇ ਪਹਿਲਾਂ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਵੱਲ ਭੇਜਿਆ, ਉਥੋਂ ਦੇ ਦਫ਼ਤਰੀ ਅਮਲੇ ਵੱਲੋਂ ਦੇਖਣ ਪਰਖਣ ਤੋਂ ਬਾਅਦ ਜਵਾਬ ਹੀ ਮਿਲਿਆ। ਵਾਪਸ ਆ ਕੇ ਪੀ ਏ ਨੇ ਦੱਸਿਆ ਕਿ ਕਹਿਣੇ



ਕਮਰਾ ਨੰਬਰ 109 ਵਿੱਚ ਜਾਓ-ਮੰਗ ਪੱਤਰ ਉਥੇ ਵੀ ਨਹੀਂ ਮਿਲਿਆ।ਸ਼ਿਵ ਕੁਮਾਰ ਨੇ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾਂ 1-4-2025 ਨੂੰ ਡਿਪਟੀ ਡਾਇਰੈਕਟਰ ਫੈਕਟਰੀਜ਼ ਜ਼ਿਲਾ ਪਠਾਨਕੋਟ ਨੂੰ ਉਨ੍ਹਾਂ ਦੇ ਦਫ਼ਤਰ ਗੁਰਦਾਸਪੁਰ ਵਿਖੇ ਵੀ ਇਸ ਸਬੰਧੀ ਮੰਗ ਪੱਤਰ ਦਿੱਤਾ ਗਿਆ ਸੀ।ਕਾਮਰੇਡ ਸ਼ਿਵ ਕੁਮਾਰ ਅਤੇ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਪਠਾਨਕੋਟ ਦੇ ਜ਼ਿਲਿਟ ਸਕੱਤਰ ਮਨਹਰਨ ਨੇ ਕਿਹਾ ਕਿ ਭੱਠਾ ਮਜ਼ਦੂਰਾਂ ਨੂੰ ਰਹਿਣ ਸਬੰਧੀ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਅਤੇ ਲਾਪਰਵਾਹ ਸਬੰਧਤ ਅਧਿਕਾਰੀਆਂ ਕਰਮਚਾਰੀਆਂ ਦੇ ਖਿਲਾਫ ਸੀਟੀਯੂ ਪੰਜਾਬ ਦੀ ਅਗਵਾਈ ਹੇਠ ਪਹਿਲੀ ਦਸੰਬਰ ਨੂੰ ਦੁਬਾਰਾ ਜ਼ਿਲਾ ਹੈੱਡਕੁਆਰਟਰ ਪਠਾਨਕੋਟ ਧਰਨਾ-ਪ੍ਰਦਰਸ਼ਨ ਕੀਤਾ ਜਾਵੇਗਾ, ਲੋੜ ਪਈ ਤਾਂ ਪੱਕਾ ਧਰਨਾ ਦਿੱਤਾ ਜਾਵੇਗਾ।ਧਰਨੇ ਦੀ ਤਿਆਰੀ ਲਈ ਭੱਠਿਆਂ ਉੱਪਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੈ।

# ਰਾਇਲ ਕੈਂਬ੍ਰਿਜ ਸਕੂਲ 'ਚ 350ਵਾਂ ਸ਼ਹੀਦੀ ਦਿਹਾੜਾ ਮਨਾਇਆ

ਬਿਆਸ (ਪਰਮਜੀਤ ਸਿੰਘ ਰੱਖੜਾ)-ਰਾਇਲ ਕੈਂਬ੍ਰਿਜ ਸਕੂਲ ਬਿਆਸ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਗੁਰਮਤਿ ਸਮਾਰੋਹ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।ਇਸ ਵਿੱਚ ਵਿਦਿਆਰਥੀਆਂ ਨੇ ਕਵਿਤਾਵਾਂ, ਭਾਸ਼ਣ ਅਤੇ ਵਾਰਤਾਲਾਪ ਆਦਿ ਰਾਹੀਂ ਗੁਰੂ ਸਾਹਿਬ ਦੇ ਜੀਵਨ ਉੱਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ।



ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ, ਜਿਸ ਵਿੱਚ 4 ਸ਼ਬਦ ਅਤੇ 59 ਸ਼ਲੋਕ ਸ਼ਾਮਲ ਹਨ, ਵਿੱਚੋਂ ਸ਼ਬਦ ਕੀਰਤਨ ਦਾ ਗਾਇਨ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰੈਜ਼ੀਡੈਂਟ ਪਰਮਵੀਰ ਅਨੰਦ ਅਤੇ ਪ੍ਰਿੰ. ਧਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਤ ਕੀਤਾ।

ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵਿੱਚ ਸਟਾਫ ਤੇ ਵਿਦਿਆਰਥੀਆਂ ਵੱਲੋਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਦੇ ਆਰੰਭ ਵਿੱਚ ਵਿਦਿਆਰਥੀਆਂ ਨੇ ਜਪੁਜੀ ਸਾਹਿਬ ਦੇ ਜਾਪ ਕੀਤੇ, ਜਿਸ ਉਪਰੰਤ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਮੌਕੇ ਸਕੂਲ ਅਧਿਆਪਕ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰ ਚਾਨਣਾ ਪਾਇਆ ਗਿਆ।ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾ ਪੇਸ਼ ਕੀਤੀ ਗਈ। ਇਸੇ ਤਰ੍ਹਾਂ ਸਕੂਲ ਦੇ ਵਿਦਿਆਰਥੀ ਜੈਦੀਪ ਸਿੰਘ ਵੱਲੋਂ ਗੁਰੂ ਜੀ ਦੀ ਸ਼ਹਾਦਤ ਦੇ ਨਾਲ ਸੰਬੰਧਿਤ ਕਥਾ ਕੀਤੀ ਗਈ।ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ।

ਕੁਇੱਜ਼ ਵਿੱਚ ਬੱਚਿਆਂ ਤੋਂ ਗੁਰੂ ਸਾਹਬ ਜੀ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਤ ਸਵਾਲ ਪੁੱਛੇ ਗਏ।ਇਸ ਮੌਕੇ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਵਿਸਥਾਰ 'ਚ ਗੱਲਬਾਤ ਕੀਤੀ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੇ ਦੁੱਖ ਨੂੰ ਸਮਝਦੇ ਹੋਏ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਸ਼ਹਾਦਤ ਦਿੱਤੀ ਅਤੇ ਹਿੰਦੂ ਧਰਮ ਦੀ ਰੱਖਿਆ ਕੀਤੀ। ਉਨ੍ਹਾਂ ਬੱਚਿਆਂ ਨੂੰ ਵੀ ਧਾਰਮਿਕ ਬਿਰਤੀ ਵਾਲਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਨਾਲ ਹੀ ਗੁਰੂ ਜੀ ਦੇ ਉਪਦੇਸ਼ਾਂ ਉੱਤੇ ਚੱਲਣ ਲਈ ਪ੍ਰੇਰਿਆ।ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਜੀ ਦੀ ਸ਼ਹਾਦਤ ਨੂੰ ਯਾਦ ਰੱਖਣ ਤੇ ਆਪਣੇ ਜੀਵਨ ਵਿੱਚ ਵੀ ਦੂਜਿਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣ ਦਾ ਸੁਨੇਹਾ ਦਿੱਤਾ।ਇਸ ਮੌਕੇ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਅਕਾਲ ਅਕੈਡਮੀ ਤਿੱਬੜ ਵਿਖੇ ਸ਼ਹੀਦੀ ਸਮਾਗਮ ਕਰਵਾਇਆ




ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਅਕਾਲ ਅਕੈਡਮੀ ਤਿੱਬੜ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਦੇ ਪ੍ਰਬੰਧਾਂ ਵਿੱਚ ਕਰਵਾਏ ਸਮਾਗਮ ਦੌਰਾਨ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦੁਆਰਾ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਪੜ੍ਹਨ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਉਚਾਰਨ ਕੀਤੇ ਗਏ। ਉਪਰੰਤ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਗੁਰੂ ਤੇਗ ਬਹਾਦਰ ਜੀ ਦੀ ਜੀਵਨ ਅਤੇ ਸ਼ਹੀਦੀ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਗੁਰੂ ਜੀ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਮਾਗਮ ਵਿੱਚ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਤੋਂ ਇਲਾਵਾ ਬੱਚਿਆਂ ਦੇ ਮਾਤਾ ਪਿਤਾ ਵੀ ਸ਼ਾਮਲ ਸਨ।

# ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਮੇਨ ਬਾਜ਼ਾਰ ਬਿਆਸ 'ਚ 33ਵਾਂ ਸਾਲਾਨਾ ਸਮਾਗਮ

ਬਿਆਸ (ਪਰਮਜੀਤ ਸਿੰਘ ਰੱਖੜਾ)-ਮੇਨ ਬਾਜ਼ਾਰ ਬਿਆਸ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਸਮਾਗਮ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਕਰਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਗੁਰਦੁਆਰਾ ਸ਼ਹੀਦ ਬਾਬਾ ਲੰਗਾਹ ਜੀ (ਬੁੱਢਾ ਥੇਹ) ਤੋਂ ਪੰਜ ਪਿਆਰਿਆਂ ਅਤੇ ਸੰਗਤਾਂ ਦੀ ਅਗਵਾਈ ਵਿੱਚ ਬਹੁਤ ਹੀ ਸ਼ਰਧਾ ਭਾਵਨਾ ਨਾਲ ਲਿਆਂਦੀ ਗਈ।ਬਾਬਾ ਮੋਹਨ ਸਿੰਘ ਨੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ ਅਤੇ ਭੋਗ ਪਾਏ ਗਏ। ਉਪਰੰਤ ਭਾਈ ਹਰਵਿੰਦਰਪਾਲ ਸਿੰਘ ਲਿਟਲ ਵੀਰ ਜੀ ਮਾਤਾ ਕੌਲਾਂ ਜੀ ਭਲਾਈ ਕੇਂਦਰ ਅੰਮ੍ਰਿਤਸਰ ਅਤੇ ਭਾਈ ਮਹਿਤਾਬ ਸਿੰਘ ਜਲੰਧਰ ਵਾਲੇ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਬਿਆਸ ਦੇ ਸਰਪੰਚ ਸੁਰਿੰਦਰਪਾਲ ਸਿੰਘ ਲੱਡੂ, ਪ੍ਰਧਾਨ ਦਵਿੰਦਰਪਾਲ ਸਿੰਘ ਰੱਖੜਾ, ਸਰਪ੍ਰਸਤ ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ, ਪ੍ਰਧਾਨ ਰਾਮ ਸਰੂਪ ਗਾਰਡ ਅਤੇ ਪ੍ਰਧਾਨ ਰਾਜੀਵ ਕੁਮਾਰ ਬੱਬਲੂ ਨੇ ਸਾਂਝੇ ਤੌਰ 'ਤੇ ਬਿਆਸ ਦੀਆਂ ਸ਼ਖ਼ਸੀਅਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰੋਪਾਓ ਦੇ ਕੇ ਸਨਮਾਨਤ ਕੀਤਾ। 22 ਨਵੰਬਰ ਸ਼ਨੀਵਾਰ ਰਾਤ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਗਿਆ।ਮਾਤਾ ਜੀ ਦੀ ਪਵਿੱਤਰ ਜੋਤ ਚਿੰਤਪੁਰਨੀ ਤੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਲਿਆਂਦੀ ਗਈ। ਮਾਤਾ ਜੀ ਦੇ ਜਾਗਰਣ ਦੌਰਾਨ ਮਨੀ ਲਾਡਲਾ, ਲਵਿਸ਼ ਲਵ (ਦੋਨੋਂ ਅੰਮ੍ਰਿਤਸਰ) ਅਤੇ ਮਹੰਤ ਅਸ਼ਵਨੀ ਸ਼ਰਮਾ ਭਜਨ ਮੰਡਲੀ ਨੇ



ਭੇਟਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਦੌਰਾਨ ਲੱਕੀ ਡਰਾਅ ਵੀ ਕੱਢੇ ਗਏ, ਜਿਨ੍ਹਾਂ ਵਿੱਚ 6 ਕੰਬਲ, 5 ਘੜੀਆਂ, 3 ਮੋਬਾਇਲ ਫੋਨ, 2 ਐੱਲਸੀਡੀ, 1 ਵਾਸ਼ਿੰਗ ਮਸ਼ੀਨ ਅਤੇ ਇੱਕ ਸਕੂਟਰੀ ਸੀ। ਇਸ ਮੌਕੇ ਕਰਮਜੀਤ ਸਿੰਘ ਰੱਖੜਾ, ਕੁਲਦੀਪ ਸਿੰਘ ਰੱਖੜਾ, ਗੁਰਸ਼ਰਨ ਸਿੰਘ ਰੱਖੜਾ, ਮਾਤਾ ਸਵਿੰਦਰ ਕੌਰ ਰੱਖੜਾ, ਬਾਬਾ ਪੱਪੂ, ਸਾਜਨ ਕਪੂਰ, ਮੰਗੂ, ਰਾਜਨ ਅਰੋੜਾ, ਕੰਵਰਦੀਪ ਸਿੰਘ ਕਾਕਾ, ਸਵਿੰਦਰ ਸਿੰਘ ਛਿੰਦ, ਗਗਨ ਅਰੋੜਾ ਬਿੱਲਾ ਬਿਸ਼ਟ, ਪੱਪੀ ਕਵਾਲਟੀ ਸਵੀਟ, ਕਵਲ, ਸਾਹਿਲ ਅਤੇ ਇਲਾਕੇ ਦੀ ਸੰਗਤ ਹਾਜ਼ਰ ਸੀ।

## ਬੀ ਕੇ ਯੂ ਏਕਤਾ (ਉਗਰਾਹਾਂ) ਨੇ ਹੜ੍ਹ ਪ੍ਰਭਾਵਿਤ ਖੇਤਾਂ ਨੂੰ ਪੱਧਰੇ ਕਰਨ ਲਈ ਸੈਂਕੜੇ ਟਰੈਕਟਰ ਭਿਜਵਾਏ

ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਤਰਨਤਾਰਨ ਵੱਲੋਂ ਤਹਿਸੀਲ ਪੱਟੀ ਹਰੀਕੇ ਦੇ ਦਰਿਆ ਤੋਂ ਪਾਰ ਦੇ ਪਿੰਡਾਂ ਵਿੱਚ ਜ਼ਮੀਨਾਂ ਪੱਧਰ ਕਰਨ ਦੀ ਮੁਹਿਮ ਲਗਾਤਾਰ ਚਲਾਈ ਰਹੀ ਹੈ। ਇਸੇ ਤਹਿਤ ਸੈਂਕੜੇ ਟਰੈਕਟਰ ਜ਼ਿਲ੍ਹਾ ਤਰਨਤਾਰਨ ਦੇ ਵੱਖ-ਵੱਖ ਪਿੰਡਾਂ ਤੋਂ ਇੱਥੇ ਜ਼ਮੀਨ ਪੱਧਰ ਕਰਨ ਵਾਸਤੇ ਪੁੱਜੇ ਹਨ।ਇਸ ਦੌਰਾਨ ਪਿੰਡ ਗੁੱਜਰਪੁਰਾ, ਜੱਲਕੇ ਤਹਿਸੀਲ ਪੱਟੀ ਵਿੱਚ ਕਿਸਾਨ ਜਥੇਬੰਦੀ ਦੇ ਸਥਾਨਕ ਪ੍ਰਧਾਨ ਗੁਰਬਾਜ਼ ਸਿੰਘ ਸਿੱਧਵਾਂ, ਦਲੇਰ ਸਿੰਘ ਰਾਜੋਕੇ, ਭੁਪਿੰਦਰ ਸਿੰਘ ਠੱਠੀਆਂ ਅਤੇ ਜਥੇਦਾਰ ਸੰਤੋਖ ਸਿੰਘ ਪੱਟੀ ਨੇ ਕਿਹਾ ਕਿ ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਪੜਾਅਵਾਰ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ।ਪਹਿਲਾਂ ਮਜ਼ਦੂਰਾਂ ਤੇ ਬੇ-ਜ਼ਮੀਨੇ ਕਿਸਾਨਾਂ ਨੂੰ ਕਣਕ ਵੰਡੀ ਗਈ ਤੇ ਉਪਰੰਤ ਬਿਸਤਰੇ, ਗਰਮ ਸੂਟ ਅਤੇ ਪਸ਼ੂਆਂ ਦਾ ਚਾਰਾ, ਤੂੜੀ ਅਤੇ ਆਚਾਰ ਆਦਿ ਵੰਡਿਆ ਗਿਆ।ਹੁਣ ਸੈਂਕੜੇ ਟਰੈਕਟਰ ਜ਼ਿਲ੍ਹਾ ਤਰਨਤਾਰਨ ਤੋਂ ਬਲਾਕ ਪ੍ਰਧਾਨ ਇੰਦਰਜੀਤ ਸਿੰਘ ਮਾੜੀਮੇਘਾ ਅਤੇ ਜਥੇਦਾਰ ਸੁਲੱਖਣ ਸਿੰਘ ਮੰਡਾਲਾ ਦੀ ਅਗਵਾਈ ਵਿੱਚ ਵੱਖ ਵੱਖ ਪਿੰਡਾਂ ਵਿੱਚ ਪਹੁੰਚੇ ਹਨ।ਜਥੇਬੰਦੀ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਜ਼ਮੀਨ ਗਾਰ ਅਤੇ ਰੇਤ ਭਰ ਗਈ ਹੈ।ਇਸ ਜ਼ਮੀਨ ਨੂੰ ਪੱਧਰ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ।ਉਨ੍ਹਾਂ ਕਿਹਾ ਕਿ ਜਦੋਂ ਤਕ ਹੜ੍ਹ ਪੀੜਤ ਲੋਕ ਆਪਣੇ ਪੈਰਾਂ ਸਿਰ ਖੜ੍ਹੇ



ਨਹੀਂ ਹੁੰਦੇ, ਮਦਦ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਬਾਂਹ ਫੜਨ ਵਿੱਚ ਅਸਫਲ ਸਾਬਤ ਹੋਈ ਹੈ।ਉਨ੍ਹਾਂ ਕਿਹਾ ਕਿ 100 ਫ਼ੀਸਦੀ ਖ਼ਰਾਬ ਹੋਈ ਫ਼ਸਲ ਦਾ ਸਿਰਫ਼ ਵੀਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾ ਰਿਹਾ ਜੋ ਬਹੁਤ ਘੱਟ ਹੈ।ਉਨ੍ਹਾਂ ਕਿਹਾ ਕਿ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਨੁਕਸਾਨੇ ਘਰਾਂ ਦੀ ਮੁਰੰਮਤ ਕਰਵਾਈ ਜਾਵੇ।ਹੜ੍ਹਾਂ ਨਾਲ ਨੁਕਸਾਨੀਆਂ ਸੜਕਾਂ, ਸਕੂਲ, ਆਂਗਨਵਾੜੀ ਸੈਂਟਰ ਦੀ ਮੁਰੰਮਤ ਕਰਵਾਈ ਜਾਵੇ।ਇਸ ਮੌਕੇ ਹਰਦੀਪ ਸਿੰਘ ਜੌੜਾ, ਕਰਮਜੀਤ ਸਿੰਘ ਸਭਰਾ, ਬਲਵਿੰਦਰ ਸਿੰਘ ਲਾਡੀ ਮਾੜੀਮੇਘਾ, ਕੁਲਵੰਤ ਸਿੰਘ ਧੁੰਨ, ਦਰਸ਼ਨ ਸਿੰਘ ਪਹੂਵਿੰਡ, ਸੁੱਚਾ ਸਿੰਘ ਪੱਟੀ, ਅਰਜਨ ਸਿੰਘ ਬੱਠੇਭੈਣੀ, ਬਲਵਿੰਦਰ ਸਿੰਘ ਕਲਸ, ਕੇਵਲ ਸਿੰਘ ਬਹਾਦਰ ਨਗਰ, ਸਾਹਿਬ ਸਿੰਘ ਜੰਡ, ਬੂਟਾ ਸਿੰਘ, ਯੋਧਬੀਰ ਸਿੰਘ ਸਿੱਧਵਾਂ, ਸੇਵਕ ਸਿੰਘ ਸਿੱਧਵਾਂ, ਜਰਮਨ ਸਿੰਘ ਸਿੱਧਵਾਂ, ਗੁਰਵਿੰਦਰ ਸਿੰਘ ਲੱਡੂ, ਕੁਲਦੀਪ ਸਿੰਘ, ਮੰਗਲ ਸਿੰਘ ਆਦਿ ਵੱਖ-ਵੱਖ ਪਿੰਡਾਂ ਦੇ ਕਿਸਾਨ ਹਾਜ਼ਰ ਸਨ।

## ਬਸਤੀ ਸ਼ੇਖ ਵਿਖੇ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਢਾਹੀ

ਜਲੰਧਰ (ਇਕਬਾਲ ਸਿੰਘ ਉਭੀ)-ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਲੰਧਰ ਨਗਰ ਨਿਗਮ ਵੱਲੋਂ ਕਮਿਸ਼ਨਰੇਟ ਪੁਲਸ ਦੇ ਸਹਿਯੋਗ ਨਾਲ ਸਥਾਨਕ ਮੋਚੀਆ ਮੁਹੱਲਾ, ਬਸਤੀ ਸ਼ੇਖ ਵਿੱਚ ਬਦਨਾਮ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ ਗਿਆ।ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਇਹ ਕਾਰਵਾਈ ਨਗਰ ਨਿਗਮ ਅਤੇ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ ਹੈ। ਜੁਆਇੰਟ ਕਮਿਸ਼ਨਰ ਆਫ਼ ਪੁਲਸ ਸੰਦੀਪ ਕੁਮਾਰ ਸ਼ਰਮਾ ਨੇ ਖੁਦ ਮੌਕੇ 'ਤੇ ਪਹੁੰਚ ਕੇ ਕਾਰਵਾਈ ਦੀ ਨਿਗਰਾਨੀ ਕੀਤੀ। ਇਹ ਗੈਰ-ਕਾਨੂੰਨੀ ਉਸਾਰੀ ਵਿਸ਼ਾਲ ਉਰਫ਼ ਲੋਟਾ ਪੁੱਤਰ ਪਿੰਕਾ ਵਾਸੀ ਮੋਚੀਆ ਮੁਹੱਲਾ, ਬਸਤੀ ਸ਼ੇਖ, ਜੋ ਕਿ ਥਾਣਾ ਡਵੀਜ਼ਨ ਨੰਬਰ 5 ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਦੀ ਸੀ। ਵਿਸ਼ਾਲ ਇੱਕ ਬਦਨਾਮ ਨਸ਼ਾ ਤਸਕਰ ਹੈ, ਜਿਸ 'ਤੇ ਐਨ ਡੀ ਪੀ ਐਸ. ਐਕਟ ਤਹਿਤ ਪਹਿਲਾਂ ਹੀ 7 ਮਾਮਲੇ ਦਰਜ ਹਨ।ਉਨ੍ਹਾਂ ਕਿਹਾ ਕਿ ਜਲੰਧਰ ਪੁਲਸ ਵੱਲੋਂ ਨਸ਼ਿਆਂ ਨਾਲ ਸਬੰਧਤ ਕੋਈ ਵੀ ਗੈਰ-ਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਨਸ਼ਾ ਤਸਕਰੀ ਖਿਲਾਫ਼ ਅਜਿਹੀਆਂ ਸਖ਼ਤ ਕਾਰਵਾਈਆਂ ਜਾਰੀ ਰਹਿਣਗੀਆਂ।

## ਡੀ. ਆਰ. ਮਾਡਰਨ ਸੀਨੀਅਰ ਸੈਕੰਡਰੀ ਸਕੂਲ 'ਚ ਸ਼ਰਧਾਪੂਰਵਕ ਮਨਾਇਆ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਡੀ. ਆਰ. ਮਾਡਰਨ ਸੀਨੀਅਰ ਸੈਕੰਡਰੀ ਸਕੂਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ। ਪਿਛਲੇ ਦਸ ਦਿਨਾਂ ਤੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀਆਂ ਪ੍ਰੇਰਨਾਦਾਇਕ ਬਾਣੀਆਂ ਅਤੇ ਕਹਾਣੀਆਂ ਰੋਜ਼ਾਨਾ ਵਿਦਿਆਰਥੀਆਂ ਨੂੰ ਸੁਣਾਈਆਂ ਜਾਂਦੀਆਂ ਸਨ, ਜੋ ਉਨ੍ਹਾਂ ਨੂੰ ਹਿੰਮਤ, ਕੁਰਬਾਨੀ, ਮਨੁੱਖੀ ਕਦਰਾਂ-ਕੀਮਤਾਂ ਅਤੇ ਸੱਚ ਦੇ ਮਾਰਗ ਨੂੰ ਅਪਣਾਉਣ ਲਈ ਪ੍ਰੇਰਿਤ ਕਰਦੀਆਂ ਸਨ।ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਅਤੇ ਅਰਦਾਸ ਦੇ ਪਾਠ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਕਵਿਤਾ ਪਾਠ, ਭਾਸ਼ਣ ਅਤੇ ਕੀਰਤਨ ਰਾਹੀਂ ਗੁਰੂ ਸਾਹਿਬ ਦੇ ਜੀਵਨ, ਕੁਰਬਾਨੀ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸੁੰਦਰ ਢੰਗ ਨਾਲ ਪੇਸ਼ ਕੀਤਾ।ਚੇਅਰਮੈਨ ਦਲਜੀਤ ਪਠਾਨੀਆ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਰੀ ਮਨੁੱਖਤਾ ਲਈ ਇੱਕ ਅਨਮੋਲ ਪ੍ਰੇਰਨਾ ਹੈ।ਧਰਮ ਦੀ ਰੱਖਿਆ, ਸੱਚ ਦੀ ਸਥਾਪਨਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਉਨ੍ਹਾਂ ਦੀ ਸਰਵਉਚ ਕੁਰਬਾਨੀ ਨੂੰ ਸਦੀਆਂ ਤੱਕ ਯਾਦ ਰੱਖਿਆ ਜਾਵੇਗਾ।ਡਾਇਰੈਕਟਰ ਰਵਿੰਦਰ ਪਠਾਨੀਆ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਨ ਅਤੇ ਹਿੰਮਤ, ਦਿਆਲਤਾ, ਕੁਰਬਾਨੀ ਅਤੇ ਸੱਚ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਹਿਮਾਨੀ ਪਠਾਨੀਆ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਮੈਂ 'ਹਿੰਦ ਦੀ ਚਾਦਰ' ਨੂੰ ਦਿਲੋਂ ਸ਼ਰਧਾਂਜਲੀ ਭੇਟ ਕਰਦੀ ਹਾਂ।ਗੁਰੂ ਸਾਹਿਬ ਦਾ ਸਰਵਉਚ ਬਲੀਦਾਨ ਸੱਚ, ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਮਨੁੱਖਤਾ ਦੀ ਰੱਖਿਆ ਦੀ ਇੱਕ ਵਿਲੱਖਣ ਉਦਾਹਰਣ ਹੈ।ਇਸ ਮੌਕੇ ਸਮੁੱਚੇ ਸਟਾਫ ਨੇ ਪੂਰੀ ਲਗਨ ਅਤੇ ਅਨੁਸ਼ਾਸਨ ਨਾਲ ਸਰਗਰਮ ਭੂਮਿਕਾ ਨਿਭਾਈ।

# ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵਿਖੇ ਮਨਾਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵਿੱਚ ਸਟਾਫ ਤੇ ਵਿਦਿਆਰਥੀਆਂ ਵੱਲੋਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਦੇ ਆਰੰਭ ਵਿੱਚ ਵਿਦਿਆਰਥੀਆਂ ਨੇ ਜਪੁਜੀ ਸਾਹਿਬ ਦੇ ਜਾਪ ਕੀਤੇ, ਜਿਸ ਉਪਰੰਤ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਮੌਕੇ ਸਕੂਲ ਅਧਿਆਪਕ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰ ਚਾਨਣਾ ਪਾਇਆ ਗਿਆ।ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾ ਪੇਸ਼ ਕੀਤੀ ਗਈ। ਇਸੇ ਤਰ੍ਹਾਂ ਸਕੂਲ ਦੇ ਵਿਦਿਆਰਥੀ ਜੈਦੀਪ ਸਿੰਘ ਵੱਲੋਂ ਗੁਰੂ ਜੀ ਦੀ ਸ਼ਹਾਦਤ ਦੇ ਨਾਲ ਸੰਬੰਧਿਤ ਕਥਾ ਕੀਤੀ ਗਈ।ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ।ਕੁਇੱਜ਼ ਵਿੱਚ ਬੱਚਿਆਂ ਤੋਂ ਗੁਰੂ ਸਾਹਬ ਜੀ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਤ ਸਵਾਲ ਪੁੱਛੇ ਗਏ।ਇਸ ਮੌਕੇ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਵਿਸਥਾਰ 'ਚ ਗੱਲਬਾਤ ਕੀਤੀ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ



ਕਸ਼ਮੀਰੀ ਪੰਡਤਾਂ ਦੇ ਦੁੱਖ ਨੂੰ ਸਮਝਦੇ ਹੋਏ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਸ਼ਹਾਦਤ ਦਿੱਤੀ ਅਤੇ ਹਿੰਦੂ ਧਰਮ ਦੀ ਰੱਖਿਆ ਕੀਤੀ।ਉਨ੍ਹਾਂ ਬੱਚਿਆਂ ਨੂੰ ਵੀ ਧਾਰਮਿਕ ਬਿਰਤੀ ਵਾਲਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਨਾਲ ਹੀ ਗੁਰੂ ਜੀ ਦੇ ਉਪਦੇਸ਼ਾਂ ਉੱਤੇ ਚੱਲਣ ਲਈ ਪ੍ਰੇਰਿਆ।ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਜੀ ਦੀ ਸ਼ਹਾਦਤ ਨੂੰ ਯਾਦ ਰੱਖਣ ਤੇ ਆਪਣੇ ਜੀਵਨ ਵਿੱਚ ਵੀ ਦੂਜਿਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣ ਦਾ ਸੁਨੇਹਾ ਦਿੱਤਾ।ਇਸ ਮੌਕੇ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ



ਕਪੂਰਥਲਾ, (ਹਨੀ)-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੀ ਅਗਵਾਈ ਵਿਚ ਧਾਰਮਿਕ ਸਮਾਗਮ ਕਰਵਾਇਆ ਗਿਆ ਜੋ ਹਿੰਦ ਦੀ ਚਾਦਰ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਤ ਰਿਹਾ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਪਵਿੱਤਰ ਸ਼ਬਦ ਕੀਰਤਨ ਨਾਲ ਹੋਈ।

ਅੱਠਵੀਂ ਜਮਾਤ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ ਆਪਣੀ ਸਪੀਚ ਰਾਹੀਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਤਿੰਨ ਸਿੱਖ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਦੇ 350ਵੇਂ ਸ਼ਹੀਦੀ ਗੁਰਪੁਰਬ ਸੰਬੰਧੀ ਜਾਣੂ ਕਰਵਾਇਆ।

ਗੁਰੂ ਤੇਗ ਬਹਾਦਰ ਜੀ ਇੱਕ ਸਮਾਜ ਸੁਧਾਰਕ ਅਤੇ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸਨ। ਅੱਠਵੀਂ ਜਮਾਤ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਕਵਿਤਾ ਦਾ ਗਾਇਨ ਕੀਤਾ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਕਿਹਾ ਕਿ ਅਜਿਹੇ ਸਮਾਗਮ ਇੱਕ ਵਧੀਆ ਉਪਰਾਲਾ ਹਨ, ਜਿਸ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਿੰਪਲ ਸ਼ਰਮਾ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਦੋ ਰੋਜ਼ਾ ਸਾਲਾਨਾ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਗੋਬਿੰਦ ਸਿੰਘ (ਜੀਜੀਐੱਸ) ਮਾਡਰਨ ਸਕੂਲ ਬਖਤਪੁਰ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਸਾਲਾਨਾ ਖੇਡਾਂ ਕਰਵਾਈਆਂ ਗਈਆਂ। ਇਸ ਸਬੰਧੀ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਵਿੱਚ ਬਣੇ ਲੀਗਲ ਲਿਟਰੇਸੀ ਕਲੱਬ ਅਤੇ ਬੱਡੀ ਗਰੁੱਪ ਵੱਲੋਂ ਕਰਵਾਈਆਂ ਗਈਆਂ ਇਨ੍ਹਾਂ ਖੇਡਾਂ ਦਾ ਆਗਾਜ਼ ਹੈੱਡ ਬੁਆਏ ਕਰਨਬੀਰ ਸਿੰਘ ਤੇ ਹੈੱਡ ਗਰਲ ਪਲਕ ਰਾਏ ਦੀ ਅਗਵਾਈ ਵਿੱਚ ਬੱਚਿਆਂ ਵੱਲੋਂ ਮਾਰਚ ਪਾਸ਼ ਕਰਕੇ ਅਤੇ ਹਵਾ ਵਿੱਚ ਗੁਬਾਰੇ ਉਡਾ ਕੇ ਕੀਤਾ ਗਿਆ। ਇਨ੍ਹਾਂ ਖੇਡਾਂ ਵਿੱਚ ਬਨਾਨਾ ਰੇਸ ਵਿੱਚੋਂ ਈਸ਼ਾ ਸ਼ਰਮਾ ਨੇ ਪਹਿਲਾ, ਦਿਲਪ੍ਰੀਤ ਸਿੰਘ ਨੇ ਦੂਜਾ ਅਤੇ ਅੰਮ੍ਰਿਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪੇਪਰ ਕੱਪ ਰੇਸ ਵਿੱਚ ਮਨਜੋਤ ਭਗਤ, ਗੁਰਤੇਜ, ਤਾਨੀਆ ਤੇ ਮਨਵੀਰ ਨੇ ਪਹਿਲਾ, ਗੁਰਸਾਹਿਬ, ਜਸਕੀਰਤ ਤੇ ਏਕਮਜੋਤ ਨੇ ਦੂਜਾ, ਹਰਜੋਤ, ਚਾਹਤ ਤੇ ਕਾਵਿਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਪੂਨ ਰੇਸ ਵਿੱਚ ਤਨਵੀਰ, ਮਨਜੋਤ ਤੇ ਏਕਮ ਨੇ ਪਹਿਲਾ; ਜਪਰੀਤ, ਹਰਜੋਤ ਤੇ ਨਿਮਰਤ ਨੇ ਦੂਜਾ; ਸਾਂਚੀ, ਮਨਕੀਰਤ, ਆਰਿਹਾਨ ਤੇ ਗੁਰਲੀਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਫਰਾਗ ਰੇਸ ਵਿੱਚ ਜਸਕੀਰਤ ਸਿੰਘ ਨੇ ਪਹਿਲਾ, ਏਕਮਦੀਪ



ਸਿੰਘ ਨੇ ਦੂਜਾ ਤੇ ਐਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਅਤੇ ਥਰੀ ਲੈੱਗ ਰੇਸ (ਲੜਕੇ ਤੇ ਲੜਕੀਆਂ) ਵਿੱਚੋਂ ਮਨਜੋਤ ਭਗਤ, ਤਾਨੀਆ, ਏਕਮਜੋਤ, ਗੁਰਕੀਰਤ, ਆਰਵ, ਹਰਸੀਰਤ ਤੇ ਸਹਿਜਪ੍ਰੀਤ ਨੇ ਪਹਿਲਾ; ਗੁਰਸਾਹਿਬਜੀਤ, ਚਾਹਤ, ਮਨਵੀਰ, ਕਾਵਿਸ਼, ਅੰਮ੍ਰਿਤਪਾਲ, ਸਹਿਜਪ੍ਰੀਤ, ਪੁਨੀਤ, ਪ੍ਰਨਵ ਤੇ ਮਨਰਾਜ ਨੇ ਦੂਜਾ; ਆਰਿਹਾਨ ਗਿੱਲ, ਜਸਕੀਰਤ, ਨਿਮਰਤ, ਵਿਰਾਟ, ਮਨਰਾਜ, ਅਨੰਨਿਆ, ਸਿਮਰਨ, ਤੇ ਸਹਿਜਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 200 ਮੀ: ਅਤੇ 400 ਮੀ: ਰੇਸ ਵਿੱਚ ਸਹਿਜਪ੍ਰੀਤ ਕੌਰ, ਸੀਰਤ, ਏਕਮਦੀਪ ਸਿੰਘ, ਜੀਆ, ਐਸ਼ਪ੍ਰੀਤ ਸਿੰਘ, ਜਸਕੀਰਤ ਸਿੰਘ, ਹਰਪ੍ਰਤਾਪ ਸਿੰਘ ਤੇ ਜਸਮੀਤ ਕੌਰ ਨੇ ਪਹਿਲਾ; ਦਿਲਪ੍ਰੀਤ ਕੌਰ, ਈਸ਼ਿਕਾ, ਵਿਰਾਟ, ਗੁਰਨੂਰ ਸਿੰਘ ਤੇ ਹਰਨੀਤ ਕੌਰ ਨੇ ਦੂਜਾ ਅਤੇ ਰਮਨਪ੍ਰੀਤ, ਨਵਨੀਤ, ਜਸਵਿੰਦਰ ਗਿੱਲ, ਐਸ਼ਪ੍ਰੀਤ, ਗੁਰਨੂਰ ਕੌਰ, ਰਣਜੋਧਵੀਰ ਸਿੰਘ, ਰਾਜਬੀਰ ਸਿੰਘ ਤੇ ਹਸਰਤਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ ਵਿੱਚ ਸਹਿਜਪ੍ਰੀਤ, ਗੁਰਨੂਰ, ਪਲਵਿੰਦਰ ਤੇ ਹਰਪ੍ਰਤਾਪ ਨੇ ਪਹਿਲਾ; ਜਸਲੀਨ, ਅਭੀਜੋਤ, ਹਰਪ੍ਰੀਤ ਤੇ ਈਸ਼ਿਕਾ ਨੇ ਦੂਜਾ; ਚਾਹਤ, ਸੀਰਤ, ਸਹਿਜਪ੍ਰੀਤ, ਰਾਜਬੀਰ, ਤੇ ਹਰਸਿਮਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਹਾਈ ਜੰਪ ਵਿਚ ਹਰਪ੍ਰਤਾਪ ਸਿੰਘ ਤੇ ਈਸ਼ਿਕਾ ਨੇ ਪਹਿਲਾ; ਅਰਸ਼ਦੀਪ ਸਿੰਘ ਤੇ ਹਰਸਿਮਰਨਜੀਤ ਕੌਰ ਨੇ ਦੂਜਾ; ਗੁਰਨੂਰ ਸਿੰਘ ਤੇ ਗੁਰਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਾਟਪੁੱਟ ਵਿੱਚ ਪਲਵਿੰਦਰ ਕੌਰ ਤੇ ਸਹਿਜਪ੍ਰਤਾਪ ਸਿੰਘ ਨੇ ਪਹਿਲਾ; ਸਿਮਰਨਜੀਤ ਕੌਰ ਤੇ ਹਰਪ੍ਰਤਾਪ ਸਿੰਘ ਨੇ ਦੂਜਾ; ਅਮਨਦੀਪ ਕੌਰ ਤੇ ਉਂਕਾਰਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਤੇ ਸਕੂਲ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ, ਅਧਿਆਪਕਾ ਸੁਖਵੰਤ ਕੌਰ ਤੇ ਰੇਨੂੰ ਬਾਲਾ ਨੇ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਗੁਰਦਾਸਪੁਰ ਦੀ ਹਦੂਦ ਅੰਦਰ ਅੱਜ ਡਰੋਨ ਕੈਮਰਿਆਂ ਨੂੰ ਚਲਾਉਣ ਤੇ ਉਡਾਉਣ 'ਤੇ ਪਾਬੰਦੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੇ ਅੱਜ ਸਵੇਰੇ 10.00 ਵਜੇ 'ਦੀ ਗੁਰਦਾਸਪੁਰ ਸਹਿਕਾਰੀ ਖੰਡ ਮਿੱਲਜ਼ ਲਿਮਟਿਡ ਪਨਿਆੜ ਵਿਖੇ 5000 ਟੀਸੀਡੀ ਤੱਕ ਦੀ ਸਮਰੱਥਾ ਦੀ ਰਿਫਾਈਂਡ ਸਲਫਰ ਰਹਿਤ ਨਵੀਂ ਸ਼ੂਗਰ ਮਿੱਲ ਅਤੇ ਕੋ-ਜਨਰੇਸ਼ਨ ਪਲਾਂਟ ਦਾ ਉਦਘਾਟਨ ਕਰਨ ਲਈ ਅਤੇ ਇਸ ਤੋਂ ਬਾਅਦ 11.00 ਵਜੇ ਗੁਰਦਾਸਪੁਰ ਰੋਡ, ਨਜ਼ਦੀਕ ਮੇਨ ਰੋਡ ਕੋਰੀਡੋਰ, ਡੇਰਾ ਬਾਬਾ ਨਾਨਕ ਵਿਖੇ ਆ ਰਹੇ ਹਨ।ਸੁਰੱਖਿਆ ਦੇ ਮੱਦੇਨਜ਼ਰ ਡਰੋਨ ਕੈਮਰਿਆਂ ਨੂੰ ਚਲਾਉਣ/ਉਡਾਉਣ 'ਤੇ ਪਾਬੰਦੀ ਲਗਾਉਣੀ ਵੀ ਜ਼ਰੂਰੀ ਬਣ ਜਾਂਦੀ ਹੈ। ਇਸ ਲਈ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਦਿੱਤਿਆ ਉੱਪਲ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 26 ਨਵੰਬਰ ਨੂੰ ਡਰੋਨ ਕੈਮਰਿਆਂ ਨੂੰ ਚਲਾਉਣ ਅਤੇ ਉਡਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।ਇਹ ਹੁਕਮ ਤੁਰੰਤ ਲਾਗੂ ਹੋਣਗੇ।

## ਅਮਨ-ਅਮਾਨ ਦੇ ਵਿਗੜੇ ਹਾਲਾਤ ਤੇ ਫੈਲੇ ਭ੍ਰਿਸ਼ਟਾਚਾਰ ਤੋਂ ਪੰਜਾਬ ਦਾ ਹਰ ਆਦਮੀ ਦੁਖੀ: ਹੀਰਾ ਵਾਲੀਆ

ਬਟਾਲਾ (ਤਰਲੋਕ ਬੱਗਾ)-ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਸੂਬਾ ਵਾਸੀਆਂ ਨੂੰ ਭ੍ਰਿਸ਼ਟਾਚਾਰ ਮੁਕਤ ਸਰਕਾਰ ਅਤੇ ਪ੍ਰਸ਼ਾਸਨ ਦੇਣ ਦੇ ਵਾਅਦੇ ਕਰਨ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਅਸਲੀਅਤ ਇਸ ਗੱਲ ਤੋਂ ਸਾਫ ਨਜ਼ਰ ਆ ਰਹੀ ਹੈ ਕਿ ਹਰ ਰੋਜ਼ ਪੰਜਾਬ ਅੰਦਰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਈ ਸੀਨੀਅਰ ਅਤੇ ਹੋਰ ਅਧਿਕਾਰੀ ਫੜੇ ਜਾ ਰਹੇ ਹਨ।



ਬੀਤੇ ਦਿਨ ਬਟਾਲਾ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਕਮ ਐੱਸਡੀਐੱਮ ਨੂੰ ਵਿਜੀਲੈਂਸ ਵਿਭਾਗ ਵੱਲੋਂ ਲੱਖਾਂ ਰੁਪਏ ਦੀ ਨਗਦੀ ਸਮੇਤ ਗ੍ਰਿਫ਼ਤਾਰ ਕਰਨ ਦੇ ਮਾਮਲੇ ਨੇ ਸਰਕਾਰ ਦੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੇ ਵਾਅਦਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਹੀਰਾ ਵਾਲੀਆ ਨੇ ਕਿਹਾ ਕਿ ਅੱਜ ਪੰਜਾਬ ਅੰਦਰ ਭ੍ਰਿਸ਼ਟਾਚਾਰ ਪੂਰੇ ਸਿਖਰਾਂ 'ਤੇ ਹੈ।ਸਰਕਾਰ ਅਤੇ ਨੁਮਾਇੰਦਿਆਂ ਦੀ ਸ਼ਹਿ 'ਤੇ ਅਧਿਕਾਰੀ ਅਤੇ ਮੁਲਾਜ਼ਮ ਸ਼ਰੇਆਮ ਭ੍ਰਿਸ਼ਟਾਚਾਰ ਕਰ ਰਹੇ ਹਨ ਜਿਨ੍ਹਾਂ ਨੂੰ ਨਕੇਲ ਪਾਉਣ ਵਾਲਾ ਕੋਈ ਨਹੀਂ ਹੈ।ਹੀਰਾ ਵਾਲੀਆ ਨੇ ਕਿਹਾ ਕਿ ਕਿਸੇ ਵਿਭਾਗ 'ਚ ਕੰਮ ਕਰਾਉਣਾ ਹੋਵੇ ਤਾਂ ਸਭ ਤੋਂ ਪਹਿਲਾਂ ਸ਼ਰੇਆਮ ਰਿਸ਼ਵਤ ਮੰਗੀ ਜਾਂਦੀ ਹੈ ਜਦਕਿ ਭਗਵੰਤ ਮਾਨ ਸਰਕਾਰ ਇਹ ਕਹਿੰਦੀ ਸੀ ਕਿ ਜੇਕਰ ਕੋਈ ਅਧਿਕਾਰੀ ਕਿਸੇ ਵੀ ਵਿਅਕਤੀ ਤੋਂ ਰਿਸ਼ਵਤ ਮੰਗਦਾ ਹੈ ਤਾਂ ਉਸ ਦੀ ਸ਼ਿਕਾਇਤ ਸਾਨੂੰ ਸਿੱਧੀ ਕੀਤੀ ਜਾਵੇ ਲੇਕਿਨ ਪਿਛਲੇ ਦਿਨਾਂ ਵਿੱਚ ਜੋ ਭ੍ਰਿਸ਼ਟਾਚਾਰ ਦੀਆਂ ਪਰਤਾਂ ਦਰ ਪਰਤਾਂ ਖੁੱਲ੍ਹੀਆਂ ਹਨ ਉਸ ਨਾਲ ਸਰਕਾਰ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਹੀ।

ਹੀਰਾ ਵਾਲੀਆ ਨੇ ਕਿਹਾ ਕਿ ਸੂਬੇ ਦਾ ਹਰ ਵਿਅਕਤੀ ਦੁਖੀ ਹੋ ਚੁੱਕਾ ਹੈ ਕਿਉਂਕਿ ਕਿਸੇ ਵਿਅਕਤੀ ਦੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ ਅਤੇ ਪੰਜਾਬ ਦੇ ਲੋਕ ਭਗਵੰਤ ਮਾਨ ਸਰਕਾਰ ਅਤੇ ਉਸ ਦੇ ਅਧਿਕਾਰੀਆਂ ਤੋਂ ਤੰਗ ਆ ਚੁੱਕੇ ਹਨ।ਹੀਰਾ ਵਾਲੀਆ ਨੇ ਕਿਹਾ ਕਿ ਸੂਬੇ ਅੰਦਰ ਫੈਲੇ ਹੋਏ ਸਰਕਾਰ ਦੇ ਭ੍ਰਿਸ਼ਟਾਚਾਰ ਦੇ ਜਾਲ ਨੂੰ ਨੰਗਾ ਕੀਤਾ ਜਾਵੇਗਾ।

## ਯੂਨਾਈਟਿਡ ਸਿੱਖ ਮਿਸ਼ਨ ਯੂ ਐੱਸ ਏ ਨੇ ਲਾਇਆ 6ਵਾਂ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਤੇ ਜਾਂਚ ਕੈਂਪ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਯੂਨਾਈਟਿਡ ਸਿੱਖ ਮਿਸ਼ਨ ਦੇ ਸਹਿਯੋਗ ਨਾਲ ਸਰਬਜੀਤ ਸਿੰਘ ਮਾਨ ਯੂਐੱਸਏ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਲੋੜਵੰਦ ਮਰੀਜ਼ਾਂ ਲਈ ਅੱਖਾਂ ਦਾ 6ਵਾਂ ਮੁਫਤ ਅਪ੍ਰੇਸ਼ਨ ਅਤੇ ਜਾਂਚ ਕੈਂਪ ਸ਼ਿਕਾਰ ਮਾਛੀਆਂ ਵਿਖੇ ਲਗਾਇਆ ਗਿਆ।ਮਰੀਜ਼ਾਂ ਨੇ ਮਾਹਰ ਡਾਕਟਰਾਂ ਤੋਂ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾਇਆ।ਚੇਅਰਮੈਨ ਅਵਤਾਰ ਸਿੰਘ ਨੇ ਦੱਸਿਆ ਕਿ ਸੰਸਥਾ ਦਾ ਇਹ 716ਵਾਂ ਕੈਂਪ ਹੈ। ਹੁਣ ਤੱਕ 3 ਲੱਖ 34 ਹਜ਼ਾਰ ਮਰੀਜ਼ਾਂ ਦਾ ਚੈੱਕਅਪ ਕਰਕੇ ਇਕ ਲੱਖ 95 ਹਜ਼ਾਰ ਮਰੀਜ਼ਾਂ ਨੂੰ ਫਰੀ ਐਨਕਾਂ ਅਤੇ 40 ਹਜ਼ਾਰ ਮਰੀਜ਼ਾਂ ਦੇ ਅਪਰੇਸ਼ਨ ਕੀਤੇ ਗਏ ਹਨ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ।ਇਸ ਵਿੱਚ ਸਰਬਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਮੌਕੇ ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਵੱਲੋਂ ਸਰਬਜੀਤ ਸਿੰਘ ਮਾਨ ਯੂਐੱਸਏ ਅਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਪਿੰਡ ਦੇ ਜੰਮਪਲ ਸਰਬਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਪਰਿਵਾਰ



ਵੱਲੋਂ ਵਿਦੇਸ਼ੀਂ ਰਹਿ ਕੇ ਵੀ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਪੰਜਾਬ ਅਤੇ ਹਿੰਦੁਸਤਾਨ ਵਿੱਚ ਅੱਖਾਂ ਦੇ ਫਰੀ ਚੈੱਕਅਪ ਕੈਂਪ ਲਗਾ ਕੇ ਸੇਵਾ ਕਰ ਰਹੇ ਹਨ।ਇਸ ਮੌਕੇ ਚੇਅਰਮੈਨ ਰਛਪਾਲ ਸਿੰਘ, ਅਵਤਾਰ ਸਿੰਘ, ਸੁਖਬੀਰ ਸਿੰਘ, ਸੰਦੀਪ ਸਿੰਘ, ਕਿਰਪਾਲ ਸਿੰਘ, ਸਰਪੰਚ ਬਲਵਿੰਦਰ ਸਿੰਘ, ਰਤਨ ਸਿੰਘ, ਐੱਨਆਰਆਈ ਨਿਸ਼ਾਨ ਸਿੰਘ, ਸੁਰਿੰਦਰ ਸਿੰਘ, ਸ਼ਮਸ਼ੇਰ ਸਿੰਘ ਲੰਬੜਦਾਰ, ਗੁਰਦੀਪ ਸਿੰਘ, ਬਲਜੀਤ ਸਿੰਘ ਪੰਮਾ, ਬਲਜਿੰਦਰ ਸਿੰਘ ਅਤੇ ਸਰਵਣ ਸਿੰਘ ਆਦਿ ਹਾਜ਼ਰ ਸਨ।

## ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਜੰਤਰ ਮੰਤਰ ਧਰਨੇ 'ਚ ਕੀਤੀ ਸ਼ਮੂਲੀਅਤ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ (ਪੀ ਪੀ ਪੀ ਐੱਫ) ਪੰਜਾਬ ਵੱਲੋਂ ਜੰਤਰ ਮੰਤਰ ਦਿੱਲੀ ਵਿਖੇ ਐੱਨ ਪੀ ਐੱਸ ਮੁਲਾਜ਼ਮਾਂ ਦੀ ਪ੍ਰਮੁੱਖ ਮੰਗ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਰੋਸ ਧਰਨੇ ਵਿੱਚ ਹਿਮਾਇਤੀ ਸ਼ਮੂਲੀਅਤ ਕੀਤੀ ਗਈ। ਨੈਸ਼ਨਲ ਮਿਸ਼ਨ ਫਾਰ ਓਲਡ ਪੈਨਸ਼ਨ ਸਕੀਮ (ਐੱਨ ਐੱਮ ਓ ਪੀ ਐੱਸ) ਦੀ ਅਗਵਾਈ ਵਿੱਚ ਲੱਗੇ ਇਸ ਧਰਨੇ ਵਿੱਚ ਪੰਜਾਬ ਤੋਂ ਇਲਾਵਾ ਉਤਰਖੰਡ, ਉੱਤਰ ਪ੍ਰਦੇਸ਼, ਹਿਮਾਚਲ, ਹਰਿਆਣਾ, ਗੁਜਰਾਤ, ਬਿਹਾਰ ਅਤੇ ਦਿੱਲੀ ਸਮੇਤ ਹੋਰ ਰਾਜਾਂ ਦੇ ਮੁਲਾਜ਼ਮਾਂ ਨੇ ਵੀ ਵੱਡੇ ਇਕੱਠ ਦੇ ਰੂਪ ਵਿੱਚ ਹਿੱਸਾ ਲਿਆ।

ਆਗੂਆਂ ਨੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਐੱਨ ਪੀ ਐੱਸ ਮੁਲਾਜ਼ਮਾਂ ਦੇ ਦੇਸ਼ ਪੱਧਰੀ ਸੰਘਰਸ਼ਾਂ ਅਤੇ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਵਿਸ਼ਾਲ ਸਾਂਝੇ ਘੋਲਾਂ ਦੀ ਉਸਾਰੀ ਲਈ ਸਿਰਤੋੜ ਯਤਨ ਵਿੱਢੇ ਜਾਣ ਦਾ ਸੰਕਲਪ ਦੁਹਰਾਇਆ।

## ਵਿਧਾਨ ਸਭਾ ਇਜਲਾਸ ਨੇ ਹੁਸ਼ਿਆਰਪੁਰ ਨੂੰ ਨਵਾਂ ਜ਼ਿਲ੍ਹਾ ਬਣਾਉਣ ਦੀਆਂ ਅਫਵਾਹਾਂ ਨੂੰ ਖਤਮ ਕੀਤਾ : ਡਾ. ਇਸ਼ਾਂਕ ਕੁਮਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਆਗੂ ਡਾ. ਇਸ਼ਾਂਕ ਕੁਮਾਰ ਨੇ ਇਲਾਕੇ ਦੇ ਵਸਨੀਕਾਂ, ਖਾਸ ਕਰਕੇ ਜ਼ਿਲ੍ਹੇ ਦੇ ਵਕੀਲ ਭਾਈਚਾਰੇ ਨੂੰ ਇਸ ਗੱਲ 'ਤੇ ਵਧਾਈ ਦਿੱਤੀ ਹੈ ਕਿ ਆਨੰਦਪੁਰ ਸਾਹਿਬ ਵਿੱਚ ਹੋਏ ਵਿਸ਼ੇਸ਼ ਵਿਧਾਨ ਸਭਾ ਇਜਲਾਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਵੰਡ ਕੇ ਨਵਾਂ ਜ਼ਿਲ੍ਹਾ ਬਣਾਉਣ ਦੀਆਂ ਅਫਵਾਹਾਂ ਨੂੰ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹੁਸ਼ਿਆਰਪੁਰ ਦੇ ਵਕੀਲ ਭਾਈਚਾਰੇ ਨੇ ਹਾਲ ਹੀ ਵਿੱਚ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸੰਪਰਕ ਕੀਤਾ ਅਤੇ ਬੇਨਤੀ ਕੀਤੀ ਕਿ ਉਹ ਅਤੇ ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਇਸ ਮਾਮਲੇ ਬਾਰੇ ਸਰਕਾਰ ਨਾਲ ਗੱਲ ਕਰਨ ਅਤੇ ਪ੍ਰਸਤਾਵ ਨੂੰ ਪਾਸ ਹੋਣ ਤੋਂ ਰੋਕਣ, ਤਾਂ ਉਨ੍ਹਾਂ ਨੇ ਆਪਣੇ ਖੇਤਰ ਵਾਸੀਆਂ ਨੂੰ ਆਪਣੇ ਪੂਰੇ ਸਮਰਥਨ ਦਾ ਭਰੋਸਾ ਦਿੱਤਾ ਸੀ ਅਤੇ ਮੁੱਖ ਮੰਤਰੀ ਭਗਵੰਤ



ਮਾਨ ਨੂੰ ਉਹਨਾਂ ਦੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ ਸੀ। ਉਨ੍ਹਾਂ ਕਿਹਾ, 'ਉਸ ਸਮੇਂ ਵੀ, ਮੈਂ ਕਿਹਾ ਸੀ ਕਿ ਸਰਕਾਰ ਵੱਲੋਂ ਅਜਿਹਾ ਕੋਈ ਪ੍ਰਸਤਾਵ ਮੇਰੇ ਗਿਆਨ ਵਿੱਚ ਨਹੀਂ ਹੈ। ਇਸ ਮੁੱਦੇ 'ਤੇ ਤੱਥਾਂ ਤੋਂ ਬਿਨਾਂ ਫੈਲਾਈ ਜਾ ਰਹੀਆਂ ਅਫਵਾਹਾਂ ਨੇ ਲੋਕਾਂ ਵਿੱਚ ਬੇਲੋੜੀ ਚਿੰਤਾ ਪੈਦਾ ਕੀਤੀ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਸਰਕਾਰ ਵੱਲੋਂ ਅਜਿਹਾ ਕੋਈ ਵੀ ਕਦਮ ਵਿਚਾਰ ਅਧੀਨ ਨਹੀਂ ਸੀ।'

26 Nov Page 12.qxd 11/25/2025 10:10 PM Page 1



# ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸ੍ਰੀ ਸੌਰਵ ਜਿੰਦਲ ਕਪਤਾਨ ਪੁਲਿਸ (ਜਾਂਚ), ਜ਼ਿਲ੍ਹਾ ਐਸ.ਏ.ਐਸ ਨਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਤਲਵਿੰਦਰ ਸਿੰਘ, ਕਪਤਾਨ ਪੁਲਿਸ (ਆਪਰੇਸ਼ਨ), ਰਾਜਨ ਪਰਮਿੰਦਰ ਸਿੰਘ ਉਪ ਕਪਤਾਨ ਪੁਲਿਸ (ਜਾਂਚ) ਦੀ ਨਿਗਰਾਨੀ ਹੇਠ ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਦੀ ਟੀਮ ਵੱਲੋਂ 1 ਦੋਸ਼ੀ ਨੂੰ ਗ੍ਰਿਫਤਾਰ ਕਰਕੇ 45 ਗ੍ਰਾਮ ਹੈਰੋਇਨ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੌਰਵ ਜਿੰਦਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 20-11-2025 ਨੂੰ ਸੀ.ਆਈ.ਏ ਸਟਾਫ ਮੋਹਾਲੀ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਹੀਕਲਾ ਦੇ ਸਬੰਧ ਵਿੱਚ ਗਸ਼ਤ ਪਰ ਨੇੜੇ ਅਰਬਨ ਵਾਟਿਕਾ, ਬੱਸ ਸਟੈਂਡ ਜ਼ੀਰਕਪੁਰ ਮੌਜੂਦ ਸੀ ਤਾਂ ਦੌਰਾਨੇ ਗਸ਼ਤ ਇੱਕ ਗੱਡੀ ਨੰਬਰ ਪੀ ਬੀ 03 ਏ ਯੂ 8484 ਸਵਿਫਟ ਡਿਜਾਇਰ ਕਾਰ ਨੇੜੇ ਬੱਸ ਸਟੈਂਡ ਦੇ ਖੜੀ ਦਿਖਾਈ ਦਿੱਤੀ। ਗੱਡੀ ਦੀ ਪਿਛਲੀ ਨੰਬਰ ਪਲੇਟ ਮੈਲੀ ਹੋਈ ਸੀ, ਜਿਸ ਵਿੱਚ ਮੋਨਾ ਵਿਅਕਤੀ ਸਵਾਰ ਸੀ, ਜਿਸ ਨੂੰ ਸ਼ੱਕ ਦੀ ਬਿਨਾਹ ਤੇ ਚੈੱਕ ਕੀਤਾ ਗਿਆ, ਜੋ ਦੌਰਾਨੇ ਚੈਕਿੰਗ ਗੱਡੀ ਦੇ ਗੇਅਰ ਬਾਕਸ ਕੋਲੋ ਇੱਕ ਚਿੱਟੇ ਰੰਗ ਦਾ ਵੱਡਾ ਲਿਫਾਫਾ ਮਿਲਿਆ, ਜਿਸ ਵਿੱਚੋਂ ਇੱਕ ਡਿਜੀਟਲ ਕੰਡਾ, ਇੱਕ ਪਲਾਸਟਿਕ ਲਿਫਾਫੇ ਵਿੱਚ ਮੋਮੀ ਲਿਫਾਫੇ ਦੇ ਟੁਕੜੇ ਅਤੇ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਵਿੱਚੋਂ 45 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਜੋ ਦੋਸ਼ੀ ਅਜੇ ਕੁਮਾਰ ਉਰਫ ਬਿੱਟਾ ਵਿਰੁੱਧ ਸੀ.ਆਈ.ਏ ਸਟਾਫ ਦੇ ਐੱਸ ਆਈ ਹਰਭਜਨ ਸਿੰਘ ਵੱਲੋਂ ਮੁਕੱਦਮਾ ਥਾਣਾ ਜ਼ੀਰਕਪੁਰ ਦਰਜ ਰਜਿਸਟਰ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ। ਜੋ ਦੋਸ਼ੀ ਅਜੇ ਕੁਮਾਰ ਨੇ ਦੱਸਿਆ ਕਿ ਉਹ ਹੈਰੋਇਨ ਦਾ ਧੰਦਾ ਕਰ ਰਿਹਾ ਹੈ, ਜੋ ਦੋਸ਼ੀ ਉਕਤ ਬ੍ਰਾਮਦ ਹੈਰੋਇਨ ਥਾਣਾ ਜ਼ੀਰਕਪੁਰ ਦੇ ਏਰੀਆ ਵਿੱਚ ਆਪਣੇ ਗ੍ਰਾਹਕਾ ਨੂੰ ਹੈਰੋਇਨ ਸਪਲਾਈ ਕਰਨ ਲਈ ਅੰਮ੍ਰਿਤਸਰ ਤੋਂ ਲੈ ਕੇ ਆਇਆ ਸੀ। ਦੋਸ਼ੀ ਦਾ ਨਾਮ ਅਜੇ ਕੁਮਾਰ ਉਰਫ ਬਿੱਟਾ ਪੁੱਤਰ ਰਮੇਸ਼ ਕੁਮਾਰ ਵਾਸੀ ਫਲੈਟ ਨੰਬਰ 150ਏ, ਪਹਿਲੀ ਮੰਜ਼ਿਲ ਪਿੰਕ ਸਿਟੀ, ਪੀਰ ਮੁਛੱਲਾ ਜ਼ੀਰਕਪੁਰ ਹਾਲ ਵਾਸੀ ਕਿਰਾਏਦਾਰ ਮਕਾਨ ਨੰ: 201ਬੀ, ਦੂਜੀ ਮੰਜਲ ਅਰਬਨ ਵਾਟਿਕਾ ਜੀਰਕਪੁਰ ਥਾਣਾ ਜ਼ੀਰਕਪੁਰ, ਜ਼ਿਲ੍ਹਾ ਐਸ.ਏ.ਐਸ ਨਗਰ ਉਮਰ ਕਰੀਬ 55 ਸਾਲ, ਜੋ ਸ਼ਾਦੀ ਸ਼ੁਦਾ ਹੈ।

# ਜਿੰਪਾ ਨੇ ਸਪੋਰਟਸ ਪਾਰਕ ਦੇ ਨਿਰਮਾਣ ਦਾ ਕੀਤਾ ਸ਼ੁੱਭ ਆਰੰਭ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਬਿਲਾਸਪੁਰ ਪਿੰਡ ਵਿੱਚ 33 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੇ ਇੱਕ ਆਧੁਨਿਕ ਸਪੋਰਟਸ ਪਾਰਕ ਦੇ ਨਿਰਮਾਣ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ ਅਤੇ ਇਸ ਸਬੰਧ ਵਿੱਚ, ਹੁਸ਼ਿਆਰਪੁਰ ਹਲਕੇ ਦੇ 30 ਪਿੰਡਾਂ ਵਿੱਚ ਇਸ ਤਰ੍ਹਾਂ ਦੀਆਂ ਲੋੜਾਂ ਤੇ ਆਧੁਨਿਕ ਖੇਡ ਸਟੇਡੀਅਮ ਵਿਕਸਤ ਕੀਤੇ ਜਾਣਗੇ, ਤਾਂ ਜੋ ਪੇਂਡੂ ਖੇਤਰਾਂ ਦੇ ਪ੍ਰਤਿਭਾਸ਼ਾਲੀ ਖਿਡਾਰੀ ਬਿਹਤਰ ਸਹੂਲਤਾਂ ਨਾਲ ਆਪਣਾ ਭਵਿੱਖ ਬਣਾ ਸਕਣ।ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਪਿੰਡ ਪੱਧਰ ਤੇ ਖੇਡ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬਿਲਾਸਪੁਰ ਵਿੱਚ ਇਹ ਸਪੋਰਟਸ ਪਾਰਕ ਨਾ ਸਿਰਫ ਨੌਜਵਾਨਾਂ ਦੇ ਸਰੀਰਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਬਲਕਿ ਨਸ਼ਾ ਵਿਰੋਧੀ ਮੁਹਿੰਮ ਨੂੰ ਵੀ ਮਜ਼ਬੂਤ ਕਰੇਗਾ, ਕਿਉਂਕਿ ਖੇਡ ਮੈਦਾਨਾਂ ਵਿੱਚ ਵਾਧਾ ਨੌਜਵਾਨਾਂ ਦਾ ਧਿਆਨ ਸਕਾਰਾਤਮਕ ਗਤੀਵਿਧੀਆਂ ਵੱਲ ਖਿੱਚਦਾ ਹੈ। ਗ੍ਰਾਮ ਪੰਚਾਇਤ ਬਿਲਾਸਪੁਰ ਦਾ ਧੰਨਵਾਦ ਕਰਦਿਆਂ ਵਿਧਾਇਕ ਨੇ ਕਿਹਾ ਕਿ ਅਜਿਹੇ ਪ੍ਰੋਜੈਕਟ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਇਲਾਕੇ ਦੇ ਵਿਕਾਸ ਪ੍ਰੋਜੈਕਟਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਾਰੇ ਕੰਮ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰੇ ਕੀਤੇ ਜਾਣਗੇ।



ਵਿਧਾਇਕ ਜਿੰਪਾ ਨੇ ਹਾਜ਼ਰ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਲਾਕੇ ਦੇ ਸਰਵਪੱਖੀ ਵਿਕਾਸ ਲਈ ਉਨ੍ਹਾਂ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ ਅਤੇ ਨੌਜਵਾਨਾਂ ਲਈ ਖੇਡ ਸਹੂਲਤਾਂ ਦਾ ਵਿਸਥਾਰ ਕਰਨਾ ਉਨ੍ਹਾਂ ਦੀ ਤਰਜੀਹ ਹੈ। ਇਸ ਮੌਕੇ ਪਿੰਡ ਬਿਲਾਸਪੁਰ ਦੇ ਸਰਪੰਚ ਸੁਰਜੀਤ ਪਾਲ ਸਿੰਘ, ਨੰਗਲ ਸ਼ਹੀਦਾਂ ਦੇ ਸਰਪੰਚ, ਬਸੀ ਅਲੀ ਖਾਨ ਦੇ ਸਰਪੰਚ ਪਵਨ ਕੁਮਾਰ, ਗ੍ਰਾਮ ਪੰਚਾਇਤ ਬਿਲਾਸਪੁਰ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਸਾਰਿਆਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ ਅਤੇ ਪਿੰਡ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ।

# ਐੱਨ ਆਰ ਆਈ ਦੀਆਂ 2 ਬੰਦ ਕੋਠੀਆਂ 'ਚ ਚੋਰੀ



**ਅਲਾਵਲਪੁਰ (ਮਦਨ ਬੰਗੜ)**- ਚੋਰਾਂ ਵੱਲੋਂ ਕਸਬਾ ਅਲਾਵਲਪੁਰ ਵਿਖੇ ਐਨਆਰਆਈਆਂ ਦੀਆਂ ਦੋ ਕੋਠੀਆਂ ਦੇ ਤਾਲੇ ਤੋੜ ਕੇ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਮਹਲਾ ਭੰਡਾਰੀਆਂ ਵਿੱਚ ਐੱਨ ਆਰ ਆਈ ਸੰਦੀਪ ਸਿੰਘ ਸੰਨੀ ਪੁੱਤਰ ਗੁਰਚਰਨ ਸਿੰਘ ਮਹਲਾ ਭੰਡਾਰੀਆਂ ਜਿਸ ਦੀ ਕੋਠੀ ਦੇ ਪਿਛ ਕਮਰਿਆਂ ਦੇ ਤਾਲੇ ਤੋੜ ਕੇ ਚੋਰਾਂ ਵੱਲੋਂ ਇੱਕ ਸਿਲੰਡਰ ਚੋਰੀ ਕੀਤਾ ਗਿਆ ਤੇ ਬਾਕੀ ਚੋਰੀ ਦੇ ਸਮਾਨ ਸਬੰਧੀ ਹਜੇ ਪੁਸ਼ਟੀ ਨਹੀਂ ਹੋ ਸਕੀ। ਇਸ ਤਰ੍ਹਾਂ ਹੀ ਨਾਲ ਲੱਗਦੀ ਇੱਕ ਕੋਠੀ ਗਗਨਦੀਪ ਸਿੰਘ ਪੁੱਤਰ ਨੀਲ ਕੰਠ ਮਹਲਾ ਮੱਠਾਂ ਭੰਡਾਰੀਆਂ ਦੇ ਕਈ ਕਮਰਿਆਂ ਦੇ ਤਾਲੇ ਤੋੜ ਕੇ ਘਰ ਵਿੱਚ ਫਰੋਲਾ ਫਰਾਲੀ ਕੀਤੀ ਗਈ। ਇਸ ਕੋਠੀ ਦਾ ਮਾਲਕ ਇੱਕ ਦਿਨ ਪਹਿਲਾਂ ਹੀ ਵਿਦੇਸ਼ ਗਿਆ ਸੀ ਕਿ ਦੂਸਰੇ ਦਿਨ ਹੀ ਉਸਦੀ ਕੋਠੀ ਵਿੱਚ ਚੋਰਾਂ ਵੱਲੋਂ ਧਾਵਾ ਬੋਲਦਿਆਂ ਪੰਜ ਕਮਰਿਆਂ ਦੇ ਤਾਲੇ ਤੋੜ ਦਿੱਤੇ। ਇਸ ਕੋਠੀ ਵਿੱਚ ਵੀ ਹੋਏ ਨੁਕਸਾਨ ਸਬੰਧੀ ਜਾਣਕਾਰੀ ਨਹੀਂ ਪ੍ਰਾਪਤ ਹੋ ਸਕੀ। ਇਹਨਾਂ ਦੋਵਾਂ ਕੋਠੀਆਂ ਵਿੱਚ ਤਾਲੇ ਟੁੱਟਣ ਸਬੰਧੀ ਜਾਣਕਾਰੀ ਦਿੰਦਿਆਂ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਹਨਾਂ ਦੋਵਾਂ ਕੋਠੀਆਂ ਦੇ ਤਾਲੇ ਟੁੱਟਣ ਸਬੰਧੀ ਸਥਾਨਕ ਪੁਲਸ ਚੌਂਕੀ ਨੂੰ ਸੂਚਨਾ ਦੇ ਦਿੱਤੀ ਗਈ ਹੈ।

# ਜਗਮੰਦਰ ਸਿੰਘ ਬਣੇਗਾ ਵਿਦਿਆਰਥੀ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦਾ ਸਪੀਕਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਵੱਲੋਂ 26 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਇੱਕ ਦਿਨ ਲਈ ਸਪੈਸ਼ਲ ਵਿਦਿਆਰਥੀ ਸੈਸ਼ਨ ਬੁਲਾਇਆ ਗਿਆ ਹੈ। ਇਹ ਸੈਸ਼ਨ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਸਰਕਾਰੀ ਸਕੂਲਾਂ ਵਿੱਚੋਂ ਚੁਣ ਕੇ ਆਏ ਵਿਦਿਆਰਥੀ ਚਲਾਉਣਗੇ, ਜਿਨ੍ਹਾਂ ਵਿੱਚ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਵਿਦਿਆਰਥੀ ਜਗਮੰਦਰ ਸਿੰਘ ਵਿਧਾਨ ਸਭਾ ਹਲਕਾ ਕੋਟਕਪੂਰਾ ਦੀ ਇੱਕ ਦਿਨ ਲਈ ਨੁਮਾਇੰਦਗੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਵਜੋਂ ਕਰੇਗਾ। ਇਸ ਸਬੰਧੀ ਜਗਮੰਦਰ ਸਿੰਘ ਨੇ ਕਿਹਾ ਕਿ ਸੈਸ਼ਨ ਵਿੱਚ ਵਿਧਾਨ ਸਭਾ ਸਪੀਕਰ, ਮੁੱਖ ਮੰਤਰੀ ਅਤੇ ਵਿਧਾਇਕਾਂ ਦੀ ਭੂਮਿਕਾ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਨਿਭਾਉਣਗੇ ਜਿਸ ਨਾਲ ਵਿਦਿਆਰਥੀਆਂ ਨੂੰ ਵਿਧਾਨ ਸਭਾ ਦੀ ਪ੍ਰਕਿਰਿਆ ਬਾਰੇ ਬਹੁਤ ਕੁਝ ਸਿੱਖਣ ਦਾ ਮੌਕਾ ਵੀ ਮਿਲੇਗਾ।



# ਗੁਰੂ ਨਾਨਕ ਦੇਵ ਪਬਲਿਕ ਸਕੂਲ ਦੇ ਵਿਦਿਆਰਥੀਆਂ ਵਿੱਦਿਅਕ ਟੂਰ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਥਾਨਕ ਕਸਬਾ ਕਾਲਾ ਸੰਘਿਆਂ ਦੇ ਗੁਰੂ ਨਾਨਕ ਦੇਵ ਪਬਲਿਕ ਸਕੂਲ ਦੇ ਪ੍ਰਿੰਸੀਪਲ



ਮੈਡਮ ਨੀਲਮ ਸ਼ਰਮਾ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਸਬੰਧ ਵਿੱਚ ਸਕੂਲ ਦੇ ਬੱਚਿਆਂ ਨੂੰ ਗੁਰਦੁਆਰਾ ਟਾਵੀਂ ਸਾਹਿਬ ਪਾਤਸ਼ਾਹੀ ਛੇਵੀਂ ਕਾਲਾ ਸੰਘਿਆਂ ਦੇ ਗੁਰੂ ਘਰ ਦੇ ਦਰਸ਼ਨ ਕਰਵਾਏ ਗਏ। ਸਕੂਲ ਪ੍ਰਿੰਸੀਪਲ ਨੀਲਮ ਸ਼ਰਮਾ ਨੇ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਸਬੰਧ ਵਿੱਚ ਜਾਗਰੂਕ ਕੀਤਾ ਤੇ ਆਪਣੇ ਰਹਿਬਰਾਂ ਤੇ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਬੰਧੀ ਕਵਿਤਾ ਦਾ ਵੀ ਗਾਇਨ ਕੀਤਾ ਗਿਆ ਇਸ ਮੌਕੇ ਸਮੂਹ ਸਕੂਲ ਸਟਾਫ਼ ਤੇ ਬੱਚੇ ਹਾਜ਼ਰ ਸਨ। ਇਸ ਮੌਕੇ ਸਕੂਲ ਪ੍ਰਿੰਸੀਪਲ ਨੀਲਮ ਸ਼ਰਮਾ ਤੋਂ ਇਲਾਵਾ ਮੈਡਮ ਕੁਲਦੀਪ ਕੌਰ, ਸਰਿਤਾ ਸ਼ਰਮਾ, ਸੁਨੀਤਾ ਰਾਣੀ, ਵੀਨਾ ਰਾਣੀ, ਸੀਮਾ ਰਾਣੀ, ਜੋਤੀ ਸ਼ਰਮਾ, ਦਲਜੀਤ ਕੌਰ, ਗੁਰਮੀਤ ਸਿੰਘ, ਅਮਰਜੀਤ ਕੌਰ, ਰੁਕਸਰ, ਰਾਜਵਿੰਦਰ ਕੌਰ ਤੋਂ ਇਲਾਵਾ ਹੋਰ ਸਮੂਹ ਸਕੂਲ ਸਟਾਫ਼ ਤੇ ਸਕੂਲ ਦੇ ਬੱਚੇ ਹਾਜ਼ਰ ਸਨ।

# ਚਮਕੌਰ ਸਾਹਿਬ ਤੋਂ ਨਗਰ ਕੀਰਤਨ ਅਰਦਾਸ ਉਪਰੰਤ ਦਿੱਲੀ ਲਈ ਰਵਾਨਾ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਹਿਯੋਗ ਨਾਲ ਗੁਰਦੁਆਰਾ ਗੁਰਸਾਗਰ ਸਾਹਿਬ ਸੁਖਨਾ ਝੀਲ ਚੰਡੀਗੜ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋਇਆ ਸੀ, ਦੇ ਚਮਕੌਰ ਸਾਹਿਬ ਪਹੁੰਚਣ ਤੇ ਸਿੱਖ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਖਾਲਸਾਈ ਜੈਕਰਿਆ ਦੀ ਗੂੰਜ 'ਚ ਅਗਲੇ ਪੜਾਅ ਦਿੱਲੀ ਲਈ ਰਵਾਨਾ ਕੀਤਾ ਗਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਇਹ ਨਗਰ ਕੀਰਤਨ ਦੀ ਸਮੁੱਚੀ ਦੇਖ ਰੇਖ ਸੰਤ ਬਾਬਾ ਪ੍ਰਿਤਪਾਲ ਸਿੰਘ ਅਤੇ ਭਾਈ ਤਜੇਸ਼ਵਰ ਪ੍ਰਤਾਪ ਸਿੰਘ ਦੀ ਪ੍ਰੇਰਨਾ ਸਦਕਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨਾ, ਕਰਤਾਰ ਆਸਰਾ ਟਰੱਸਟ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁੱਖ ਅਰਦਾਸ ਕਰਨ ਉਪਰੰਤ ਸ਼ੁਰੂ ਹੋਇਆ। ਇਹ ਨਗਰ ਕੀਰਤਨ ਇਸ ਤੋਂ ਪਹਿਲਾਂ ਤਖਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਚਮਕੌਰ ਸਾਹਿਬ ਤੋਂ ਚੰਡੀਗੜ੍ਹ ਗੁਰਦੁਆਰਾ ਗੁਰਸਾਗਰ ਸਾਹਿਬ ਅਤੇ ਇਸ ਤੋਂ ਅੱਗੇ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਪਹੁੰਚੇਗਾ। ਉਨ੍ਹਾਂ ਦੱਸਿਆ ਕਿ ਇਹ ਨਗਰ ਕੀਰਤਨ ਚੰਡੀਗੜ੍ਹ, ਹਰਿਆਣਾ ਸੂਬੇ ਦੇ ਵੱਖ ਵੱਖ ਪਿੰਡਾਂ ਸ਼ਹਿਰਾਂ ਤੋਂ ਹੁੰਦਾ ਹੋਇਆ 26 ਨਵੰਬਰ ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਪੁੱਜ ਕੇ ਸਮਾਪਤ ਹੋਵੇਗਾ। ਇਸੇ ਦੌਰਾਨ 27 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਰਾਤ ਦੇ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਮਾਤਾ ਚਰਨਕਮਲ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਅਮਰਬੀਰ ਸਿੰਘ ਅਤੇ ਭਾਜਪਾ ਆਗੂ ਜਗਮੋਹਨ ਸਿੰਘ ਰਾਜੂ ਆਦਿ ਹਾਜ਼ਰ ਸਨ।



# ਖ਼ੂਨਦਾਨ ਕੈਂਪ ਭਲਕੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵਲੋਂ ਵਿਸ਼ਵਾਸ਼ ਫਾਊਡੇਸ਼ਨ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਵਸ ਨੂੰ ਮੁੱਖ ਰੱਖਦੇ ਹੋਏ 27 ਨਵੰਬਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਵੈ-ਇਛੱਕ ਖ਼ੂਨਦਾਨ ਕੈਂਪ ਦਾ ਅਯੋਜਿਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵੱਲੋਂ ਅਪੀਲ ਕੀਤੀ ਗਈ ਕਿ ਨੌਂਵੀਂ ਪਾਤਸ਼ਾਹੀ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ ਵਿੱਚ ਸ਼ਮੂਲੀਅਤ ਕੀਤੀ ਜਾਵੇ। ਖ਼ੂਨਦਾਨ ਸੇਵਾ ਮਾਨਵਤਾ ਦੀ ਭਲਾਈ ਲਈ ਬਹੁਤ ਵੱਡਾ ਮਹਾਂਦਾਨ ਅਤੇ ਉਤਮ ਦਾਨ ਹੈ, ਜਿਸ ਨਾਲ ਬਹੁਤ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਲੋੜਵੰਦਾਂ ਦੀ ਚੰਗਾ ਜੀਵਨ ਬਤੀਤ ਕਰਨ ਲਈ ਮੱਦਦ ਕੀਤੀ ਜਾ ਸਕਦੀ ਹੈ।

# ਕੁਸ਼ਤੀ ਮੁਕਾਬਲੇ 'ਚ ਪਹਿਲਵਾਨਾਂ ਨੂੰ ਗੁਰਸਹਿਜ ਰੰਧਾਵਾ ਨੇ ਕੀਤਾ ਸਨਮਾਨਤ

**ਲਾਲੜੂ (ਵਿਨੈ ਕੁਮਾਰ ਜੈਨ)**- ਐਤਵਾਰ ਨੂੰ ਹਲਕਾ ਡੇਰਾਬੱਸੀ ਦੇ ਪਿੰਡ ਸਾਰੰਗਪੁਰ ਵਿਖੇ ਕਰਵਾਏ ਗਏ 11ਵੇਂ ਕੁਸ਼ਤੀ ਦੰਗਲ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਸਪੁੱਤਰ ਗੁਰਸਹਿਜ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਸਮਾਰੋਹ ਵਿੱਚ ਸੈਂਕੜੇ ਕੁਸ਼ਤੀ ਪ੍ਰੇਮੀਆਂ ਨੇ ਭਾਗ ਲਿਆ ਅਤੇ ਖੇਤਰ ਵਿੱਚ ਰਵਾਇਤੀ ਖੇਡ ਨੂੰ ਉਤਸ਼ਾਹਿਤ ਕਰਨ ਲਈ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਗੁਰਸਹਿਜ ਰੰਧਾਵਾ ਨੇ ਪਹਿਲਵਾਨਾਂ ਲਈ ਨਾ ਸਿਰਫ਼ ਆਪਣਾ ਸਮਰਥਨ ਪ੍ਰਗਟਾਇਆ ਸਗੋਂ ਉਨ੍ਹਾਂ ਦੇ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ 21 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ। ਇਸ ਮੌਕੇ ਗੁਰਸਹਿਜ ਰੰਧਾਵਾ ਨੇ ਦੇਸ਼ ਵਿੱਚ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਇਸ ਨੂੰ ਸੰਭਾਲਣ ਦੀ ਮਹੱਤਤਾ ਤੇ ਜ਼ੋਰ ਦਿੱਤਾ।



# ਫੁਗਲਾਣਾ ਦੀ ਨੁਹਾਰ ਬਦਲਣ ਲਈ 1.70 ਕਰੋੜ ਖਰਚ ਕੀਤੇ ਜਾ ਰਹੇ : ਵਿਧਾਇਕ

**ਹੁਸ਼ਿਆਰਪੁਰ/ਚੱਬੇਵਾਲ, (ਬਲਵੀਰ ਸਿੰਘ ਸੈਣੀ)**- ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ । ਇਸੀ ਤਰਜ਼ ਉੱਪਰ ਹਲਕੇ ਦੇ ਅਹਿਮ ਪਿੰਡ ਫੁਗਲਾਣਾ ਦੀ ਨੁਹਾਰ ਬਦਲਣ ਲਈ ਵੀ 1 ਕਰੋੜ 70 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ, ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਪ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਕੀਤਾ ਗਿਆ । ਉਹਨਾਂ ਨੇ ਦੱਸਿਆ ਕਿ ਫੁਗਲਾਣਾ ਨੂੰ 25.75 ਲੱਖ ਰੁਪਏ ਖੇਡ ਮੈਦਾਨ ਲਈ ਅਤੇ 13 ਲੱਖ ਰੁਪਏ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਤੋਂ ਇਲਾਵਾ ਫੁਗਲਾਣਾ ਨਾਲ ਜੁੜੀਆਂ ਦੀਆਂ ਤਿੰਨ ਵੱਡੀਆਂ ਸੜਕਾਂ ਲਈ 1 ਕਰੋੜ 36 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਹੁਸ਼ਿਆਰਪੁਰ-ਫਗਵਾੜਾ ਰੋਡ ਤੋਂ ਮੋਨਾ ਕਲਾਂ ਤੋਂ ਫੁਗਲਾਣਾ ਰੋਡ ਦੇ ਨਿਰਮਾਣ ਕਾਰਜ ਉੱਪਰ 44 ਲੱਖ ਰੁਪਏ ਖਰਚੇ ਜਾਣਗੇ । ਹੁਸ਼ਿਆਰਪੁਰ-ਫਗਵਾੜਾ ਰੋਡ ਤੋਂ ਫੁਗਲਾਣਾ ਤੋਂ ਪੰਡੋਰੀ ਕੱਦ ਰੋਡ ਨੂੰ 50 ਲੱਖ ਰੁਪਏ ਦੇ ਖਰਚ ਨਾਲ ਕੰਕਰੀਟ ਦਾ ਬਣਾਇਆ ਜਾਵੇਗਾ ਤਾਂ ਜੋ ਇਹ ਜ਼ਿਆਦਾ ਸਮਾਂ ਕੱਢੇ ਅਤੇ ਇਸ ਤੋਂ ਇਲਾਵਾ ਫੁਗਲਾਣਾ ਫੈਕਟਰੀ ਰੋਡ ਦੇ ਨਿਰਮਾਣ ਲਈ ਵੀ 42 ਲੱਖ ਰੁਪਏ ਦੀ ਗ੍ਰਾਂਟ ਵੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ, ਇੱਕ ਪਾਸੇ ਜਿੱਥੇ ਰਾਹਗੀਰਾਂ ਦੇ ਸਮੇਂ ਦੀ ਬੱਚਤ ਹੋਵੇਗੀ ਉੱਥੇ ਹੀ ਲੋਕ ਹਾਦਸਿਆਂ ਤੋਂ ਵੀ ਬਚਣਗੇ।



# ਸ੍ਰੀ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ, ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸਾਕੇ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਮੂਨਕ ਖੁਰਦ ਤੋਂ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਬੜੀ ਸ਼ਰਧਾਪੂਰਵਕ ਤੇ ਉਤਸ਼ਾਹ ਨਾਲ ਸਜਾਇਆ ਗਿਆ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਵਿਖੇ ਸਵੇਰੇ 10 ਵਜੇ 2 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਗਿਆਨੀ ਸੁਖਵਿੰਦਰ ਸਿੰਘ ਮੂਨਕ ਨੇ ਕੀਤੀ ਤੇ ਖੁੱਲ੍ਹੇ ਪੰਡਾਲ ਸਜਾਏ ਗਏ।ਜਿਸ ਵਿੱਚ ਜਥੇਦਾਰ ਮਲਕੀਤ ਸਿੰਘ ਮੂਨਕਾਂ ਵਾਲੇ, ਭਾਈ ਹਰਦੀਪ ਸਿੰਘ, ਭਾਈ ਕਰਨੈਲ ਸਿੰਘ, ਬੀਬੀ ਮਨਮੀਤ ਕੌਰ, ਬੀਬੀ ਰਜਮੀਤ ਕੌਰ ਤੇ ਬੱਚਿਆਂ ਦੇ ਜੱਥੇ ਨੇ ਹਾਜ਼ਰ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕੀਤਾ।ਇਸ ਮੌਕੇ ਦੁਪਹਿਰ 1 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਸਜਾਏ ਗਏ।ਇਸ ਮਹਾਨ ਨਗਰ ਕੀਰਤਨ ਦਾ ਪਿੰਡ ਵਾਸੀਆਂ ਵੱਲੋਂ ਭਰਵਾਂ ਸਵਾਗਤ ਤੇ ਸਨਮਾਨ ਕਰਦਿਆਂ ਥਾਂ-ਥਾਂ ਵੱਖ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ।ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ ਵੀ ਇਸ ਮਹਾਨ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ।ਇਹ ਨਗਰ ਕੀਰਤਨ ਪਿੰਡ ਦੇ ਵੱਖ ਵੱਖ-ਵੱਖ ਚੌਂਕਾਂ ਵਿੱਚ ਦੀ ਹੁੰਦਾ ਹੋਇਆ ਨਗਰ ਦੀ ਪਰਕਰਮਾ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ।ਇਸ ਮੌਕੇ ਪ੍ਰਬੰਧਕ ਨੰਬਰਦਾਰ ਦਰਬਾਰਾ ਸਿੰਘ ਨੇ ਸਮੂਹ ਪ੍ਰਬੰਧਕਾਂ ਵੱਲੋਂ ਸਾਰੀ ਸੰਗਤ ਦਾ ਧੰਨਵਾਦ ਕਰਦਿਆਂ ਸੇਵਾਦਾਰਾਂ ਦਾ ਸਿਰੋਪਾਓ ਭੇਟ ਕਰਕੇ ਸਤਿਕਾਰ ਕੀਤਾ।ਇਸ ਮੌਕੇ ਨੰਬਰਦਾਰ ਦਰਬਾਰਾ ਸਿੰਘ, ਪ੍ਰਧਾਨ ਉਂਕਾਰ ਸਿੰਘ, ਜਥੇਦਾਰ ਮਲਕੀਤ ਸਿੰਘ, ਹਰਦੀਪ ਸਿੰਘ ਸੋਡੀ, ਜਤਿੰਦਰ ਸਿੰਘ ਹੈਪੀ, ਸੁਖਵਿੰਦਰ ਸਿੰਘ ਮੂਨਕ, ਸਾਬਕਾ ਸਰਪੰਚ ਕੁਲਵਿੰਦਰ ਕੌਰ, ਅਮਰਜੀਤ ਸਿੰਘ, ਪ੍ਰਿਤਪਾਲ ਸਿੰਘ, ਅਰਵਿੰਦਰ ਸਿੰਘ ਲਾਡੀ, ਸਰਪੰਚ ਮਨਪ੍ਰੀਤ ਕੌਰ, ਸਾਬਕਾ ਸਰਪੰਚ ਤੀਰਥ ਸਿੰਘ ਮੂਨਕ, ਮੀਤ ਪ੍ਰਧਾਨ ਮਿਸਤਰੀ ਅਮਰਜੀਤ ਸਿੰਘ, ਕੈਸ਼ੀਅਰ ਪਰਮਜੀਤ ਸਿੰਘ ਪੰਮੀ,ਪੰਚ ਕੁਲਵਿੰਦਰ ਕੌਰ ਮੂਨਕ, ਪੰਚ ਰਾਜਵਿੰਦਰ ਕੌਰ, ਪੰਚ ਸਵਰਨ ਕੌਰ, ਪੰਚ ਹਰਪ੍ਰੀਤ ਸਿੰਘ,ਪੰਚ ਤਜਿੰਦਰ ਸਿੰਘ ਲਾਡੀ, ਕਮਲਜੀਤ ਸਿੰਘ, ਕਪੂਰ ਸਿੰਘ,ਰਵਿੰਦਰ ਸਿੰਘ ਮੋਮੀ, ਪਰਗਨ ਸਿੰਘ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ, ਬੀਬੀ ਸੁਖਵਿੰਦਰ ਕੌਰ, ਜਸਵਿੰਦਰ ਸਿੰਘ ਜੱਸੀ, ਜੇ ਈ ਜਰਨੈਲ ਸਿੰਘ ਗੋਮਰਾ, ਮਾਸਟਰ ਚਮਨ ਸਿੰਘ, ਥਾਣੇਦਾਰ ਸੁਖਵਿੰਦਰ ਸਿੰਘ, ਸੂਬੇਦਾਰ ਗੁਰਨਾਮ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਸੁਰਜੀਤ ਸਿੰਘ, ਭਜਨ ਸਿੰਘ, ਗੁਰਵਿੰਦਰ ਸਿੰਘ, ਗੁਰਦੀਪ ਸਿੰਘ ਦੀਪਾ ਪ੍ਰਧਾਨ, ਸੁਖਵਿੰਦਰ ਸਿੰਘ ਬਾਗ਼ੀ, ਜਸ਼ਨਪ੍ਰੀਤ ਸਿੰਘ, ਗੁਰਦੇਵ ਸਿੰਘ ਸੋਡੀ, ਗੁਰਦੀਪ ਸਿੰਘ ਸੋਨੂੰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਸ਼ਹੀਦੀ ਦਿਨ ਸ਼ਰਧਾ ਨਾਲ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਭੋਗਪੁਰ ਦੇ ਵਿਦਿਆਰਥੀਆਂ ਨੇ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਡੂੰਘੇ ਸਤਿਕਾਰ ਅਤੇ ਸ਼ਰਧਾ ਨਾਲ ਯਾਦ ਕੀਤਾ। ਉਨ੍ਹਾਂ ਦੇ ਸ਼ਹੀਦੀ ਅਤੇ ਸਿੱਖਿਆਵਾਂ ਦਾ ਸਨਮਾਨ ਕਰਨ ਲਈ ਇੱਕ ਵਿਸ਼ੇਸ਼ ਸਵੇਰ ਦੀ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ ਸੀ। ਜਦੋਂ ਸਾਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਇਕੱਠੇ ਹੋਏ ਤਾਂ ਮਾਹੌਲ ਸ਼ਾਂਤੀਪੂਰਨ ਅਤੇ ਭਗਤੀ ਭਾਵ ਨਾਲ ਭਰਪੂਰ ਸੀ। ਪ੍ਰਾਰਥਨਾ ਸਭਾ ਦੇ ਦੌਰਾਨ, ਕਲਾਸ ਪੰਜਵੀਂ ਦੇ ਵਿਦਿਆਰਥੀਆਂ ਨੇ ਇੱਕ ਭਾਵਪੂਰਨ ਸ਼ਬਦ ਪੇਸ਼ ਕੀਤਾ, ਜਿਸ ਨੇ ਇਸ ਮੌਕੇ ਨੂੰ ਹੋਰ ਵੀ ਖ਼ੂਬਸੂਰਤ ਅਤੇ ਪਵਿੱਤਰ ਬਣਾ ਦਿੱਤਾ। ਸਕੂਲ ਦੇ ਹੈੱਡ ਅਮਰੀਕ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਬਲਿਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ।

# ਅੱਜ ਬਿਜਲੀ ਬੰਦ ਰਹੇਗੀ

**ਫਿਲੌਰ (ਨਿਰਮਲ)**- ਸਮੂਹ ਖਪਤਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 26.11.2025 ਦਿਨ ਬੁੱਧਵਾਰ ਨੂੰ 132 ਕੇ. ਵੀ.ਸਬ ਸਟੇਸ਼ਨ ਫਿਲੌਰ ਦੇ ਪਾਵਰ ਟਰਾਂਸਫਾਰਮਰ (ਟੀ ਸੀ) ਅਤੇ ਸੰਬੰਧਤ ਯੰਤਰਾਂ ਦੀ ਜਰੂਰੀ ਮੁਰੰਮਤ ਕਰਨ ਲਈ ਇਸ ਉੱਪਰ ਚਲਦੇ 11ਕੇ.ਵੀ. ਇੰਡਸਟਰੀ ਫੀਡਰ ਕੈਟੇਗਰੀ- 1.ਪੀ.ਟੀ.ਸੀ.ਫੀਡਰ ਕੈਟੇਗਰੀ-1, ਬੈਕਟਰਫੂਡ ਫੀਡਰ ਕੈਟੇਗਰੀ-4,ਤੇਹਿੰਗ ਏ ਪੀ,ਫਿਲੌਰ ਬੇਟ ਏ ਪੀ ਭੱਟੀਆਂ ਏ ਪੀ,ਰਸੂਲਪੁਰ ਏ ਪੀ ਆਦਿ ਦੀ ਬਿਜਲੀ ਸਪਲਾਈ ਸਮਾਂ ਸਵੇਰੇ 9.00 ਤੋਂ 16.00 ਵਜੇ ਤੱਕ ਬੰਦ ਰਹੇਗੀ।ਇਸ ਤਰਾਂ ਅਟਵਾਲ ਹਾਊਸ ਕਲੋਨੀ,ਨੂਰ ਮਹਿਲ ਰੋਡ,ਅਕਲਪੁਰ ਰੋਡ,ਇੰਦਰਾ ਕਲੋਨੀ,ਤਲਵਨ ਰੋਡ,ਪਿੰਡ ਨੰਗਲ,ਗੜ੍ਹਾ ਰੋਡ,ਮੁਹੱਲਾ ਚੌਧਰੀਆਂ, ਅਚਾਨ ਚੌਂਕ ਰੋਡ, ਮਿੱਠਾ ਖੂਹ, ਉੱਚੀ ਘਾਟੀ,ਪੁਲਿਸ ਟਰੇਨਿੰਗ ਸੈਂਟਰ,ਚੌੜਾ ਖੂਹ,ਪਾਠਸ਼ਾਲਾ ਮੰਦਰ ਦੀ ਬਿਜਲੀ ਸਪਲਾਈ ਬੰਦ ਰਹੇਗੀ।

# ਲੋੜਵੰਦ ਵਿਅਕਤੀਆਂ ਨੂੰ ਦਿੱਤੇ ਦੰਦਾਂ ਦੇ ਡੈਂਚਰ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦੰਦਾਂ ਦੇ ਡੈਂਚਰ ਵੰਡੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਡੇਰਾ ਬਿਸ਼ਨਪੁਰੀ ਨੰਗਲ ਖੁਰਦ ਵਿਖੇ ਹਰ ਸ਼ਨੀਵਾਰ ਨੂੰ ਸ਼ਾਮੀ 3 ਤੋਂ 5 ਵਜੇ ਤੱਕ ਡਾਕਟਰ ਵਰੁਣ ਸਹੋਤਾ ਅਤੇ ਡਾਕਟਰ ਪਰਮਿੰਦਰ ਕੌਰ ਵਿਸ਼ੇਸ਼ ਤੌਰ ਤੇ ਪਹੁੰਚਦੇ ਹਨ। ਇਸ ਮੌਕੇ ਮਰੀਜ਼ਾਂ ਦੀਆ ਦੰਦਾਂ, ਸਕਿਨ ਅਤੇ ਹੋਰ ਬਿਮਾਰੀਆਂ ਦਾ ਚੈੱਕ ਕਰਕੇ ਮੁਫਤ ਦਵਾਈ ਦਿਤੀ ਜਾਂਦੀ ਹੈ।

# ਹਲਕਾ ਆਦਮਪੁਰ 'ਚ ਕੱਚੇ ਮਕਾਨਾਂ ਨੂੰ ਪੱਕਾ ਕਰਨ ਲਈ 4 ਕਰੋੜ ਤੋਂ ਵੱਧ ਰਕਮ ਦੇ ਮਨਜ਼ੂਰੀ ਪੱਤਰ ਵੰਡੇ : ਟੀਨੂੰ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਕੱਚੇ ਮਕਾਨਾਂ ਵਿੱਚ ਰਹਿੰਦੇ ਲੋਕਾਂ ਨੂੰ ਪੱਕੀ ਰਿਹਾਇਸ਼ ਮੁਹੱਈਆ ਕਰਵਾਉਣ ਲਈ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਵੱਲੋਂ ਕਸਬਾ ਅਲਾਵਲਪੁਰ (ਜ਼ਿਲ੍ਹਾ ਜਲੰਧਰ) ਦੇ 86 ਲਾਭਪਾਤਰੀਆਂ ਨੂੰ 1 ਕਰੋੜ 15 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਐਸ ਡੀ ਐਮ ਦਫ਼ਤਰ ਆਦਮਪੁਰ ਵਿਖੇ ਵੰਡੇ ਗਏ।ਟੀਨੂੰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਹ ਆਦਮਪੁਰ ਦੇ ਲਾਭਪਾਤਰੀਆਂ ਨੂੰ ਲਗਭਗ 3 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਮਕਸਦ ਹਰ ਲੋੜਵੰਦ ਪਰਿਵਾਰ ਨੂੰ ਪੱਕੀ ਛੱਤ ਪ੍ਰਦਾਨ ਕਰਨਾ ਹੈ। ਪਵਨ ਕੁਮਾਰ ਟੀਨੂੰ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਮੌਜੂਦ ਅਧਿਕਾਰੀਆਂ ਨੂੰ ਉਨ੍ਹਾਂ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਤੇ ਸੁਖਵੀਰ ਕੁਮਾਰ ਹਲਕਾ ਕੋਆਰਡੀਨੇਟਰ ਐਸ.ਸੀ. ਵਿੰਗ, ਪਰਮਜੀਤ ਰਾਜਵੰਸ ਚੇਅਰਮੈਨ, ਦਲਜੀਤ ਸਿੰਘ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ, ਰਚਨਾ ਕੌਂਸਲਰ, ਜੋਗਿੰਦਰ ਪਾਲ ਸ਼ਹਿਰੀ ਪ੍ਰਧਾਨ, ਰਾਕੇਸ਼ ਅਗਰਵਾਲ, ਅਮਨਦੀਪ ਮਾਹੀ, ਅਮਰੀਕਾ ਸਿੰਘ, ਵਿਨੋਦ ਕੁਮਾਰ, ਸੂਰਜ ਕੁਮਾਰ, ਦਲਵੀਰ ਸਿੰਘ, ਪੰਕਜ਼ ਸ਼ਰਮਾ, ਜਸਪ੍ਰੀਤ ਸਿੰਘ ਸਰਪੰਚ, ਅਕਾਸ਼ਦੀਪ ਆਸ਼ੂ, ਪਵਿੱਤਰ ਸਿੰਘ, ਹਨੀ ਭੱਟੀ, ਨੰਬੜਦਾਰ ਰਾਕੇਸ਼ ਕਪੂਰ, ਦਵਿੰਦਰ ਸਿੰਘ ਸੂਰੀ, ਪਰਮਜੀਤ ਪੱਪੀ, ਨਰਿੰਦਰ ਚੋਡਾ, ਰਾਜਵੀਰ ਕੌਰ, ਮਨਦੀਪ ਸਿੰਘ,ਨਵੀਨ ਰਾਣਾ ਪ੍ਰਸ਼ਾਂਤ, ਇਕਬਾਲ ਮੁਹੰਮਦ, ਆਦਿ ਹੋਰ ਵੀ ਬਹੁਤ ਸਾਰੇ ਆਪ ਦੇ ਸੀਨੀਅਰ ਆਗੂ ਸ਼ਾਮਲ ਸਨ।



# ਮੇਹਰ ਚੰਦ ਪੋਲੀਟੈਕਨਿਕ ਵਿਖੇ ਸ਼ਹੀਦੀ ਦਿਵਸ ਮਨਾਇਆ




**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਦੇ ਮੌਕੇ ਭਵਿਆ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸੈਂਕੜੇ ਵਿਦਿਆਰਥੀ ਅਤੇ ਸਟਾਫ਼ ਮੈਂਬਰ ਹਾਰ ਹੋਏ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ, ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ, ਕੀਰਤਨ ਸਰਵਣ ਕੀਤਾ ਗਿਆ ਅਤੇ ਉਪਰੰਤ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਪੰਗਤ ਵਿੱਚ ਬੈਠ ਕੇ ਲੰਗਰ ਛੱਕਿਆ। ਐਚ ਐਮ ਵੀ ਕਾਲਜ ਤੋਂ ਆਏ ਪ੍ਰੋ. ਪ੍ਰੇਮ ਸਾਗਰ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਤੇ ਲਾਮਿਸਾਲ ਕੁਰਬਾਨੀ ਨੂੰ ਦਰਸਾਉਂਦਿਆਂ ਸ਼ਬਦਾਂ ਨੂੰ ਗਾ ਕੇ ਸੰਗਤ ਨੂੰ ਤਿਆਗ ਅਤੇ ਸੇਵਾ ਭਾਵ ਨਾਲ ਭਰਪੂਰ ਕਰ ਦਿੱਤਾ। ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਅੱਜ ਉਸ ਮਹਾਨ ਅਤੇ ਲਾਸਾਨੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ, ਜਿਸ ਦੀ ਮਿਸਾਲ ਕਿਸੇ ਵੀ ਧਰਮ ਜਾਂ ਇਤਿਹਾਸ ਵਿੱਚ ਨਹੀਂ ਮਿਲਦੀ। ਸਾਨੂੰ ਚਾਹੀਦਾ ਹੈ ਕਿ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਪਾਏ ਸੱਚ ਦੇ ਪੂਰਨਿਆਂ ਅਤੇ ਸੇਵਾ ਦੇ ਰਾਹ 'ਤੇ ਚੱਲੀਏ।

# ਸਾਬਕਾ ਕਾਂਗਰਸੀ ਕੌਂਸਲਰ ਰਾਜ ਸਿੰਘ ਨੰਗਲ ਨੂੰ ਸਦਮਾ, ਛੋਟੇ ਭਰਾ ਦਾ ਦਿਹਾਂਤ

**ਨੰਗਲ (ਸੁਰਜੀਤ ਢੇਰ)**- ਸਾਬਕਾ ਕਾਂਗਰਸੀ ਕੌਂਸਲਰ ਰਾਜ ਸਿੰਘ ਨੰਗਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਛੋਟੇ ਭਰਾ ਤਰਨਜੀਤ ਸਿੰਘ ਪੱਪੂ 63ਦਾ ਸੰਖੇਪ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਉਹਨਾਂ ਦਾ ਨੰਗਲ ਡੈਮ ਸ਼ਮਸ਼ਾਨ ਘਾਟ ਵਿਖੇ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਸਮੁੱਚੇ ਪਰਿਵਾਰ ਨਾਲ ਵੱਖ -ਵੱਖ ਆਗੂਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਜਿਨਾਂ ਵਿੱਚ ਨਗਰ ਕੌਂਸਲ ਅਤੇ ਬਲਾਕ ਕਾਂਗਰਸ ਕਮੇਟੀ ਨੰਗਲ ਦੇ ਪ੍ਰਧਾਨ ਸੰਜੇ ਸਾਹਨੀ,ਕਾਂਗਰਸੀ ਕੌਂਸਲਰਾਂ ਦੇ ਬੁਲਾਰੇ ਐਡਵੋਕੇਟ ਪਰਮਜੀਤ ਸਿੰਘ ਪੰਮਾ, ਨਗਰ ਸੁਧਾਰ ਟਰਸਟ ਨੰਗਲ ਦੇ ਸਾਬਕਾ ਚੇਅਰਮੈਨ ਰਾਕੇਸ਼ ਨਈਅਰ, ਖੇਡ ਪ੍ਰਮੋਟਰ ਅਤੇ ਨਾਮਵਰ ਵਪਾਰੀ ਅਰੁਣ ਨਈਅਰ, ਸਾਬਕਾ ਕੌਂਸਲਰ ਡਾਕਟਰ ਰਵਿੰਦਰ ਦੀਵਾਨ, ਰਾਜੇਸ਼ ਚੌਧਰੀ ਭਾਜਪਾ ਕੌਂਸਲਰ, ਸਾਬਕਾ ਪ੍ਰਤਾਪ ਸੈਣੀ, ਸੀ ਪੀ ਆਈ ਐਮ ਹਿਮਾਚਲ ਪ੍ਰਦੇਸ਼ ਦੇ ਸੂਬਾ ਕਮੇਟੀ ਮੈਂਬਰ ਵਿਜੇ ਸ਼ਰਮਾ, ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਪ੍ਰਿੰਸੀਪਲ ਕੁਲਵੰਤ ਪਾਠਕ, ਪ੍ਰਿੰਸੀਪਲ ਰਾਜੀਵ ਮੇਜਰ, ਪ੍ਰਿੰਸੀਪਲ ਦੇਵ ਰਾਜ ਧਾਮੀ, ਸੁਖਦੇਵ ਸਿੰਘ ਨੰਗਲ, ਐਡਵੋਕੇਟ ਪਰਮਜੀਤ ਸਿੰਘ ਪੰਮਾ,ਟਿੱਕਾ ਜਸਵੀਰ ਚੰਦ ਭਲਾਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।



# ਸ਼ਹੀਦੀ ਦਿਵਸ ਨੂੰ ਸਮਰਪਿਤ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਐਨ ਐਸ ਐਸ/ ਈ ਸੀ ਓ / ਕਲੱਬ/ ਰੈਡ ਰੀਬਨ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਵਾਂ ਸਾਲਾਂ ਸ਼ਹੀਦੀ ਦਿਵਸ ਸਬੰਧੀ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਜੇਤੂ ਰਹੀਆਂ ਵਿਦਿਆਰਥਣਾ ਵਿੱਚ ਅਮਨਦੀਪ ਕੌਰ ਨੇ ਪਹਿਲਾ ਸਥਾਨ, ਰਾਜਵੀਰ ਕੌਰ ਨੇ ਦੂਜਾ ਸਥਾਨ ਤੇ ਰਾਜਵਿੰਦਰ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਜੇਤੂ ਵਿਦਿਆਰਥਣਾਂ ਨੂੰ ਕਾਲਜ ਵੱਲੋਂ ਟਰਾਫ਼ੀ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਬਲਜਿੰਦਰ ਕੌਰ, ਰਜਿੰਦਰ ਕੌਰ (ਕਾਲਜੀਏਟ ਪ੍ਰਿੰਸੀਪਲ) , ਸਮੂਹ ਸਟਾਫ ਮੈਂਬਰਜ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਐੱਲ ਪੀ ਯੂ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਤਿਭਾ ਤੇ ਜਨੂੰਨ ਦਾ ਕੀਤਾ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਾਲਾਨਾ ਓਪਨ ਇੰਟਰਾ-ਯੂਨੀਵਰਸਿਟੀ ਮੁਕਾਬਲੇ, ਮੈਗਨੀਟਿਊਡ 2025 ਵਿੱਚ ਸਟ੍ਰੀਟ ਸਟਾਈਲ ਦੀ ਜੀਵੰਤ ਊਰਜਾ ਸਪੱਸ਼ਟ ਸੀ। ਇਸ ਸਾਲ ਦੀ ਥੀਮ, 'ਸਟ੍ਰੀਟ ਸਟਾਈਲ ਬੇਸ' ਨੇ ਕੈਂਪਸ ਨੂੰ ਸ਼ਹਿਰੀ ਰਚਨਾਤਮਕਤਾ ਅਤੇ ਉਭਾਰਦੀ ਹੋਈ ਪ੍ਰਤਿਭਾ ਦਾ ਜਸ਼ਨ ਮਨਾਉਣ ਵਾਲੇ ਇੱਕ ਗਤੀਸ਼ੀਲ ਓਪਨ ਸੱਭਿਆਚਾਰਕ ਤਿਉਹਾਰ ਵਿੱਚ ਬਦਲ ਦਿੱਤਾ। ਇਸ ਪ੍ਰੋਗਰਾਮ ਵਿੱਚ ਸ਼ੁਰੂਆਤੀ ਯੋਗਤਾ ਦੌਰਾਂ ਵਿੱਚ 1,000 ਤੋਂ ਵੱਧ ਰਜਿਸਟ੍ਰੇਸ਼ਨਾਂ ਹੋਈਆਂ। ਇਸ ਸ਼ਾਨਦਾਰ ਪ੍ਰੋਗਰਾਮ ਵਿੱਚ ਪ੍ਰਸਿੱਧ ਅਦਾਕਾਰਾ ਅਤੇ ਐਲ ਪੀ ਯੂ ਦੀ ਸਾਬਕਾ ਵਿਦਿਆਰਥੀ ਸ਼ਹਿਨਾਜ਼ ਗਿੱਲ ਦੀ ਵਾਪਸੀ ਦੇਖਣ ਨੂੰ ਮਿਲੀ, ਜਿਨ੍ਹਾਂ ਨੇ ਮੈਗਨੀਟਿਊਡ 2025 ਦਾ ਉਦਘਾਟਨ ਕੀਤਾ। ਵਿਦਿਆਰਥੀਆਂ ਨੇ ਨੌਂ ਵੱਖ-ਵੱਖ ਸ਼੍ਰੇਣੀਆਂ ਵਿੱਚ ਮੁਕਾਬਲਾ ਕੀਤਾ, ਜਿਨ੍ਹਾਂ ਵਿੱਚ ਡਾਂਸ, ਸੰਗੀਤ, ਫੈਸ਼ਨ, ਪਰਿਧਾਨ (ਗਰੁੱਪ ਫੈਸ਼ਨ ਸ਼ੋਅ), ਬੁਰਸ਼ ਸਟ੍ਰੋਕ, ਮਹਿੰਦੀ, ਕਿਚਨ ਕਿੰਗ, ਈ-ਸਪੋਰਟਸ ਅਤੇ ਫਿਟਨੈਸ ਚੁਣੌਤੀਆਂ ਸ਼ਾਮਲ ਹਨ।ਗ੍ਰੈਂਡ ਫਿਨਾਲੇ 'ਤੇ ਬੋਲਦੇ ਹੋਏ, ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਐਲ ਪੀ ਯੂ ਹਰ ਸਾਲ ਅਜਿਹੇ ਵੱਡੇ ਪੱਧਰ 'ਤੇ ਸਮਾਗਮਾਂ ਦਾ ਆਯੋਜਨ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਪ੍ਰਤਿਭਾ, ਭਾਵੇਂ ਕਲਾ, ਵਿਗਿਆਨ, ਤਕਨਾਲੋਜੀ ਜਾਂ ਪ੍ਰਬੰਧਨ ਵਿੱਚ ਹੋਵੇ, ਨੂੰ ਮਾਨਤਾ ਮਿਲੇ।ਚੰਦਨ ਸਿੰਘ ਅਤੇ ਐਸ਼ਵਰਿਆ ਨੂੰ ਮਿਸਟਰ ਅਤੇ ਮਿਸ ਮੈਗਨੀਟਿਊਡ 2025 ਦਾ ਤਾਜ ਪਹਿਨਾਇਆ ਗਿਆ, ਜਦੋਂ ਕਿ ਕੁੱਲ ਚੈਂਪੀਅਨ ਦਾ ਖਿਤਾਬ ਟੀਮ ਜ਼ੈਨਿਥ ਨੂੰ ਦਿੱਤਾ ਗਿਆ। ਮਿਸਟਰ ਵੋਗ ਆਯੁਸ਼, ਮਿਸ ਵੋਗ ਨੂਹਾ, ਮਿਸਟਰ ਆਈਕੋਨਿਕ ਆਸ਼ੀਸ਼ ਗੋਸਵਾਮੀ, ਮਿਸ ਆਈਕੋਨਿਕ ਸੰਜਨਾ ਮਲਿਕ, ਮਿਸਟਰ ਕਰਿਸ਼ਮੈਟਿਕ ਸਾਹਿਲ, ਮਿਸ ਕਰਿਸ਼ਮੈਟਿਕ ਅਨੁਸ਼ਾ, ਮਿਸਟਰ ਸ਼ੋਅਸਟਾਪਰ ਹਰਸ਼ ਰਾਜ, ਅਤੇ ਮਿਸ ਸ਼ੋਅਸਟਾਪਰ ਚੇਤਨਾ ਨੂੰ ਤਾਜ ਪਹਿਨਾਇਆ ਗਿਆ।ਮੁਕਾਬਲੇ ਤੋਂ ਇਲਾਵਾ, ਮੈਗਨੀਟਿਊਡ ਇੱਕ ਹਫ਼ਤਾ ਚੱਲਣ ਵਾਲਾ ਸੱਭਿਆਚਾਰਕ ਅਤੇ ਰਚਨਾਤਮਕ ਕਾਰਨੀਵਲ ਹੈ ਜਿੱਥੇ ਵਿਦਿਆਰਥੀ ਕਲਾ, ਡਿਜ਼ਾਈਨ, ਪ੍ਰਦਰਸ਼ਨ ਅਤੇ ਰਸੋਈ ਹੁਨਰਾਂ ਰਾਹੀਂ ਸਹਿਯੋਗ, ਨਵੀਨਤਾ ਅਤੇ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ।




# ਖ਼ੂਨਦਾਨ ਕੈਂਪ ਲਗਾਇਆ



**ਨਕੋਦਰ (ਮਨਜੀਤ ਮਾਨ)**- ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਮਹਾਨ ਸ਼ਹੀਦਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਤੇ ਭਾਈ ਦਿਆਲਾ ਜੀ ਦੀ ਸਾਢੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਕੋਦਰ ਵਿਖੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਅਤੇ ਨੌਵੇਂ ਪਾਤਸ਼ਾਹ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰਨਾ ਸੀ, ਜਿਨ੍ਹਾਂ ਨੇ ਧਰਮ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ। ਇਸ ਮਹਾਨ ਕਾਰਜ ਦਾ ਆਰੰਭ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਸਭ ਤੋਂ ਪਹਿਲਾਂ ਖ਼ੂਨਦਾਨ ਕਰਕੇ ਕੀਤਾ ਗਿਆ। ਵਡਾਲਾ ਨੇ ਖੁਦ ਖ਼ੂਨਦਾਨ ਕਰਕੇ ਸੇਵਾ ਭਾਵਨਾ ਦੀ ਇੱਕ ਮਿਸਾਲ ਕਾਇਮ ਕੀਤੀ ਅਤੇ ਕੈਂਪ ਵਿੱਚ ਹਾਜ਼ਰ ਸਮੂਹ ਸੰਗਤ ਨੂੰ ਇਸ ਨੇਕ ਕਾਰਜ ਲਈ ਪ੍ਰੇਰਿਤ ਕੀਤਾ। ਖ਼ੂਨਦਾਨ ਕੈਂਪ ਨੂੰ ਸੰਗਤ ਵੱਲੋਂ ਬਹੁਤ ਭਰਵਾਂ ਹੁੰਗਾਰਾ ਮਿਲਿਆ। ਨਕੋਦਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਪੁਰਸ਼ ਅਤੇ ਇਸਤਰੀਆਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਖ਼ੂਨਦਾਨ ਕੀਤਾ। ਖ਼ੂਨਦਾਨ ਕੈਂਪ ਦੀ ਸਮਾਪਤੀ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕੀਤੀ ਗਈ ਅਤੇ ਸਮੂਹ ਸੇਵਾਦਾਰਾਂ ਤੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ ਗਿਆ।

# ਧੀਆਂ ਦਾ ਧੰਨ ਕਰਮਾਂ ਵਾਲਿਆਂ ਨੂੰ ਹੀ ਨਸੀਬ ਹੁੰਦੈ : ਜਸਵੀਰ ਸਿੰਘ ਗੜ੍ਹੀ

**ਬਲਾਚੌਰ (ਜਸਵਿੰਦਰ ਬੈਂਸ)**- ਕੁਦਰਤ ਵੱਲੋਂ ਰਚੇ ਗਏ ਸੰਸਾਰ ਅੰਦਰ ਧੀਆਂ ਦਾ ਧੰਨ ਕਰਮਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ। ਇਹ ਪ੍ਰਗਟਾਵਾ ਐਸ ਸੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋਂ ਪੱਤਰਕਾਰ ਸਮਰਦੀਪ ਸਿੰਘ ਦੇ ਗ੍ਰਹਿ ਪਿੰਡ ਰਾਮਨਗਰ ਨਜ਼ਦੀਕ ਬਲਾਚੌਰ ਵਿਖੇ ਉਨ੍ਹਾਂ ਦੀ ਨਿੱਕੀ ਬੱਚੀ ਸਪੁੱਤਰੀ ਅਸੀਸ਼ ਕੌਰ ਨੂੰ ਅਸ਼ੀਰਵਾਦ ਦਿੰਦਿਆਂ ਹੋਇਆਂ ਕੀਤਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਜਿੱਥੇ ਲੜਕੀਆਂ ਲੜਕਿਆਂ ਦੇ ਬਰਾਬਰ ਹਰ ਖੇਤਰ ਵਿੱਚ ਮੋਹਰੀ ਭੂਮਿਕਾਵਾਂ ਨਿਭਾਅ ਰਹੀਆਂ ਹਨ ਉੱਥੇ ਸਮੁੱਚੇ ਸਮਾਜ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਲੜਕੀਆਂ ਨੂੰ ਪੂਰਾ ਮਾਣ ਸਨਮਾਨ ਅਤੇ ਸਤਿਕਾਰ ਦੇਣ। ਉਨ੍ਹਾਂ ਨਿੱਕੀ ਬੱਚੀ ਅਸੀਸ਼ ਕੌਰ ਅਤੇ ਸਮੁੱਚੇ ਪਰਿਵਾਰ ਲਈ ਸ਼ੁਭਕਾਮਨਾਵਾਂ ਭੇਂਟ ਕੀਤੀਆਂ। ਇਸ ਮੌਕੇ ਇੰਸਪੈਕਟਰ ਪੀ ਆਰ ਟੀ ਸੀ ਯਸ਼ਪਾਲ, ਬੀਬੀ ਊਸ਼ਾ, ਅੰਮ੍ਰਿਤ ਕੌਰ ਆਦਿ ਵੀ ਹਾਜ਼ਰ ਸਨ।

